12ਵਾਂ ਸਾਲ

ਹਫਤਾਵਾਰੀ

# ਦੇਸ਼ ਦੁਆਬਾ

VOL - 12 ISSUE - 42

January 24, 2024

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ




26 ਜਨਵਰੀ 2024, ਭਾਰਤ ਦੇ ਗਣਤੰਤਰ ਦਿਵਸ ਦੀਆਂ ਅਦਾਰਾ 'ਦੇਸ਼ ਦੁਆਬਾ' ਵੱਲੋਂ ਲੱਖ-ਲੱਖ ਵਧਾਈਆਂ। ਵਿਸ਼ੇਸ਼ ਲੇਖ ਅੰਦਰ ਦੇਖੋ।



ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਸ੍ਰੀ ਜਗਨ ਮੋਹਨ ਰੈਡੀ ਵੱਲੋਂ ਡਾ. ਅੰਬੇਡਕਰ ਦੀ ਦੁਨੀਆਂ ਦੀ ਸਭ ਤੋਂ ਵੱਡੀ ਮੂਰਤੀ ਦਾ ਉਦਘਾਟਨ। (ਰਿਪੋਰਟ ਅੰਦਰ ਦੇਖੋ)

## ਰਾਮ ਮੰਦਰ ਦੇ ਕਿਵਾੜ ਆਮ ਲੋਕਾਂ ਲਈ ਖੁੱਲ੍ਹੇ, ਭਾਰੀ ਗਿਣਤੀ 'ਚ ਪਹੁੰਚੇ ਸ਼ਰਧਾਲੂ



(ਰਿਪੋਰਟ ਅਤੇ ਤਸਵੀਰਾਂ ਅੰਦਰ ਦੇਖੋ)

## ਬਿਹਾਰ ਦੇ ਸਾਬਕਾ ਮੁੱਖ ਮੰਤਰੀ ਕਰਪੂਰੀ ਠਾਕੁਰ ਨੂੰ ਮਰਨ ਉਪਰੰਤ ਭਾਰਤ ਰਤਨ

**ਪਟਨਾ (ਬਿਊਰੋ)**– ਬਿਹਾਰ ਦੇ ਸਾਬਕਾ ਮੁੱਖ ਮੰਤਰੀ ਕਰਪੂਰੀ ਠਾਕੁਰ ਨੂੰ ਭਾਰਤ ਰਤਨ ਦੇਣ ਦਾ ਫੈਸਲਾ ਕੀਤਾ ਗਿਆ ਹੈ। ਉਹ ਬਿਹਾਰ ਦੇ ਸਾਬਕਾ ਮੁੱਖ ਮੰਤਰੀ ਸਨ ਅਤੇ ਪਛੜੀਆਂ ਸ਼੍ਰੇਣੀਆਂ ਦੇ ਹਿੱਤਾਂ ਦੀ ਵਕਾਲਤ ਕਰਨ ਲਈ ਜਾਣੇ ਜਾਂਦੇ ਸਨ। ਕਰਪੂਰੀ ਠਾਕੁਰ ਇੱਕ ਵਾਰ ਬਿਹਾਰ ਦੇ ਉਪ ਮੁੱਖ ਮੰਤਰੀ, ਦੋ ਵਾਰ ਮੁੱਖ ਮੰਤਰੀ ਅਤੇ ਦਹਾਕਿਆਂ ਤੱਕ ਵਿਧਾਇਕ ਅਤੇ ਵਿਰੋਧੀ ਪਾਰਟੀ ਦੇ ਨੇਤਾ ਰਹੇ। 1952 ਵਿੱਚ ਪਹਿਲੀ ਵਿਧਾਨ ਸਭਾ ਚੋਣਾਂ ਜਿੱਤਣ ਤੋਂ ਬਾਅਦ ਉਹ ਕਦੇ ਵੀ ਬਿਹਾਰ ਵਿਧਾਨ ਸਭਾ ਚੋਣਾਂ ਨਹੀਂ ਹਾਰੇ।

ਸੋਮਵਾਰ ਨੂੰ ਹੀ ਜੇਡੀਯੂ ਨੇ ਕਰਪੂਰੀ ਠਾਕੁਰ ਨੂੰ ਭਾਰਤ ਰਤਨ ਦੇਣ ਦੀ ਮੰਗ ਕੀਤੀ ਸੀ। ਕੇਸੀ ਤਿਆਗੀ ਨੇ ਕਿਹਾ ਸੀ ਕਿ ਕਰਪੂਰੀ ਠਾਕੁਰ ਇੱਕ ਜਨਤਕ ਨੇਤਾ ਸਨ ਅਤੇ ਉਨ੍ਹਾਂ ਨੇ ਸਮਾਜ ਲਈ ਬਹੁਤ ਕੰਮ ਕੀਤਾ। ਤਿਆਗੀ ਨੇ ਕਿਹਾ ਸੀ ਕਿ ਇਸ ਤਰ੍ਹਾਂ ਕੋਈ ਵੀ ਜਨਤਕ ਨੇਤਾ ਨਹੀਂ ਬਣ ਜਾਂਦਾ। ਉਨ੍ਹਾਂ ਕਿਹਾ, "ਕਾਰਪੂਰੀ ਠਾਕੁਰ ਇਮਾਨਦਾਰੀ, ਸਾਦਗੀ ਅਤੇ ਉੱਚ ਰਾਜਨੀਤਿਕ ਕਦਰਾਂ-ਕੀਮਤਾਂ ਦੀ ਮਿਸਾਲੀ ਸ਼ਖ਼ਸੀਅਤ ਹਨ। ਉਨ੍ਹਾਂ ਦਾ ਸਾਰਾ ਜੀਵਨ ਸਮਾਜ ਦੇ ਆਖ਼ਰੀ ਮਨੁੱਖ ਨੂੰ ਵਿਕਾਸ ਦੀ ਮੁੱਖ ਧਾਰਾ ਨਾਲ ਜੋੜਨ ਦੀ ਚਿੰਤਾ ਵਿੱਚ ਬੀਤਿਆ।"




**ਕੇਂਦਰ ਸਰਕਾਰ ਕਰਪੂਰੀ ਠਾਕੁਰ ਤੋਂ ਪ੍ਰੇਰਣਾ ਲੈ ਕੇ ਲਗਾਤਾਰ ਕੰਮ ਕਰ ਰਹੀ ਹੈ: ਮੋਦੀ**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਨੂੰ ਜਨਨਾਇਕ ਕਰਪੂਰੀ ਠਾਕੁਰ ਨੂੰ ਉਨ੍ਹਾਂ ਦੀ 100ਵੀਂ ਜਯੰਤੀ 'ਤੇ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਅਗਵਾਈ 'ਚ ਕੇਂਦਰ ਸਰਕਾਰ ਕਰਪੂਰੀ ਠਾਕੁਰ ਤੋਂ ਪ੍ਰੇਰਨਾ ਲੈ ਕੇ ਲਗਾਤਾਰ ਕੰਮ ਕਰ ਰਹੀ ਹੈ, ਜੋ ਸਰਕਾਰ ਦੀਆਂ ਨੀਤੀਆਂ 'ਚ ਵੀ ਝਲਕਦਾ ਹੈ। ਦੇਸ਼ ਭਰ ਵਿੱਚ 'ਸਕਾਰਾਤਮਕ ਤਬਦੀਲੀ' ਵੀ ਲਿਆਂਦੀ ਹੈ। ਭਾਰਤ ਸਰਕਾਰ ਨੇ ਬਿਹਾਰ ਦੇ ਸਾਬਕਾ ਮੁੱਖ ਮੰਤਰੀ ਕਰਪੂਰੀ ਠਾਕੁਰ ਨੂੰ ਮਰਨ ਉਪਰੰਤ 'ਭਾਰਤ ਰਤਨ' ਨਾਲ ਸਨਮਾਨਿਤ ਕਰਨ ਦਾ ਫੈਸਲਾ ਕੀਤਾ ਹੈ। ਪ੍ਰਧਾਨ ਮੰਤਰੀ ਮੋਦੀ ਨੇ ਟਵਿੱਟਰ 'ਤੇ ਲਿਖਿਆ, "ਮੈਨੂੰ ਖੁਸ਼ੀ ਹੈ ਕਿ ਭਾਰਤ ਸਰਕਾਰ ਨੇ ਮਹਾਨ ਜਨਤਕ ਨੇਤਾ, ਸਮਾਜਿਕ ਨਿਆਂ ਦੇ ਪ੍ਰਤੀਕ, ਕਰਪੂਰੀ ਠਾਕੁਰ ਜੀ ਨੂੰ ਭਾਰਤ ਰਤਨ ਨਾਲ ਸਨਮਾਨਿਤ ਕਰਨ ਦਾ ਫੈਸਲਾ ਕੀਤਾ ਹੈ ਅਤੇ ਉਹ ਵੀ ਅਜਿਹੇ ਸਮੇਂ 'ਤੇ ਜਦੋਂ ਅਸੀਂ ਉਨ੍ਹਾਂ ਦੀ ਜਨਮ ਸ਼ਤਾਬਦੀ ਮਨਾ ਰਹੇ ਹਾਂ।"



ਕੈਲੀਫੋਰਨੀਆਂ ਦੀ ਸਟੇਟ ਅਸੈਂਬਲੀ ਵਿੱਚ ਡਾ. ਸਵੈਮਾਨ ਸਿੰਘ ਦਾ ਸਨਮਾਨ
(ਰਿਪੋਰਟ ਅਤੇ ਤਸਵੀਰਾਂ ਅੰਦਰ ਦੇਖੋ)

## ਭਾਰਤ ਵਿਚ ਲੋਕ ਸਭਾ ਚੋਣਾਂ 16 ਅਪ੍ਰੈਲ ਤੋਂ ਹੋਣਗੀਆਂ?

**ਨਵੀਂ ਦਿੱਲੀ (ਬਿਊਰੋ)** ਦਿੱਲੀ ਦੇ ਮੁੱਖ ਚੋਣ ਅਧਿਕਾਰੀ ਨੇ 16 ਅਪ੍ਰੈਲ ਨੂੰ ਹੋਣ ਵਾਲੀਆਂ ਲੋਕ ਸਭਾ ਚੋਣਾਂ ਨੂੰ ਲੈ ਕੇ ਰੌਲਾ-ਰੱਪਾ ਵਿਚਾਲੇ ਸਪੱਸ਼ਟੀਕਰਨ ਜਾਰੀ ਕੀਤਾ ਹੈ। ਇਸ ਤੋਂ ਪਹਿਲਾਂ, ਇੱਕ ਨੋਟੀਫਿਕੇਸ਼ਨ ਵਿੱਚ ਕਿਹਾ ਗਿਆ ਸੀ ਕਿ ਭਾਰਤ ਦੇ ਚੋਣ ਕਮਿਸ਼ਨ ਨੇ "ਅਸਥਾਈ ਤੌਰ 'ਤੇ 16 ਅਪ੍ਰੈਲ, 2024 ਨੂੰ ਚੋਣਾਂ ਦਾ ਦਿਨ ਦਿੱਤਾ ਸੀ। ਚੋਣ ਸੰਸਥਾ ਦੁਆਰਾ ਭਾਰਤੀ ਚੋਣ ਕਮਿਸ਼ਨ ਦੇ ਚੋਣ ਯੋਜਨਾਕਾਰ ਵਿੱਚ ਦਿੱਤੀ ਗਈ ਸਮਾਂ-ਸੀਮਾ ਦੀ ਪਾਲਣਾ/ਪਾਲਣਾ ਸਿਰਲੇਖ ਤਹਿਤ ਨੋਟੀਫਿਕੇਸ਼ਨ ਦਿੱਲੀ ਦੇ ਸਾਰੇ 11 ਜ਼ਿਲ੍ਹਾ ਚੋਣ



ਅਫਸਰਾਂ ਨੂੰ ਜਾਰੀ ਕੀਤਾ ਗਿਆ ਸੀ ਅਤੇ ਚੋਣ ਯੋਜਨਾਕਾਰ ਵਿੱਚ ਸ਼ੁਰੂਆਤੀ ਅਤੇ ਸਮਾਪਤੀ ਮਿਤੀਆਂ ਦੀ ਗਣਨਾ ਕਰਨ ਲਈ ਕਿਹਾ ਗਿਆ ਸੀ। ਥੋੜ੍ਹੀ ਦੇਰ ਬਾਅਦ, ਦਿੱਲੀ ਦੇ ਸੀਈਓ ਦੇ ਦਫਤਰ ਨੇ ਐਕਸ 'ਤੇ ਸ਼ੇਅਰ ਕੀਤਾ ਅਤੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਮਿਤੀ "ਸਿਰਫ ਹਵਾਲਾ" ਸੀ। "ਕੁਝ ਮੀਡੀਆ ਸਵਾਲ ਇਹ ਸਪੱਸ਼ਟ ਕਰਨ ਲਈ ਦਿੱਲੀ ਦੇ ਮੁੱਖ ਚੋਣ ਅਧਿਕਾਰੀ ਦੇ ਦਫ਼ਤਰ ਦੇ ਇੱਕ ਸਰਕੂਲਰ ਦਾ ਹਵਾਲਾ ਦੇ ਕੇ ਆ ਰਹੇ ਹਨ ਕਿ ਕੀ 16 ਅਪ੍ਰੈਲ, 2024 2024 ਦੀਆਂ ਲੋਕ ਸਭਾ ਚੋਣਾਂ ਲਈ ਅਸਥਾਈ ਚੋਣ ਦਿਨ ਹੈ।"

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

ਸੋਹੰ

# SRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

ਜਉ ਤੁਮ ਗਿਰਿਵਰ ਤਉ ਹਮ ਮੋਰਾ ॥ ਜਉ ਤੁਮ ਚੰਦ ਤਉ ਹਮ ਭਏ ਹੈਂ ਚਕੋਰਾ ॥1॥
ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਹਿ ॥ ਤੁਮ ਸਿਉ ਤੋਰਿ ਕਵਨ ਸਿਉ ਜੋਰਹਿ ॥1॥ਰਹਾਉ॥



Sri Guru Ravidass ji was born in 1377, in Kanshi, in India. Sri Guru Ravidass Ji was a great religious and social reformer. Guru Sahib dedicated his whole life for the welfare of the humanity. He preached social harmony and equality among all human beings. His BANI is enshrined in Sri Guru Granth Sahib.

**Sri Guru Ravidass Sabha CA, Pittsburg is celebrating the 647th Parkash Utsav of SATGURU RAVIDASS JI**

## on Sunday, February 25, 2024 at the Temple

**ARAMBH SHRI AKHAND PATH February 23, 2024 (Friday) 10:00 AM**
**PARBHAT PHERI - February 24, 2024 (Saturday) at 7:00 AM.**
**Nishan Sahib Hoisting Ceremony February 24, 2024 (Saturday) at 11:00 AM.**
**(Nishan Sahib Chola Sewa by SANGAT)**
**BHOG SHRI AKHAND PATH February 25, 2024 (Sunday) 10:00 AM,**
**KIRTAN DIWAN - After Bhog Ceremony until 2:00 PM**

Jatha of Giani Balwinder Singh ji, Dhadi Jatha and other Kirtankars will enhance the Kirtan Diwan.

***We need volunteers to help with this event. For STALLS or any SEWA***
***Please contact Vinod Kumar (President) 408- 718-2506, Ramesh Suman (Chairman) 925-366-3618 or Dilbag Singh (Secretary) at 209-834-4641. We need your help and support.***

**www.sriguruavidasstemple.com**

## Sangat Sewadars

| Chairman | President | General Secretary | Treasurer |
|---|---|---|---|
| Ramesh Suman | Vinod Kumar | Naresh Kumar | Sunita Singh |

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਨਵੀਂ ਕਮੇਟੀ ਦੀ ਚੋਣ


ਸ੍ਰੀ ਸ਼ਿੰਗਾਰਾ ਸਿੰਘ ਰੱਲੁ- ਪ੍ਰਧਾਨ


ਸ੍ਰੀ ਭੁਪਿੰਦਰ ਸਿੰਘ ਭੰਡਾਲ - ਵਾਈਸ ਪ੍ਰਧਾਨ


ਸ੍ਰੀ ਗੁਰਨਾਮ ਸਿੰਘ ਭੰਡਾਲ- ਚੇਅਰਮੈਨ


ਸ੍ਰੀ ਦਲਵਿੰਦਰ ਰੱਲੁ- ਵਾਈਸ ਚੇਅਰਮੈਨ


ਸ੍ਰੀ ਜਗਮੇਲ ਸਿੰਘ- ਜਨਰਲ ਸਕੱਤਰ


ਸ੍ਰੀ ਜਸਵਿੰਦਰ ਸਿੰਘ- ਵਾਈਸ ਜਨਰਲ ਸਕੱਤਰ


ਸ੍ਰੀ ਰਾਮ ਸੇਵਕ ਭਾਟੀਆ- ਕੈਸ਼ੀਅਰ


ਸ੍ਰੀ ਕ੍ਰਿਸ਼ਨ ਸਿੰਘ - ਵਾਈਸ ਕੈਸ਼ੀਅਰ


ਸ੍ਰੀ ਗੁਰਦੀਪ ਸਿੰਘ ਹੀਰਾ- ਸਟੇਜ ਸਕੱਤਰ


ਸ੍ਰੀ ਅਸ਼ੋਕ ਕੁਮਾਰ - ਮੀਡੀਆ ਪਰਸਨ

**ਯੂਬਾ ਸਿਟੀ-** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਨਵੀਂ ਪ੍ਰਬੰਧਕ ਕਮੇਟੀ ਦੀ ਚੋਣ ਬੀਤੀ 2 ਦਸੰਬਰ 2023 ਨੂੰ ਸਰਬ ਸੰਮਤੀ ਨਾਲ ਹੋਈ, ਜਿਸ ਵਿਚ ਹੇਠ ਲਿਖੇ ਅਹੁਦੇਦਾਰ ਚੁਣੇ ਗਏ।

1. ਸ੍ਰੀ ਸ਼ਿੰਗਾਰਾ ਸਿੰਘ ਰੱਲੁ- ਪ੍ਰਧਾਨ
2. ਸ੍ਰੀ ਭੁਪਿੰਦਰ ਸਿੰਘ ਭੰਡਾਲ - ਵਾਈਸ ਪ੍ਰਧਾਨ
3. ਸ੍ਰੀ ਗੁਰਨਾਮ ਸਿੰਘ ਭੰਡਾਲ- ਚੇਅਰਮੈਨ
4. ਸ੍ਰੀ ਦਲਵਿੰਦਰ ਰੱਲੁ- ਵਾਈਸ ਚੇਅਰਮੈਨ
5. ਸ੍ਰੀ ਜਗਮੇਲ ਸਿੰਘ- ਜਨਰਲ ਸਕੱਤਰ
6. ਸ੍ਰੀ ਜਸਵਿੰਦਰ ਸਿੰਘ- ਵਾਈਸ ਜਨਰਲ ਸਕੱਤਰ
7. ਸ੍ਰੀ ਰਾਮ ਸੇਵਕ ਭਾਟੀਆ- ਕੈਸ਼ੀਅਰ
8. ਸ੍ਰੀ ਕ੍ਰਿਸ਼ਨ ਸਿੰਘ - ਵਾਈਸ ਕੈਸ਼ੀਅਰ
9. ਸ੍ਰੀ ਗੁਰਦੀਪ ਸਿੰਘ ਹੀਰਾ- ਸਟੇਜ ਸਕੱਤਰ
10. ਸ੍ਰੀ ਅਸ਼ੋਕ ਕੁਮਾਰ - ਮੀਡੀਆ ਪਰਸਨ

SUNSHINE AUTO CARE INC.
WE REPAIR ALL MAKES & MODELS. AUTO, DIESEL TRUCK & TRAILERS
✓ DPF Filter Cleaning
✓ Clutch
✓ Transmission
✓ New/Used Tires
✓ Oil Changes
✓ Wheel Balancing
✓ Truck & Trailer Repair
✓ All Major & Minor Repairs
✓ We Do Aluminum Welding
✓ Computer Check
✓ Differential
✓ Inspections
✓ Van/Reefer Work
WE PROVIDE SHUTLE SERVICE FOR ALL CUSTOMERS
hablamos español
We Speak English, Spanish & Punjabi
We Provide Towing &
24/7 Mobile Road Services
For All Autos, Trucks & Trailers
Open Monday to Saturday
Com-Check
T-Check
EFS Check
ACCEPTED HERE
VISA MasterCard AMERICAN EXPRESS DISCOVER NETWORK


1003 Moffat Blvd, Manteca CA 95336
209-239-1551

# ਕੈਲੀਫੋਰਨੀਆਂ ਦੀ ਸਟੇਟ ਅਸੈਂਬਲੀ ਵਿੱਚ ਡਾ. ਸਵੈਮਾਨ ਸਿੰਘ ਦਾ ਸਨਮਾਨ





**ਸੈਕਰਾਮੈਂਟੋ (ਕੈਲੀਫੋਰਨੀਆਂ ) (ਗੁਰਿੰਦਰਜੀਤ ਸਿੰਘ ਨੀਟਾ ਮਾਛੀਕੇ / ਕੁਲਵੰਤ ਧਾਲੀਆਂ)–** ਕੁਝ ਲੋਕ ਆਪਣੇ ਲਈ ਜਿਉਂਦੇ ਨੇ, ਪਰ ਕੁਝ ਲੋਕ ਦੂਸਰਿਆਂ ਲਈ ਵੀ ਕੁਝ ਨਾ ਕੁਝ ਕਰਨਾ ਚਹੁੰਦੇ ਨੇ। ਐਸੀ ਹੀ ਮਨੁੱਖਤਾ ਨੂੰ ਪ੍ਰਣਾਈ ਸਖਸ਼ੀਅਤ ਡਾ. ਸਵੈਮਾਨ ਸਿੰਘ ਨੂੰ ਲਾਈਫ ਟਾਈਮ ਅਚੀਵਮੈਂਟ ਅਵਾਰਡ ਅਤੇ ਮਾਨਵਤਾ ਲਈ ਸ਼ਾਨਦਾਰ ਸੇਵਾਵਾਂ ਨਿਭਾਉਣ ਲਈ ਕੈਲੀਫੋਰਨੀਆ ਰਾਜ ਵਿਧਾਨ ਸਭਾ ਦਾ ਵੱਕਾਰੀ ਸਨਮਾਨ ਮਿਲਿਆ। ਐਵਾਰਡ ਲਈ ਮਤਾ ਡਾ: ਜਮੀਤ ਬੈਂਸ ਵੱਲੋਂ ਲਿਆਂਦਾ ਗਿਆ। ਡਾ: ਬੈਂਸ ਨੇ 5 ਰਿਵਰ ਸੰਸਥਾ ਵੱਲੋਂ ਵਿਸ਼ਵ ਭਰ ਦੇ ਨਾਲ-ਨਾਲ ਅਮ-ਰੀਕਾ ਵਿੱਚ ਵੀ ਕੀਤੇ ਜਾ ਰਹੇ ਮਹਾਨ ਕਾਰਜਾਂ ਦੀ ਸ਼ਲਾਘਾ ਕੀਤੀ।




ਡਾ. ਸਵੈਮਨ ਸਿੰਘ, ਰੋਚੈਸਟਰ, ਮਿਨੇਸੋਟਾ ਯੂਐਸਏ ਵਿਖੇ ਮੇਓ ਕਲੀਨਿਕ, ਵਿਸ਼ਵ ਦੇ ਨੰਬਰ ਇੱਕ ਹਸਪਤਾਲ ਵਿੱਚ ਹਾਰਟ ਟ੍ਰਾਂਸਪਲਾਂਟ ਅਤੇ ਐਡਵਾਂਸਡ ਹਾਰਟ ਫੇਲੀਅਰ ਦੇ ਖੇਤਰ ਵਿੱਚ ਇੱਕ ਬੋਰਡ-ਪ੍ਰਮ-ਾਣਿਤ ਕਾਰਡੀਓਲੋਜਿਸਟ ਅਤੇ ਕਲੀਨਿਕਲ ਇੰਸਟ੍ਰਕਟਰ ਦੇ ਤੌਰ ਤੇ ਕੰਮ ਕਰ ਰਹੇ ਹਨ। ਸਮਾਗਮ ਵਿੱਚ ਕੈਲੀਫੋਰਨੀਆ ਦੇ ਆਸ-ਪਾਸ ਦੀਆਂ ਕਈ ਮਹਾਨ ਸ਼ਖਸੀਅਤਾਂ ਨੇ ਸ਼ਿਰਕਤ ਕੀਤੀ। ਡਾ: ਸਿੰਘ ਦੇ ਸਮਰਥਨ ਵਿਚ ਆਈਆਂ ਸੰਸਥਾਵਾਂ ਵਿਚ ਇੰਡੋ-ਅਮਰੀਕਨ ਹੈਰੀਟੇਜ ਫੋਰਮ, ਗਦਰ ਹੈਰੀਟੇਜ ਫਾਊਂਡੇਸ਼ਨ ਕੈਲੀਫੋਰਨੀਆ, ਭਾਰਤੀ ਸੱਭਿਆਚਾਰਕ ਅਤੇ ਵਿਦਿਅਕ ਸੰਸਥਾਵਾਂ ਯੂਬਾ ਸਿਟੀ, ਵਰਲਡ ਸਿੱਖ ਫੈਡਰੇਸ਼ਨ, ਸਿੱਖ ਸੰਗਤ ਆਫ਼ ਰਿਵਰਸਾਈਡ, ਲਾਸ ਏਂਜਲਸ, ਸੈਨ ਫਰਾਂਸੀਕੋ, ਸੈਨ ਹੋਜੇ, ਬੇਕਰਸਫੀਲਡ, ਫਰਿਜ਼ਨੋ, ਫੇਅਰਫੀਲਡ, ਸਟੋਕਟਨ ਅਤੇ ਸੈਕਰੇਮੈਂਟੋ ਆਦਿ ਦੇ ਨਾਮ ਜਿਕਰਯੋਗ ਹਨ। ਪਿਛਲੇ ਲੰਮੇ ਸਮੇਂ ਤੋਂ ਡਾ. ਸਵੈਮਨ ਸਿੰਘ ਮਨੁੱਖੀ ਕਦਰਾਂ-ਕੀਮਤਾਂ ਪ੍ਰਤੀ ਆਪਣੀ ਵਚਨਬੱਧਤਾ ਅਨੁਸਾਰ ਲਗਾਤਾਰ ਕੰਮ ਕਰਦੇ ਆ ਰਹੇ ਨੇ, ਉਹ ਇੱਕ ਅਜਿਹੀ ਦੁਨੀਆ ਬਣਾਉਣ ਲਈ ਯਤਨਸ਼ੀਲ ਹੈ ਜਿੱਥੇ ਹਰ ਵਿਅਕਤੀ ਨੂੰ ਜ਼ਰੂਰੀ ਸਰੋਤਾਂ ਅਤੇ ਮੌਕਿਆਂ ਤੱਕ ਪਹੁੰਚਣ ਲਈ ਅੱਪਰਚਿਊਨਟੀ ਜ਼ਰੂਰ ਮਿਲੇ। ਇਹ ਸਨਮਾਨ ਉਹਨਾਂ ਦੀ ਸੰਸਥਾ ਅਤੇ ਇਸਦੀ ਸਮਰਪਿਤ ਟੀਮ ਲਈ ਆਪਣੇ ਪ੍ਰਭਾਵਸ਼ਾਲੀ ਕੰਮ ਨੂੰ ਜਾਰੀ ਰੱਖਣ ਅਤੇ ਮਨੁੱਖਤਾ ਦੀ ਸੇਵਾ ਵਿੱਚ ਹੋਰ ਉਚਾਈਆਂ ਤੱਕ ਪਹੁੰਚਣ ਲਈ ਇੱਕ ਪ੍ਰੇਰਣਾ ਵਜੋਂ ਕੰਮ ਕਰੇਗਾ ।

ਇਸ ਮੌਕੇ ਡਾ: ਸਿੰਘ ਨੇ ਕਿਸਾਨ ਅੰਦੋਲਨ ਦੌਰਾਨ ਜਾਨਾਂ ਗਵਾਉਣ ਵਾਲੇ 733 ਕਿਸਾਨਾਂ ਨੂੰ ਯਾਦ ਕੀਤਾ । ਉਸਨਾਂ ਨੇ ਦੁਨੀਆ ਭਰ ਦੇ ਬਹੁਤ ਸਾਰੇ ਨਾਗਰਿਕਾਂ ਦੇ ਯਤਨਾਂ ਨੂੰ ਵੀ ਉਜਾਗਰ ਕੀਤਾ ਜੋ ਕਿਸਾਨਾਂ ਅਤੇ ਮਜ਼-ਦੂਰਾਂ ਦੀ ਸਹਾਇਤਾ ਲਈ ਅੱਗੇ ਆਏ ਹਨ। ਡਾ: ਸਿੰਘ ਅਤੇ ਉਨ੍ਹਾਂ ਦੀ ਟੀਮ ਵੱਲੋ ਮੈਡੀਸਨ, ਵਾਤਾਵਰਨ ਅਤੇ ਸਿੱਖਿਆ ਦੇ ਖੇਤਰਾਂ ਵਿੱਚ ਹਾਲ ਹੀ ਵਿੱਚ ਪਾਏ ਯੋਗਦਾਨ ਲਈ ਉਹਨਾਂ ਦੀਆਂ ਸੇਵਾਵਾਂ ਨੂੰ ਵੀ ਸਲਾਹਿਆ ਗਿਆ।

SKY TRANSPORT SOLUTIONS
STRIVE FOR MORE
ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ

WE PROVIDE ALL TRUCKING RELATED PERMITS AND SERVICES
SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
121 E 11th St. Tracy, CA 95376

ਕੈਲੀਫੋਰਨੀਆ ਤੋਂ ਹੁਸਨ ਲੜੋਆ ਬੰਗਾ

# ਅਮਰੀਕਾ ਦੇ ਇਕ ਵਿਅਕਤੀ ਨੇ ਆਇਰਸ਼ ਵਿਸਕੀ ਦੀ ਇਕ ਬੋਤਲ 28 ਲੱਖ ਡਾਲਰ ਵਿਚ ਖਰੀਦੀ

**ਸੈਕਰਾਮੈਂਟੋ, ਕੈਲੀ-ਫੋਰਨੀਆ–** ਵਿਸਕੀ ਨੂੰ ਪਿਆਰ ਕਰਨ ਵਾਲੇ ਲੋਕ 50 ਜਾਂ 100 ਡਾਲਰ ਵਿਚ ਇਕ ਬੋਤਲ ਅਰਾਮ ਨਾਲ ਖਰੀਦ ਸਕਦੇ ਹਨ ਪਰੰਤੂ ਮਾਈਕ ਡਾਲੇ ਨਾਮੀ ਇਕ ਅਮਰੀਕੀ ਵਿਅਕਤੀ ਦੀ ਦਿਵਾਨਗੀ ਨੂੰ ਵੇਖ ਕੇ ਹਰ ਕੋਈ ਹੈਰਾਨ ਹੈ ਜਿਸ ਨੇ ਆਇਰਸ਼ ਕੰਪਨੀ ਦੀ ਸੁਪਰ ਪ੍ਰੀਮੀਅਮ ਸਪਿਰਟ ਦੀ ਇਕ ਬੋਤਲ ਨਿਲਾਮੀ ਦੌਰਾਨ 28 ਲੱਖ ਡਾਲਰ ਵਿਚ ਖਰੀਦੀ।



ਕਰਾਫਟ ਆਇਰਸ਼ ਵਿਸਕੀ ਕੰਪਨੀ ਨੇ ਕਿਹਾ ਹੈ ਕਿ ਇਹ ਟਰਿਪਲ ਡਿਸਟਿਲਡ ਆਇਰਸ਼ ਸਿੰਗਲ ਮਾਲਟ ਵਿਸਕੀ ਦੀ ਬੋਤਲ ਹੈ ਜਿਸ ਦੀ ਡਾਲੇ ਨੇ ਰਿਕਾਰਡ ਬੋਲੀ ਲਾਈ ਤੇ ਉਹ ਇਸ ਬੋਤਲ ਦਾ ਮਾਲਕ ਬਣ ਗਿਆ।

ਇਸ ਤੋਂ ਪਹਿਲਾਂ ਨਵੰਬਰ 2023 ਵਿਚ ਮੈਕੈਲਨ 1926 ਵਿਸਕੀ ਦੀ ਬੋਤਲ ਨਿਲਾਮੀ ਵਿਚ 27 ਲੱਖ ਡਾਲਰ ਵਿਚ ਵਿਕੀ ਸੀ।

# ਵਿਦਾਇਗੀ ਪਾਰਟੀ ਦੌਰਾਨ ਅਮਰੀਕਾ ਵਿਚਲੇ ਭਾਰਤੀ ਰਾਜਦੂਤ ਸੰਧੂ ਦੀਆਂ ਸੇਵਾਵਾਂ ਦੀ ਭਰਪੂਰ ਸ਼ਲਾਘਾ

**ਸੈਕਰਾਮੈਂਟੋ, ਕੈਲੀਫੋਰਨੀਆ–** ਅਮਰੀਕਾ ਸਥਿੱਤ ਭਾਰਤੀ ਰਾਜਦੂਤ ਤਰਨਜੀਤ ਸਿੰਘ ਸੰਧੂ ਦਾ ਕਾਰਜਕਾਲ ਪੂਰਾ ਹੋਣ 'ਤੇ ਉਨਾਂ ਨੂੰ ਦੋਨਾਂ ਹੀ ਪਾਰਟੀਆਂ ਸੱਤਾਧਾਰੀ ਡੈਮੋਕਰੈਟਿਕ ਤੇ ਵਿਰੋਧੀ ਰਿਪਬਲੀਕਨ ਪਾਰਟੀ ਦੇ ਕਾਂਗਰਸ ਮੈਂਬਰਾਂ ਨੇ ਨਿਘੀ ਵਿਦਾਇਗੀ ਪਾਰਟੀ ਦਿੱਤੀ ਜਿਸ ਦੌਰਾਨ ਉਨਾਂ ਦੀਆਂ ਰਾਜਦੂਤ ਵਜੋਂ ਨਿਭਾਈਆਂ ਸੇਵਾਵਾਂ ਦੀ ਭਰਪੂਰ ਸ਼ਲਾਘਾ ਕੀਤੀ ਗਈ। ਪਾਰਟੀ ਦਾ ਅਯੋਜਨ ਕੈਪੀਟਲ ਹਿੱਲ ਵਿਚ ਕੀਤਾ ਗਿਆ। ਸੰਧੂ ਨੇ ਸੋਸ਼ਲ ਮੀਡੀਆ ਉਪਰ ਵਿਦਾਇਗੀ ਪਾਰਟੀ ਬਾਰੇ ਆਪਣੇ ਜਜਬਾਤ ਸਾਂਝੇ ਕਰਦਿਆਂ ਕਿਹਾ ਹੈ ਕਿ ਉਹ ਆਪਣੇ ਮਿਤਰ ਯੂ ਐਸ ਕਾਂਗਰਸ ਮੈਂਬਰਾਂ ਵੱਲੋਂ ਦਿੱਤੀ ਵਿਦਾਇਗੀ ਪਾਰਟੀ ਤੋਂ ਬੇਹੱਦ ਖੁਸ਼ ਹੋਏ ਹਨ। ਉਨਾਂ ਨੇ ਭਾਰਤ-ਅਮਰੀਕਾ ਭਾਈਵਾਲੀ ਨੂੰ ਹੋਰ ਮਜਬੂਤ ਕਰਨ ਲਈ ਕਾਂਗਰਸ ਮੈਂਬਰਾਂ ਦੇ ਸਮਰਥਨ ਦੀ ਸ਼ਲਾਘਾ ਕੀਤੀ ਹੈ। ਪਾਰਟੀ ਵਿਚ ਹੋਰਨਾਂ ਤੋਂ ਇਲਾਵਾ ਕਾਂਗਰਸ ਮੈਂਬਰ ਰਾਜਾ ਕ੍ਰਿਸ਼ਨਾਮੂਰਤੀ, ਆਰ ਓ ਖੰਨਾ, ਮਾਈਕ ਵਾਲਟਜ਼, ਕੈਟ ਕੈਮੇਕ, ਐਮੀ ਬੇਰਾ, ਹੇਲੇ ਸਟੀਵਨਜ, ਡੇਬੋਰਾਹ ਰੋਸ ਤੇ ਸ਼੍ਰੀ ਥਾਨੇਦਾਰ ਸ਼ਾਮਿਲ ਹੋਏ। ਸੰਧੂ ਨੇ ਅਮਰੀਕਾ ਦੇ ਰਾਜਦੂਤ ਵਜੋਂ ਫਰਵਰੀ 2020 ਵਿਚ ਅਹੁੱਦਾ ਸੰਭਾਲਿਆ ਸੀ।



### ਅਮਰੀਕਾ ਦੇ ਇਕ ਸਕੂਲ ਵਿਚ ਹੋਏ ਭਿਆਨਕ ਗੋਲੀਕਾਂਡ ਦਾ ਮਾਮਲਾ

# ਪੁਲਿਸ ਅਫਸਰਾਂ ਵਿਰੁੱਧ ਅਪਰਾਧਕ ਦੋਸ਼ ਆਇਦ ਕਰਨ ਬਾਰੇ ਗਰੈਂਡ ਜਿਊਰੀ ਕਰੇਗੀ ਫੈਸਲਾ

**ਸੈਕਰਾਮੈਂਟੋ, ਕੈਲੀਫੋਰਨੀਆ–** ਯੂਵਾਲਡ, ਟੈਕਸਾਸ ਵਿਚ ਸਥਿੱਤ ਰਾਬ ਐਲੀਮੈਂਟਰੀ ਸਕੂਲ ਵਿਚ ਮਈ 2022 ਵਿਚ ਵਾਪਰੇ ਭਿਆਨਕ ਗੋਲੀਕਾਂਡ ਜਿਸ ਵਿਚ 19 ਬੱਚਿਆਂ ਤੇ 2 ਅਧਿਆਪਕਾਂ ਦੀ ਮੌਤ ਹੋ ਗਈ ਸੀ, ਦੇ ਮਾਮਲੇ ਵਿਚ ਲਾਅ ਇਨਫੋਰਸਮੈਂਟ ਅਫਸਰਾਂ ਵਿਰੁੱਧ ਸੰਭਾਵੀ ਫੌਜਦਾਰੀ ਦੋਸ਼ ਆਇਦ ਕਰਨ ਬਾਰੇ ਫੈਸਲਾ ਇਕ ਗਰੈਂਡ ਜਿਊਰੀ ਕਰੇਗੀ। ਪੁਲਿਸ ਅਫਸਰਾਂ ਨੂੰ ਕੁਤਾਹੀ ਵਰਤਣ ਤੇ ਸਮੇ ਸਿਰ ਕਾਰਵਾਈ ਨਾ ਕਰਨ ਦੇ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਗਰੈਂਡ ਜਿਊਰੀ ਵੱਲੋਂ ਯੂ ਐਸ ਨਿਆਂ ਵਿਭਾਗ ਦੁਆਰਾ ਇਸ ਗੋਲੀਕਾਂਡ ਬਾਰੇ ਰਿਪੋਰਟ ਜਾਰੀ ਕਰਨ ਤੋਂ ਪਹਿਲਾਂ ਜਿਨਾਂ ਸਬੂਤਾਂ ਨੂੰ ਧਿਆਨ ਵਿਚ ਰਖਿਆ ਗਿਆ ਸੀ, ਉਨਾਂ ਸਬੂਤਾਂ ਬਾਰੇ ਹੀ ਵਿਚਾਰ ਕਰਨ ਦੀ ਆਸ ਹੈ। ਬੀਤੇ ਦਿਨ ਨਿਆਂ ਵਿਭਾਗ ਨੇ ਜਾਰੀ ਆਪਣੀ ਰਿਪੋਰਟ ਹੌਅ ਲਾਅ ਇਨਫੋਰਮੈਂਟ ਰੀਐਕਟਡ ਮਈ 24,2022 ਅਟੈਕ ਵਿਚ ਕਿਹਾ ਹੈ ਕਿ ਵੱਡੀ ਪੱਧਰ ਉਪਰ ਅਸ-ਫਲਤਾ ਸਾਹਮਣੇ ਆਈ ਹੈ। ਸਮੇ ਸਿਰ ਕਾਰਵਾਈ ਕੀਤੀ ਜਾਂਦੀ ਤਾਂ ਕਈ ਜਾਨਾਂ ਬਚਾਈਆਂ ਜਾ ਸਕਦੀਆਂ ਸਨ।

# ਅਮਰੀਕਾ ਵਿਚ ਕਾਰ 'ਤੇ ਬਿਜਲੀ ਦੀ ਤਾਰ ਡਿੱਗਣ ਨਾਲ 3 ਵਿਅਕਤੀਆਂ ਦੀ ਮੌਤ

**ਸੈਕਰਾਮੈਂਟੋ, ਕੈਲੀਫੋਰਨੀਆ–** ਅਮਰੀਕਾ ਦੇ ਪੋਰਟਲੈਂਡ (ਓਰਗੋਨ) ਵਿਖੇ ਇਕ ਕਾਰ ਉਪਰ ਬਿਜਲੀ ਦੀ ਤਾਰ ਡਿੱਗ ਜਾਣ ਕਾਰਨ ਉਸ ਵਿਚ ਸਵਾਰ 3 ਜਣਿਆਂ ਦੀ ਮੌਤ ਹੋ ਜਾਣ ਦੀ ਖਬਰ ਹੈ। ਪੋਰਟਲੈਂਡ ਫਾਇਰ ਐਂਡ ਰੈਸਕਿਊ ਵਿਭਾਗ ਦੇ ਬੁਲਾਰੇ ਰਿਕ ਗਰੇਵਜ ਨੇ ਕਿਹਾ ਹੈ ਕਿ ਤਾਰ ਡਿੱਗਣ ਉਪਰੰਤ 3 ਵਿਅਕਤੀਆਂ ਨੇ ਕਾਰ ਵਿਚੋਂ ਬਰਫ ਉਪਰ ਛਾਲਾਂ ਮਾਰ ਦਿ-ਤੀਆਂ ਪਰੰਤੂ ਉਹ ਬਿਜਲੀ ਦੀ ਤਾਰ ਦੇ ਸੰਪਰਕ ਵਿਚ ਆ ਗਏ ਤੇ ਮਾਰੇ ਗਏ। ਪੀੜਤ ਪਰਿਵਾਰ ਦੇ ਮੁਖੀ ਰੋਨਾਲਡ ਬਿਗਸ ਨੇ ਦਸਿਆ ਕਿ ਇਸ ਘਟਨਾ ਵਿਚ ਉਸ ਦੇ 15 ਸਾਲਾ ਪੁੱਤਰ , 21 ਸਾਲਾ ਧੀ ਜੋ 6 ਮਹੀਨੇ ਤੋਂ ਗਰਭਵਤੀ ਸੀ, ਤੇ ਧੀ ਦੇ ਦੋਸਤ ਨੈਸ਼ ਦੀਆਂ ਜਾਨਾਂ ਚਲੀਆਂ ਗਈਆਂ ਜਦ ਕਿ ਉਸ ਦੇ 9 ਮਹੀਨਿਆਂ ਦੇ ਪੋਤੇ ਨੂੰ ਨੇੜੇ ਘਟਨਾ ਨੂੰ ਵੇਖ ਰਹੀ ਇਕ ਔਰਤ ਨੇ ਹਿੰਮਤ ਕਰਕੇ ਬਚਾ ਲਿਆ। ਬਿਗਸ ਨੇ ਕਿਹਾ ਕਿ ਮੇਰੇ 6 ਬੱਚੇ ਹਨ ਜਿਨਾਂ ਵਿਚੋਂ 2 ਇਕੋ ਦਿਨ ਹੀ ਉਸ ਤੋਂ ਸਦਾ ਲਈ ਵਿਛੜ ਗਏ ਹਨ। ਇਥੇ ਜਿਕਰਯੋਗ ਹੈ ਕਿ ਜਬਰਦਸਤ ਬਰਫਬਾਰੀ ਤੇ ਸ਼ੀਤ ਲਹਿਰ ਕਾਰਨ ਬਿਜਲੀ ਦੀਆਂ ਤਾਰਾਂ ਟੁੱਟਣ ਤੇ ਦਰੱਖਤ ਡਿੱਗਣ ਕਾਰਨ ਜਾਨ ਲੇਵਾ ਘਟਨਾਵਾਂ ਵਾਪਰ ਰਹੀਆਂ ਹਨ।

Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh




Cell : 530-870-6600
Fax : (530) 870-1429
532 Houston St.
West Sacramento, CA 95691
Email: myfuturetruck@gmail.com

ਦੇਸ਼ ਦੁਆਬਾ

# ਪ੍ਰਾਧੀਨਤਾ ਪਾਪ ਹੈ ਜਾਨ ਲਿਓ ਰੇ ਮੀਤ

ਸੱਚੇ ਪਾਤਸ਼ਾਹ ਸਾਹਿਬ ਸ੍ਰੀ ਸਤਿਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਅਤੇ ਉਨ੍ਹਾਂ ਦਾ ਜੀਵਨ ਅਤੇ ਸਿੱਖਿਆਵਾਂ ਜਿਸ ਖ਼ਾਸ ਨੁਕਤੇ ਦੇ ਉੱ ਕੇਂਦਰਿਤ ਹਨ, ਉਹ ਹੈ ਇਨਸਾਨ ਦੇ ਅੰਦਰ ਸਵੈ-ਮਾਣ, ਸਵੈ-ਨਿਰਭਰਤਾ ਅਤੇ ਕਿਰਤ ਦੇ ਮਾਧਿਅਮ ਰਾਹੀਂ ਇੱਕ ਅਜਿਹੇ ਰਾਜ ਦਾ ਨਿਰਮਾਣ ਕਰਨਾ ਹੈ ਜਿਸ ਵਿੱਚ ਕੋਈ ਵੀ ਕਿਸੇ ਕਿਸਮ ਦੀ ਨੀਚ-ਊਚ, ਭੇਦ ਭਾਵ ਨਾ ਹੋਵੇ ਜਿਵੇਂ ਕਿ ਉਨ੍ਹਾਂ ਨੇ ਆਪਣੇ ਪਾਵਨ ਸ਼ਬਦ 'ਬੇਗਮਪੁਰਾ ਸਹਰ ਕੋ ਨਾਉ' ਵਿੱਚ ਵਿਆਖਿਆਨ ਕੀਤਾ ਹੈ। ਸ੍ਰੀ ਗੁਰੂ ਰਵਿਦਾਸ ਜੀ ਨੇ ਆਪਣੇ ਜੀਵਨ ਕਾਲ ਦੇ ਦੌਰਾਨ ਭਾਰਤ ਦੇ ਬਿਪਰਵਾਦੀ ਕੇਂਦਰ ਕਾਂਸ਼ੀ ਵਿਖੇ ਵੱਡੇ-ਵੱਡੇ ਬਿਪਰਾਂ ਨੂੰ ਇਸ ਗੱਲ ਦਾ ਅਹਿਸਾਸ ਚੰਗੀ ਤਰ੍ਹਾਂ ਕਰਵਾ ਦਿੱਤਾ ਸੀ ਕਿ ਵਡਿਆਈ, ਨਾ ਬਰਾਬਰਤਾ ਵਿੱਚ ਨਹੀਂ ਹੈ, ਸਗੋਂ ਬਰਾਬਰਤਾ ਦਾ ਹੀ ਦੂਸਰਾ ਨਾਂ ਵਡਿਆਈ ਹੈ। ਗੁਰੂ ਜੀ ਨੇ ਬਰਾਬਰਤਾ ਦਾ ਨਾਹਰਾ ਬੁਲੰਦ ਕਰਦੇ ਹੋਏ ਕਾਂਸ਼ੀ ਵਿਖੇ ਇੱਕ ਨਵੀਂ ਤਰ੍ਹਾਂ ਦੀ ਸ਼ਾਂਤੀ ਲਹਿਰ ਦਾ ਆਗਾਜ਼ ਕਰਕੇ ਭਾਰਤ ਦੀ ਮੂਲਨਿਵਾਸੀ ਕੌਮ ਨੂੰ ਉਤਸ਼ਾਹਿਤ ਕੀਤਾ। ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ॥

ਪ੍ਰਾਧੀਨਤਾ ਪਾਪ ਹੈ ਜਾਨ ਲਿਓ ਰੇ ਮੀਤ॥ ਇਸ ਗੱਲ ਦੀ ਗਵਾਹ ਹੈ ਕਿ ਜਦ ਤੱਕ ਇਨਸਾਨ ਗੁਲਾਮੀ ਦੀਆਂ ਜੰਜ਼ੀਰਾਂ ਤੋਂ ਬਾਹਰ ਨਹੀਂ ਆ ਜਾਂਦਾ, ਉਦੋਂ ਤੱਕ ਉਸ ਦੀ ਕਿਸੇ ਵੀ ਤਰ੍ਹਾਂ ਕਿਸੇ ਵੀ ਪੱਧਰ ਤੇ ਬਰਾਬਰਤਾ ਦੀ ਗੱਲ ਕਰਨਾ ਤੱਥਾਂ ਤੋਂ ਦੂਰ ਹੋਣਾ ਹੈ। ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਨੇ ਗੁਲਾਮੀ ਤੋਂ ਛੁਟਕਾਰਾ ਦਵਾਉਣ ਲਈ ਜਿਸ ਮਾਰਗ ਨੂੰ ਚੁਣਿਆ ਉਹ ਸੀ ਕਿਰਤ, ਸਵੈ-ਆਤਮ ਵਿਸ਼ਵਾਸ ਅਤੇ ਨਿਡਰਤਾ। ਉਨ੍ਹਾਂ ਦਾ ਬਰਾਬਰਤਾ ਨੂੰ ਹਾਸਿਲ ਕਰਨ ਦਾ ਸਿਧਾਂਤ ਆਪਣੇ ਆਪ ਵਿੱਚ ਅਲੱਗ ਕਿਸਮ ਦੀ ਮਿਸਾਲ ਪੇਸ਼ ਕਰਦਾ ਹੈ। ਉਹ ਚਾਹੁੰਦੇ ਸਨ ਜਿਸ ਜਾਤ ਪਾਤ ਸਿਧਾਂਤ ਨੇ ਭਾਰਤ ਦੇ ਮੂਲਨਿਵਾਸੀ ਵਰਗ ਨੂੰ ਗੁਲਾਮੀ ਦੀਆਂ ਕਾਲ-ਕੋਠੜੀਆਂ ਵਿੱਚ ਸਦੀਆਂ ਤੋਂ ਬੰਦ ਕੀਤਾ ਹੈ, ਉਸ ਨੂੰ ਜਿਸ ਤਰੀਕੇ ਨਾਲ ਗੁਲਾਮੀ ਤੋਂ ਮੁਕਤ ਕਰਵਾਉਣਾ ਹੈ, ਉਹ ਤਰੀਕਾ ਸੱਚਾ ਤੇ ਸੁੱਚਾ ਹੀ ਨਹੀਂ ਹੋਣਾ ਚਾਹੀਦਾ, ਬਲਕਿ ਅਪਰਾਧੀਆਂ ਨੂੰ ਵੀ ਉਨ੍ਹਾਂ ਦੇ ਅਪਰਾਧ ਤੋਂ ਅਜ਼ਾਦ ਕਰਵਾ ਕੇ ਬਰਾਬਰਤਾ ਦੇ ਸਮਾਜ ਵਿੱਚ ਉਨ੍ਹਾਂ ਦਾ ਯੋਗਦਾਨ ਹਾਸਿਲ ਕਰੇ। ਗੁਰੂ ਜੀ ਦਾ ਜਾਤ ਪਾਤ ਨੂੰ ਖਤਮ ਕਰਨ ਦਾ ਸਿਧਾਂਤ ਜ਼ਾਤ ਅਭਿਮਾਨੀਆਂ ਨੂੰ ਭਗਤੀ ਦੇ ਮਾਧਿਅਮ ਰਾਹੀਂ ਸੋਝੀ ਦੇ ਕੇ ਇੱਕ ਵਿਸ਼ਾਲ ਅਤੇ ਨਿਰਮਾਣ ਦਾ ਮੌਕਾ ਦਿੰਦਾ ਹੈ। ਸ੍ਰੀ ਗੁਰੂ ਰਵਿਦਾਸ ਜੀ ਦੇ ਇਹ ਸ਼ਬਦ ॥ ਜੋ ਹਮ ਸਹਰੀ ਸੋ ਮੀਤ ਹਮਾਰਾ॥ ਦੀ ਗਵਾਹੀ ਭਰਦੇ ਹਨ। ਉਨ੍ਹਾਂ ਦੇ ਸ਼ਹਿਰ ਵਿੱਚ ਜੋ ਸ਼ਖਸ ਉਨ੍ਹਾਂ ਦੇ ਇਸ ਸਿਧਾਂਤ ਨੂੰ ਅਪਨਾਉਂਦਾ ਗੁਰੂ ਰਵਿਦਾਸ ਜੀ ਉਸ ਨੂੰ ਆਪਣਾ ਮਿੱਤਰ ਸਮਝਦੇ ਹਨ ਅਤੇ ਉਨ੍ਹਾਂ ਦੀ ਮਿੱਤਰਤਾ ਦਾ ਹੱਕਦਾਰ ਉਹੀ ਬਣ ਸਕਦਾ ਹੈ, ਜਿਸ ਨੇ ਜਾਤੀ ਪਾਤੀ ਘਿਨਾਉਣੀ ਵੰਡ ਨੂੰ ਤਿਆਗ ਕੇ ਬਰਾਬਰਤਾ ਦਾ ਸਿਧਾਂਤ ਅਪਨਾ ਲਿਆ ਹੈ। ਮਹਾਨ ਦੇਸ਼ ਭਗਤ ਗਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਅਤੇ ਉਨ੍ਹਾਂ ਦੀਆਂ ਪਾਵਨ ਸਿੱਖਿਆਵਾਂ ਤੋਂ ਸਬਕ ਸਿਖਦੇ ਹੋਏ ਜਿਸ ਆਦਿ ਧਰਮ ਲਹਿਰ ਦੀ ਉਸਾਰੀ ਕਰਦੇ ਹਨ, ਉਸ ਦੀ ਸ਼ੁਰੂਆਤ ਅਤੇ ਅੰਤ ਦਾ ਰਸਤਾ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਦਰਸਾਏ ਬਰਾਬਰਤਾ ਦੇ ਸਿਧਾਂਤਾਂ ਵਿੱਚੋਂ ਹੀ ਹੋ ਕੇ ਜਾਂਦਾ ਹੈ। ਬਾਬਾ ਮੁਗੋਵਾਲੀਆ ਜੀ ਨੇ ਆਦਿ ਧਰਮ ਦੀ ਲਹਿਰ ਦਾ ਪ੍ਰਤੀਕ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਨੂੰ ਅਪਨਾਇਆ, ਜਿਸ ਵਿੱਚੋਂ ਸੋਹੰ ਦਾ ਚਿੰਨ੍ਹ ਚੁਣ ਕੇ ਬ੍ਰਾਹਮਣਵਾਦੀ ਕਾਣੀ ਵੰਡ ਦੇ ਖਾਤਮੇ ਦਾ ਬਿਗਲ ਵਜਾਇਆ।

ਉਨ੍ਹਾਂ ਦੀ ਆਦਿ ਧਰਮ ਦੀ ਲਹਿਰ ਜਿੱਥੇ ਅੰਗਰੇਜ਼ ਸਰਕਾਰ ਤੋਂ ਵੱਖਰੇ ਧਰਮ ਦੀ ਮੰਗ ਕਰਦੇ ਹੋਏ ਦਲਿਤ ਮੁਕਤੀ ਦਾ ਆਦੀ ਬਾਣ ਛੱਡਦੀ ਹੈ। ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਅਤੇ ਜੀਵਨ ਸਿੱਖਿਆਵਾਂ ਨੂੰ ਅਪਨਾਉਂਦੇ ਹੋਏ ਦਲਿਤ ਸ਼ਕਤੀ ਕਰਨ ਦਾ ਨਵਾਂ, ਅਨੋਖਾ ਤੇ ਸਵੈ-ਮਾਨ ਭਰਿਆ ਮਾਰਗ ਦਿਖਾਉਂਦੀ। ਅੱਜ ਭਾਵੇਂ ਆਦਿ ਧਰਮ ਦੀ ਲਹਿਰ ਅਪਨੇ ਜਲਾਓ 'ਚ ਨਹੀਂ ਹੈ, ਪ੍ਰੰਤੂ ਜਿਸ ਕਦਰ ਪੰਜਾਬ ਦੇ ਤਕਰੀਬਨ ਹਰ ਪਿੰਡ ਕਸਬੇ ਸ਼ਹਿਰ ਅੰਦਰ ਸ੍ਰੀ ਗੁਰੂ ਰਵਿਦਾਸ ਜੀ ਨੂੰ ਮੰਨਣ ਵਾਲੇ ਡੇਰਿਆਂ ਅੰਦਰ ਸ੍ਰੀ ਗੁਰੂ ਰਵਿਦਾਸ ਨਾਮਲੇਵਾ ਸੰਗਤਾਂ ਦਾ ਸੰਗ ਜੁੜਦਾ ਹੈ। ਉਹ ਜਿੱਥੇ ਆਦਿ ਧਰਮ ਦੀ ਲਹਿਰ ਦੀ ਵਿਰਾਸਤ ਦੀ ਤਸਵੀਰ ਪੇਸ਼ ਕਰਦਾ ਹੈ, ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਵਿਚਲੇ ਬਰਾਬਰਤਾ ਦੇ ਸਿਧਾਂਤ ਦੀ ਮੂੰਹ ਬੋਲਦੀ ਤਸਵੀਰ ਹੈ।

**– ਪ੍ਰੇਮ ਕੁਮਾਰ ਚੁੰਬਰ**

# ਸਿੱਖਿਆ ਅਤੇ ਦੂਜੇ ਦਰਜੇ ਦੀਆਂ ਨਰਸਰੀਆਂ

**ਰਾਜੇਸ਼ ਰਾਮਚੰਦਰਨ**

ਦੇਸ਼ ਭਰ ਵਿਚ ਰਾਮ ਮੰਦਰ ਨੂੰ ਲੈ ਕੇ ਚੱਲ ਰਹੀ ਗਹਿਮਾ-ਗਹਿਮੀ ਵਿਚ ਐਤਕੀਂ 75ਵੇਂ ਗਣਤੰਤਰ ਦਿਵਸ ਸਮਾਰੋਹਾਂ ਦੀ ਗੂੰਜ ਦਬ ਕੇ ਰਹਿ ਗਈ ਹੈ। ਖ਼ੈਰ, ਹੁਣ ਮੰਦਰ ਦੀ ਰਾਜਨੀਤੀ ਤੋਂ ਇਲਾਵਾ ਡਾਇਮੰਡ ਜੁਬਲੀ ਵਰਗੇ ਅਹਿਮ ਸਮਾਗਮ ਦੀ ਹਾਲਤ ਦਾ ਜਾਇਜ਼ਾ ਲੈਣ ਦਾ ਪਲ ਹੈ। ਚੰਦਰਮਾ 'ਤੇ ਉਤਰਨਾ, ਉੱਤਰੀ ਤੇ ਪੂਰਬੀ ਸਰਹੱਦਾਂ 'ਤੇ ਫੌਜੀ ਟਕਰਾਓ, ਯੂਕਰੇਨ ਬਾਰੂਦੀ ਸੁਰੰਗਾਂ ਜਿਸ ਨੇ ਨਾਜ਼ੁਕ ਕੂਟਨੀਤਕ ਸੰਤੁਲਨ ਕਾਰਜ ਲਈ ਮਜਬੂਰ ਕੀਤਾ, ਪੱਛਮੀ ਏਸ਼ਿਆਈ ਟਾਈਮ ਬੰਬ ਅਤੇ ਚਾਰੇ ਪਾਸੇ ਅਸਫਲ ਅਰਥਚਾਰਿਆਂ ਦੇ ਆਲਮ ਵਿਚ ਭਾਰਤ ਦੀ ਬੇੜੀ ਬਚੀ ਰਹਿਣ ਦੇ ਚਮਤਕਾਰ 'ਤੇ ਹੈਰਾਨ ਹੋਣ ਲਈ ਮਜਬੂਰ ਕੀਤਾ ਹੈ। ਇਹ ਕੋਈ ਮਾਮੂਲੀ ਪ੍ਰਾਪਤੀ ਨਹੀਂ ਹੈ, ਖ਼ਾਸਕਰ ਉਨ੍ਹਾਂ ਜ਼ੋਰਦਾਰ ਕਾਰਕਾਂ ਨੂੰ ਧਿਆਨ ਵਿਚ ਰੱਖਦੇ ਹੋਏ ਜੋ ਮੁਲਕ ਨੂੰ ਸ਼ੁਰੂ ਤੋਂ ਹੀ ਵਿਨਾਸ਼ਕਾਰੀ ਘਰੇਲੂ ਕਲੇਸ਼ ਵੱਲ ਧੱਕਦੇ ਰਹੇ ਹਨ।

ਇਕ ਪਿਛਾਂਹ ਹਟ ਰਹੇ ਸਾਮਰਾਜ ਅਤੇ ਇਕ ਉੱਭਰਦੇ ਹੋਏ ਸਾਮਰਾਜ ਨੇ ਦੇਸ਼ ਦੇ ਹਰ ਕੋਨੇ ਵਿਚ ਵੱਖਵਾਦ ਦੇ ਬੀਜ ਬੋਅ ਕੇ ਹਿੰਦੋਸਤਾਨ ਨੂੰ ਟੁਕੜੇ ਟੁਕੜੇ ਕਰਨ ਦੀ ਯੋਜਨਾ ਬਣਾਈ ਪਰ ਸ਼ੁਰੂ ਵਿਚ ਜਿਹੜੀ ਬਹੁਤ ਸੋਚੀ ਸਮਝੀ ਵਿਉਂਤ ਜਾਪ ਰਹੀ ਸੀ, ਹੁਣ ਉਹ ਕੋਝਾ ਮਜ਼ਾਕ ਬਣ ਕੇ ਰਹਿ ਗਈ ਸੀ। ਮਿਸਾਲ ਦੇ ਤੌਰ 'ਤੇ ਜੇ ਬਸਤੀਵਾਦੀ ਸਮਿਆਂ ਵਿਚ ਧਾਰਮਿਕ ਵੱਖਵਾਦ ਨੂੰ ਸਿਧਾਂਤਕ ਰੂਪ ਦੇਣ ਵਾਲੇ 1942 ਦੇ ਅਧਿਕਾਰੀ ਥੀਸਿਸ ਜਿਹੇ ਵਿਚਾਰਾਂ ਜ਼ਰੀਏ ਹਿੰਦੋਸਤਾਨੀ ਕੌਮ ਦੀ ਧਾਰਨਾ ਨੂੰ ਗ਼ੈਰ-ਵਾਜਿਬ ਠਹਿਰਾਉਣ ਲਈ ਬਹੁਤ ਸਾਰੀ ਸੂਖਮਤਾ ਤੋਂ ਕੰਮ ਲਿਆ ਗਿਆ ਸੀ ਤਾਂ ਫਿਰ ਹੁਣ ਕੱਟੜ ਮਾਰਕਸਵਾਦੀਆਂ ਨੂੰ ਵੀ ਆਪਣੀਆਂ ਵੈੱਬਸਾਈਟਾਂ ਚਲਾਉਣ ਲਈ ਪੱਛਮੀ ਦੇਸ਼ਾਂ ਜਾਂ ਚੀਨ ਦੀ ਵਿੱਤੀ ਪੂੰਜੀ ਦਾ ਸਹਾਰਾ ਲੈਣਾ ਪੈਂਦਾ ਹੈ ਜਦਕਿ 'ਡੰਕੀ ਰੂਟ' ਦਾ ਇਸਤੇਮਾਲ ਕਰਨ ਵਾਲੇ ਪਰਵਾਸੀਆਂ ਬਾਰੇ ਤਾਂ ਕਹਿਣਾ ਹੀ ਕੀ ਹੈ ਜਿਨ੍ਹਾਂ ਨੂੰ ਅਮਰੀਕਾ ਵਿਚ ਸ਼ਰਨ ਲੈਣ ਲਈ ਅੰਮ੍ਰਿਤਪਾਲ ਸਿੰਘ ਦੀਆਂ ਵੀਡੀਓਜ਼ ਦਿਖਾਉਣੀਆਂ ਪੈਂਦੀਆਂ ਨੇ ਤੇ ਖ਼ਾਲਿਸਤਾਨ ਦੇ ਨਾਅਰੇ ਲਾਉਣੇ ਪੈਂਦੇ ਹਨ।

ਭਾਰਤੀ ਗਣਰਾਜ ਅਤੇ ਸੰਵਿਧਾਨ ਨੂੰ ਬਹੁਤ ਸੰਘਰਸ਼ ਕਰਨਾ ਪਿਆ, ਸੰਤਾਪ ਝੱਲਣਾ ਪਿਆ। ਇਹ ਮੋਢੀਆਂ ਦੇ ਚਿਤਵੇ ਰਾਹ ਤੋਂ ਭਟਕਾਉਣ ਦੀਆਂ ਅੰਦਰੂਨੀ ਤੇ ਬਾਹਰੀ ਕੋਸ਼ਿਸ਼ਾਂ ਤੋਂ ਵਾਰ ਵਾਰ ਬਚਦਾ ਰਿਹਾ ਹੈ। ਜੇ ਇਸ ਦੇਸ਼ ਦੀ ਕੋਈ ਆਤਮਾ ਹੈ ਤਾਂ ਉਸ ਨੇ ਬਿਪਤਾ, ਵੱਖਵਾਦ ਅਤੇ ਲਾਲਚ ਖ਼ਿਲਾਫ਼ ਸਮੂਹਿਕ ਖੁਸ਼ਹਾਲੀ ਦੀ ਚਾਹਨਾ ਕੀਤੀ ਹੈ। ਆਬਾਦੀ ਦੇ ਵੱਡੇ ਹਿੱਸੇ ਦੀਆਂ ਬਹੁਗਿਣਤੀਪ੍ਰਸਤ ਰੁਚੀਆਂ ਦੀ ਧਾਰ ਵੀ ਜ਼ਾਤੀ ਉਮੰਗਾਂ ਕਰ ਕੇ ਮਾਂਦ ਪਈ ਹੈ। ਆਖ਼ਿਰਕਾਰ, ਸ਼ਾਂਤੀ ਹੀ ਖੁਸ਼ਹਾਲੀ ਦੀ ਅਗਾਊਂ ਸ਼ਰਤ ਹੈ; ਤੇ ਕੋਈ ਵੀ ਦੇਸ਼ ਸਦਾ ਲਈ ਆਪਣੇ ਆਪ ਖ਼ਿਲਾਫ਼ ਜੰਗ 'ਚ ਗਲਤਾਨ ਨਹੀਂ ਰਹਿ ਸਕਦਾ।

ਉਂਝ, ਇਹ ਡਰਾਉਣਾ ਕਾਰਕ ਹੈ ਜੋ ਕੌਮੀ ਮਹਾਨਤਾ ਦੀਆਂ ਸਾਰੀਆਂ ਉਮੀਦਾਂ 'ਤੇ ਪਾਣੀ ਫੇਰ ਸਕਦਾ ਹੈ। ਇਹ ਅਜਿਹੀ ਕੌੜੀ ਹਕੀਕਤ ਹੈ ਜੋ ਸੂਬਾਈ ਅਤੇ ਕੇਂਦਰ ਸਰਕਾਰਾਂ ਦਾ ਮੂੰਹ ਚਿੜਾ ਰਹੀ ਹੈ: ਇਹ ਹੈ ਸਾਡੇ ਪੇਂਡੂ ਖ਼ਾਸਕਰ ਸਰਕਾਰੀ ਸਕੂਲਾਂ ਦੇ ਤਰਸਮਈ ਮਿਆਰ। ਗ਼ੈਰ-ਸਰਕਾਰੀ ਸੰਸਥਾ ਪ੍ਰਥਮ ਫਾਊਂਡੇਸ਼ਨ ਦੇ ਹਾਲ ਹੀ 'ਚ ਕਰਵਾਏ ਸਰਵੇਖਣ ਜੋ ਸਿੱਖਿਆ ਦੀ ਸਥਿਤੀ ਬਾਰੇ ਸਾਲਾਨਾ ਰਿਪੋਰਟ-2023 ਵਿਚ ਪ੍ਰਕਾਸ਼ਿਤ ਹੋਏ ਹਨ, ਵਿਚ ਸਾਡੇ ਪੇਂਡੂ ਨੌਜਵਾਨਾਂ ਦੀ ਹਕੀਕੀ ਲਿਆਕਤ ਨੂੰ ਸਾਹਮਣੇ ਲਿਆਂਦਾ ਹੈ। ਪਹਿਲਾਂ ਦੇ ਮੁਕਾਬਲੇ ਪੇਂਡੂ ਖੇਤਰਾਂ ਵਿਚ ਹੁਣ ਸਕੂਲਾਂ ਦੀ ਕੋਈ ਘਾਟ ਨਹੀਂ ਹੈ ਪਰ ਯੁਵਕਾਂ ਨੂੰ ਮਹਿਜ਼ ਸਾਖਰ ਕਰਨ ਲਈ ਹੀ ਬਹੁਤ ਸਾਰਾ ਪੈਸਾ ਖਰਚ ਕੀਤਾ ਜਾ ਰਿਹਾ ਹੈ।

ਇਸ ਸਰਵੇਖਣ ਮੁਤਾਬਕ 14 ਤੋਂ 18 ਸਾਲ ਉਮਰ ਵਰਗ ਦੇ 86।8 ਫ਼ੀਸਦ ਪੇਂਡੂ ਬੱਚੇ ਸਿੱਖਿਆ ਸੰਸਥਾਵਾਂ ਜਿਨ੍ਹਾਂ ਵਿਚੋਂ ਜ਼ਿਆਦਾਤਰ ਸਰਕਾਰੀ ਹਨ, ਵਿਚ ਦਾਖ਼ਲਾ ਲੈਂਦੇ ਹਨ ਪਰ ਇਨ੍ਹਾਂ ਦਾ ਵੱਡਾ ਹਿੱਸਾ ਪੜ੍ਹਨ, ਸਮਝਣ ਅਤੇ ਹਿਸਾਬ ਦੇ ਸਾਧਾਰਨ ਸੁਆਲ ਕੱਢਣ ਤੋਂ ਅਸਮੱਰਥ ਹਨ। ਦੇਸ਼ ਨੂੰ ਅਸਰਅੰਦਾਜ਼ ਕਰਨ ਵਾਲੇ ਹੋਰ ਕਿਸੇ ਵੀ ਸੰਕਟ ਨਾਲੋਂ ਇਹ ਸਭ ਤੋਂ ਘਾਤਕ ਟਾਈਮ ਬੰਬ ਹੈ। ਭਾਰਤ ਦੀ ਅਸਲ ਤਾਕਤ ਇਸ ਦੇ ਕਸਬੇ ਅਤੇ ਪਿੰਡ ਹੀ ਰਹੇ ਹਨ। ਜੇ ਇਹ ਅਜਿਹੇ ਯੁਵਕ ਪੈਦਾ ਕਰਦੇ ਰਹਿਣਗੇ ਜਿਨ੍ਹਾਂ ਦੇ ਰੁਜ਼ਗਾਰ 'ਤੇ ਲੱਗਣ ਦੀ ਕੋਈ ਆਸ ਨਹੀਂ ਹੋਵੇਗੀ ਤਾਂ ਇਸ ਗਣਰਾਜ ਦਾ ਕੋਈ ਭਵਿੱਖ ਨਹੀਂ ਹੈ।

ਮਿਸਾਲ ਦੇ ਤੌਰ 'ਤੇ ਪੰਜਾਬ ਅਤੇ ਹਰਿਆਣਾ ਦੇ ਬੱਚਿਆਂ ਦੀ ਕਾਰਗੁਜ਼ਾਰੀ ਨੂੰ ਹੀ ਲੈ ਲਓ। ਪੰਜਾਬ ਵਿਚ ਦਾਖ਼ਲੇ (14-18 ਸਾਲ ਉਮਰ ਵਰਗ) 88।7 ਫ਼ੀਸਦ ਹਨ; ਇਨ੍ਹਾਂ ਵਿਚੋਂ ਅੱਧੇ ਤੋਂ ਵੱਧ ਬੱਚੇ ਗੁਣਾ ਦੇ ਸਾਧਾਰਨ ਸੁਆਲ ਨਹੀਂ ਕੱਢ ਸਕਦੇ; 14-16 ਸਾਲ ਉਮਰ ਵਰਗ ਦੇ 17 ਫ਼ੀਸਦ ਬੱਚੇ ਪੰਜਾਬੀ ਦੀ ਦੂਜੀ ਜਮਾਤ ਦੀ ਕਿਤਾਬ ਨਹੀਂ ਪੜ੍ਹ ਸਕਦੇ। ਜੋ ਕੁਝ ਉਨ੍ਹਾਂ ਨੂੰ ਸੱਤ ਸਾਲ ਦੀ ਉਮਰ ਵਿਚ ਪਤਾ ਹੋਣਾ ਚਾਹੀਦਾ ਹੈ, ਉਹ ਗਿਆਨ ਉਹ 16 ਸਾਲ ਦੀ ਉਮਰ ਤੱਕ ਵੀ ਹਾਸਲ ਨਹੀਂ ਕਰ ਸਕਦੇ। ਇਨ੍ਹਾਂ ਵਿਚੋਂ ਕਰੀਬ 20 ਫ਼ੀਸਦ ਬੱਚੇ ਪਹਿਲੀ ਜਮਾਤ ਦੀ ਕਿਤਾਬ ਵਿਚੋਂ ਸੁਆਲਾਂ ਦੇ ਜੁਆਬ ਨਹੀਂ ਦੇ ਸਕਦੇ। 17-18 ਸਾਲ ਵਰਗ ਦੇ ਅੱਧੇ ਤੋਂ ਵੱਧ ਬੱਚੇ ਸਮੇਂ ਦੀ ਗਿਣਤੀ ਮਿਣਤੀ ਕਰਨ ਤੋਂ ਅਸਮੱਰਥ ਹਨ; 84।9 ਫੀਸਦ ਬੱਚੇ ਅਦਾਇਗੀ ਦਾ ਹਿਸਾਬ ਨਹੀਂ ਕਰ ਸਕਦੇ। 14-16 ਸਾਲ ਦੀ ਉਮਰ ਦੇ ਇਨ੍ਹਾਂ ਬੱਚਿਆਂ ਵਿਚੋਂ ਜ਼ਿਆਦਾਤਰ ਸਰਕਾਰੀ ਸਕੂਲਾਂ ਨਾਲ ਸਬੰਧਿਤ ਹਨ ਪਰ 17-18 ਸਾਲ ਉਮਰ ਵਰਗ ਦੇ ਮੁੰਡੇ ਜ਼ਿਆਦਾਤਰ ਪ੍ਰਾਈਵੇਟ ਸਿੱਖਿਆ ਸੰਸਥਾਵਾਂ ਨਾਲ ਸਬੰਧਿਤ ਹਨ। ਇਸ ਲਈ ਸਿਰਫ਼ ਸਰਕਾਰੀ ਸਕੂਲਾਂ ਸਿਰ ਭਾਂਡਾ ਨਹੀਂ ਭੰਨਿਆ ਜਾ ਸਕਦਾ।

ਹਰਿਆਣਾ ਵਿਚ ਵੀ ਹਾਲਾਤ ਇੰਨੇ ਹੀ ਮਾਯੂਸਕੁਨ ਹਨ: 14-16 ਸਾਲ ਉਮਰ ਵਰਗ ਦੇ 17 ਫ਼ੀਸਦੀ ਮੁੰਡਿਆਂ ਨੂੰ ਦੂਜੀ ਜਮਾਤ ਦੀ ਕਿਤਾਬ ਪੜ੍ਹਨੀ ਨਹੀਂ ਆਉਂਦੀ ਅਤੇ 17-18 ਸਾਲ ਦੇ 14.8 ਫ਼ੀਸਦੀ ਮੁੰਡੇ ਅਜਿਹਾ ਨਹੀਂ ਕਰ ਸਕਦੇ। ਲੜਕੀਆਂ ਦੀ ਸਥਿਤੀ ਥੋੜ੍ਹੀ ਜਿਹੀ ਬਿਹਤਰ ਹੈ। 17-18 ਸਾਲ ਉਮਰ ਵਰਗ ਦੇ 45 ਫ਼ੀਸਦੀ ਮੁੰਡੇ ਗੁਣਾ ਦੇ ਸਧਾਰਨ ਸੁਆਲ ਨਹੀਂ ਕੱਢ ਸਕਦੇ ਅਤੇ ਇਸੇ ਉਮਰ ਵਰਗ ਦੇ 76 ਫ਼ੀਸਦੀ ਮੂਲ ਧਨ ਦੇ ਸੁਆਲ ਹੱਲ ਨਹੀਂ ਕਰ ਸਕਦੇ।

ਲੜਕੀਆਂ ਦੀ ਦਰ ਥੋੜ੍ਹੀ ਬਿਹਤਰ ਹੈ ਪਰ ਕੁੱਲ ਮਿਲਾ ਕੇ ਅੰਕੜੇ ਡਰਾਉਣੇ ਹਨ। ਹਿਮਾਚਲ ਪ੍ਰਦੇਸ਼ ਦੇ ਅੰਕੜੇ ਵੀ ਬਹੁਤੇ ਵਧੀਆ ਨਹੀਂ ਹਨ। 17-18 ਸਾਲ ਦੇ ਅੱਧੇ ਤੋਂ ਵੱਧ ਮੁੰਡੇ ਗੁਣਾ ਜਾਂ ਸਮੇਂ ਦਾ ਮਾਪ ਕਰਨ ਤੋਂ ਅਸਮੱਰਥ ਹਨ ਅਤੇ 83 ਫ਼ੀਸਦੀ ਮੂਲ ਧਨ ਦੇ ਸੁਆਲ ਨਹੀਂ ਕੱਢ ਸਕਦੇ।

ਬਹੁ-ਮੰਜ਼ਿਲਾ ਇਮਾਰਤਾਂ ਦੀ ਚਕਾਚੌਂਧ ਅਤੇ ਚੰਦਰਯਾਨ-3 ਦੀ ਸਫਲਤਾ ਪਿੱਛੇ ਭਾਰਤ ਦੀ ਅਸਲ ਹਕੀਕਤ ਇਸ ਦੇ ਉਨ੍ਹਾਂ ਨਾਉਮੀਦ ਲੜਕੇ ਲੜਕੀਆਂ ਵਿਚ ਛੁਪੀ ਹੋਈ ਹੈ ਜਿਨ੍ਹਾਂ ਵਿਚੋਂ 90 ਫ਼ੀਸਦੀ ਦੇ ਹੱਥਾਂ ਵਿਚ ਸਮਾਰਟਫੋਨ ਤਾਂ ਆ ਗਏ ਹਨ ਪਰ ਉਹ ਦੁਨੀਆ ਦਾ ਸਾਹਮਣਾ ਕਰਨ ਲਈ ਤਿਆਰ ਨਹੀਂ ਹਨ। ਪ੍ਰੀ-ਪ੍ਰਾਇਮਰੀ ਤੋਂ ਲੈ ਕੇ ਹਾਇਰ ਸੈਕੰਡਰੀ ਤੱਕ ਸਾਡੇ ਦੇਸ਼ ਦੇ ਸਕੂਲਾਂ ਵਿਚ ਕੁਝ ਨਾ ਕੁਝ ਬਹੁਤ ਹੀ ਗ਼ਲਤ ਹੋ ਰਿਹਾ ਹੈ (ਯੂਨੀਵਰਸਿਟੀਆਂ ਦੀ ਦੁਰਦਸ਼ਾ ਦੀ ਕਹਾਣੀ ਕਿਸੇ ਦਿਨ ਫਿਰ ਦੱਸਾਂਗੇ)। ਇਸ ਲਈ ਅਧਿਆਪਕ, ਸਿੱਖਿਆ ਮਹਿਕਮੇ ਦੇ ਅਫਸਰ ਅਤੇ ਸਿਆਸਤਦਾਨ ਕਸੂਰਵਾਰ ਹਨ।

ਸਰਕਾਰੀ ਸਕੂਲ ਆਮ ਤੌਰ 'ਤੇ ਸਿਆਸਤਦਾਨਾਂ ਲਈ ਨੌਕਰੀਆਂ ਵੰਡਣ ਦਾ ਪ੍ਰਬੰਧ ਬਣੇ ਹੋਏ ਹਨ ਅਤੇ ਉਹ ਦਾਗ਼ੀ ਅਮਲੇ ਖ਼ਿਲਾਫ਼ ਕਾਰਵਾਈ ਕਰਨ ਦੀ ਹਿੰਮਤ ਨਹੀਂ ਦਿਖਾਉਂਦੇ। ਹੈਰਾਨੀ ਦੀ ਗੱਲ ਨਹੀਂ ਕਿ ਬੱਚਿਆਂ ਨਾਲ ਛੇੜਛਾੜ ਦੀਆਂ ਸ਼ਿਕਾਇਤਾਂ ਵਿਦਿਆਰਥਣਾਂ ਜਾਂ ਮਾਪਿਆਂ ਵਲੋਂ ਆਉਂਦੀਆਂ ਹਨ ਨਾ ਕਿ ਸਿੱਖਿਆ ਮਹਿਕਮੇ ਵਲੋਂ। ਸਰਕਾਰੀ ਸਕੂਲਾਂ ਦੀਆਂ ਨੌਕਰੀਆਂ, ਭਾਰੀ ਭਰਕਮ ਤਨਖ਼ਾਹਾਂ ਅਤੇ ਪੈਨਸ਼ਨਾਂ ਕਰਦਾਤਿਆਂ ਦੇ ਪੈਸੇ 'ਤੇ ਦਿੱਤੀਆਂ ਜਾਂਦੀਆਂ ਹਨ। ਇਨ੍ਹਾਂ ਦੀ ਕਾਰਗੁਜ਼ਾਰੀ ਨਾਲ ਉਨ੍ਹਾਂ ਦਾ ਕੋਈ ਸਰੋਕਾਰ ਨਹੀਂ ਹੈ ਕਿਉਂਕਿ ਅਧਿਆਪਕ, ਅਫਸਰ ਜਾਂ ਸਿਆਸਤਦਾਨ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿਚ ਨਹੀਂ ਭੇਜਦੇ ਕਿਉਂਕਿ ਇਹ ਸਕੂਲ ਉਨ੍ਹਾਂ ਦੇ ਲਾਇਕ ਨਹੀਂ ਹਨ। ਸਰਕਾਰੀ ਸਕੂਲਾਂ ਨੂੰ ਰਾਤੋ-ਰਾਤ ਸੁਧਾਰਨ ਦਾ ਸਭ ਤੋਂ ਸੌਖਾ ਤਰੀਕਾ ਇਹ ਹੈ ਕਿ ਅਧਿਆਪਕਾਂ ਅਤੇ ਅਫਸਰਾਂ ਲਈ ਇਹ ਲਾਜ਼ਮੀ ਕੀਤਾ ਜਾਵੇ ਕਿ ਉਨ੍ਹਾਂ ਨੂੰ ਬੱਚੇ ਸਰਕਾਰੀ ਸਕੂਲਾਂ ਵਿਚ ਦਾਖ਼ਲ ਕਰਵਾਉਣੇ ਪੈਣਗੇ ਜਿੱਥੋਂ ਉਹ ਤਨਖਾਹਾਂ ਲੈਂਦੇ ਹਨ ਅਤੇ ਉਮਰ ਭਰ ਲਈ ਪੈਨਸ਼ਨਾਂ ਮਿਲਦੀਆਂ ਹਨ।

ਜਿੱਥੋਂ ਤੱਕ ਮਾੜੇ ਪ੍ਰਾਈਵੇਟ ਸਕੂਲਾਂ ਦਾ ਸੁਆਲ ਹੈ, ਸਰਕਾਰਾਂ ਨੂੰ ਮੁਕਾਮੀ ਸਿਆਸਤਦਾਨਾਂ ਦੀਆਂ ਚਲਾਈਆਂ ਜਾਂਦੀਆਂ ਸਿੱਖਿਆ ਦੀਆਂ ਇਹ ਸ਼ੋਸ਼ਣਕਾਰੀ ਦੁਕਾਨਾਂ ਤੁਰੰਤ ਬੰਦ ਕਰਨੀਆਂ ਚਾਹੀਦੀਆਂ ਹਨ ਜੋ ਗਰੀਬ ਮਾਪਿਆਂ ਦਾ ਖ਼ੂਨ ਚੂਸਦੀਆਂ ਰਹਿੰਦੀਆਂ ਹਨ ਪਰ ਉਨ੍ਹਾਂ ਵਿਚ ਸਿਖਾਉਣ ਦੀ ਕੋਈ ਸਮੱਰਥਾ ਨਹੀਂ ਹੈ। ਭਾਰਤੀ ਸਿਆਸਤਦਾਨਾਂ ਨੇ ਆਪਣੇ ਬੱਚਿਆਂ ਲਈ ਹਮੇਸ਼ਾ ਪ੍ਰਾਈਵੇਟ ਸਕੂਲਾਂ 'ਤੇ ਟੇਕ ਰੱਖੀ ਹੈ, ਤਾਂ ਫਿਰ ਕਿਉਂ ਨਾ ਸਮੁੱਚੇ ਸਿੱਖਿਆ ਖੇਤਰ ਦਾ ਨਿੱਜੀਕਰਨ ਕਰ ਦਿੱਤਾ ਜਾਵੇ ਅਤੇ ਪੇਂਡੂ ਖੇਤਰਾਂ ਦੇ ਬੱਚਿਆਂ ਨੂੰ ਸਰਬੋਤਮ ਸਿੱਖਿਆ ਦੇਣ ਵਾਲੇ ਪ੍ਰਾਈਵੇਟ ਸਕੂਲਾਂ ਨੂੰ ਸਬਸਿਡੀ ਦਿੱਤੀ ਜਾਵੇ? ਚਲੰਤ ਸਿੱਖਿਆ ਏਜੰਡਾ ਸਿਰਫ਼ ਦੋਇਮ ਦਰਜੇ ਦੇ ਸ਼ਹਿਰੀਆਂ ਦਾ ਵੱਡ ਆਕਾਰੀ ਭੰਡਾਰ ਹੀ ਕਾਇਮ ਕਰੇਗਾ। ਆਓ, ਕਿਸੇ ਨੂੰ ਇਹ ਕਹਿਣ ਦਾ ਮੌਕਾ ਨਾ ਦੇਈਏ ਕਿ ਇਹੀ ਤਾਂ ਭਾਰਤੀ ਸਿਆਸਤਦਾਨ ਚਾਹੁੰਦੇ ਹਨ।

# ਅਸਾਮ ਸਰਕਾਰ ਜਿੰਨੇ ਮਰਜ਼ੀ ਕੇਸ ਦਰਜ ਕਰੇ, ਮੈਂ ਡਰਾਂਗਾ ਨਹੀਂ: ਰਾਹੁਲ ਗਾਂਧੀ

**ਬਾਰਪੇਟਾ (ਅਸਾਮ)–** ਗੁਹਾਟੀ ਪੁਲੀਸ ਵੱਲੋਂ ਰਾਹੁਲ ਗਾਂਧੀ ਅਤੇ ਹੋਰ ਕਾਂਗਰਸੀ ਆਗੂਆਂ ਖ਼ਿਲਾਫ਼ ਭੀੜ ਨੂੰ ਭੜਕਾਉਣ ਦੇ ਦੋਸ਼ਾਂ ਤਹਿਤ ਕੇਸ ਦਰਜ ਕੀਤੇ ਜਾਣ ਤੋਂ ਇੱਕ ਦਿਨ ਬਾਅਦ ਕਾਂਗਰਸੀ ਨੇਤਾ ਨੇ ਅੱਜ ਭਾਜਪਾ ਸ਼ਾਸਤ ਸੂਬੇ ਨੂੰ ਚੁਣੌਤੀ ਦਿੱਤੀ ਕਿ ਜਿੰਨਾ ਹੋ ਸਕੇ ਉਹ ਉਨੇ ਮਾਮਲੇ ਦਰਜ ਕਰੇ ਉਹ ਫੇਰ ਵੀ ਨਹੀਂ ਡਰਨਗੇ।



ਬਾਰਪੇਟਾ ਜ਼ਿਲ੍ਹੇ ਵਿੱਚ 'ਭਾਰਤ ਜੋੜੋ ਨਿਆਏ ਯਾਤਰਾ' ਦੇ ਸੱਤਵੇਂ ਦਿਨ ਆਪਣੇ ਪਹਿਲੇ ਜਨਤਕ ਸੰਬੋਧਨ ਵਿੱਚ ਕਾਂਗਰਸ ਆਗੂ ਨੇ ਅਸਾਮ ਦੇ ਮੁੱਖ ਮੰਤਰੀ ਹਿਮੰਤ ਵਿਸ਼ਵ ਸਰਮਾ ਦੀ ਆਲੋਚਨਾ ਕੀਤੀ ਅਤੇ ਉਨ੍ਹਾਂ 'ਤੇ ਜ਼ਮੀਨ ਅਤੇ ਸੁਪਾਰੀ ਨਾਲ ਸਬੰਧਤ ਕਈ ਦੋਸ਼ ਲਾਏ ਅਤੇ ਉਨ੍ਹਾਂ ਨੂੰ ਦੇਸ਼ ਦਾ ਸਭ ਤੋਂ ' ਭ੍ਰਿਸ਼ਟ ਮੁੱਖ ਮੰਤਰੀ' ਨੇ ਕਰਾਰ ਦਿੱਤਾ।

### ਰਾਹੁਲ ਦੀ ਸੁਰੱਖਿਆ ਬਾਰੇ ਅਮਿਤ ਸ਼ਾਹ ਨੂੰ ਪੱਤਰ

ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਪੱਤਰ ਲਿਖ ਕੇ ਅਸਾਮ ਵਿੱਚ 'ਭਾਰਤ ਜੋੜੋ ਨਿਆਏ ਯਾਤਰਾ' ਵਿੱਚ ਸ਼ਾਮਲ ਪਾਰਟੀ ਆਗੂ ਰਾਹੁਲ ਗਾਂਧੀ ਅਤੇ ਹੋਰਨਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਦਖ਼ਲ ਦੇਣ ਦੀ ਅਪੀਲ ਕੀਤੀ ਹੈ। 23 ਜਨਵਰੀ ਦੇ ਇਸ ਪੱਤਰ ਵਿੱਚ ਖੜਗੇ ਨੇ ਦਾਅਵਾ ਕੀਤਾ ਕਿ ਕਈ ਮੌਕਿਆਂ 'ਤੇ ਅਸਾਮ ਪੁਲੀਸ ਯੋਜਨਾਬੱਧ ਢੰਗ ਨਾਲ ਭਾਰਤੀ ਜਨਤਾ ਪਾਰਟੀ ਦੇ ਵਰਕਰਾਂ ਨਾਲ ਖੜ੍ਹੀ ਰਹੀ ਜਾਂ ਉਨ੍ਹਾਂ ਨੂੰ ਸੁਰੱਖਿਆ ਘੇਰਾ ਤੋੜਨ ਅਤੇ ਰਾਹੁਲ ਗਾਂਧੀ ਦੇ ਨੇੜੇ ਜਾਣ ਦੀ ਇਜਾਜ਼ਤ ਦਿੱਤੀ। ਖੜਗੇ ਮੁਤਾਬਕ ਸਬੂਤ ਜਨਤਕ ਹੋਣ ਦੇ ਬਾਵਜੂਦ ਹਾਲੇ ਤੱਕ ਕਿਸੇ ਸ਼ਰਾਰਤੀ ਅਨਸਰ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ ਹੈ ਅਤੇ ਕਈ ਮਾਮਲਿਆਂ ਦੀ ਜਾਂਚ ਵੀ ਸ਼ੁਰੂ ਨਹੀਂ ਕੀਤੀ ਗਈ ਹੈ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਵਿਦੇਸ਼ੀ ਗੇੜਾ ਲਾ ਵਾਪਿਸ ਆਏ 31 ਸਾਲਾ ਵਿਅਕਤੀ ਨੂੰ ਔਕਲੈਂਡ ਹਵਾਈ ਅੱਡੇ ਉਤੇ ਕੀਤਾ ਗ੍ਰਿਫਤਾਰ

## ਪਿਛਲੇ ਸਾਲ ਦੇ ਨਸ਼ਾ ਤਸਕਰ ਦੋਸ਼ੀਆਂ ਦੇ ਨਾਲ ਵੀ ਹੈ ਸਬੰਧ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਔਕਲੈਂਡ ਦੇ ਇਕ ਵਿਅਕਤੀ ਨੂੰ ਇਥੇ ਦੇ ਅੰਤਰਰਾਸ਼ਟਰੀ ਹਵਾਈ ਅੱਡੇ ਉਤੇ ਬੀਤੇ ਐਤਵਾਰ ਨਸ਼ੀਲੇ ਪਦਾਰਥਾਂ ਦੀ ਖੇਪ ਦੇ ਸਬੰਧ ਵਿਚ ਗ੍ਰਿਫਤਾਰ ਕੀਤਾ ਗਿਆ ਸੀ, ਜਿਸ ਨੂੰ ਅੱਜ ਮੈਨੁਕਾਓ ਜ਼ਿਲ੍ਹਾ ਅਦਾਲਤ ਦੇ ਵਿਚ ਪੇਸ਼ ਕੀਤਾ ਗਿਆ। ਇਹ ਵਿਅਕਤੀ ਡਾਕ ਪ੍ਰਣਾਲੀ ਨੂੰ ਨਸ਼ੇ ਦੀ ਤਸਕਰੀ ਦੇ ਲਈ ਵਰਤਦਾ ਸੀ। ਇਸ 31 ਸਾਲਾ ਵਿਅਕਤੀ ਨੂੰ ਉਸ ਸਮੇਂ ਗ੍ਰਿਫਤਾਰ ਕੀਤਾ ਗਿਆ ਜਦੋਂ ਇਹ ਵਿਦੇਸ਼ ਤੋਂ ਵਾਪਿਸ ਪਰਤਿਆ ਸੀ। ਜਾਸੂਸ ਇੰਸਪੈਕਟਰ ਟੌਮ ਗੋਲਨ ਨੇ ਇਸ ਸਬੰਧੀ ਮੀਡੀਆ ਨੂੰ ਜਾਣਕਾਰੀ ਦਿੱਤੀ ਹੈ। ਅਦਾਲਤੀ ਦਸਤਾਵੇਜ਼ ਦਸਦੇ ਹਨ ਕਿ 2023 ਦੇ ਅਖੀਰ ’ਚ ਇਕ ਅਪਰਾਧਿਕ ਮਾਮਲੇ ਦੇ ਸਬੰਧ ਵਿੱਚ ਇਸ ਵਿਅਕਤੀ ਉੱਤੇ ਦੋ ਹੋਰਾਂ ਦੇ ਨਾਲ ਸਾਂਝੇ ਤੌਰ ’ਤੇ ਦੋਸ਼ ਵੀ ਲਗਾਏ ਗਏ ਸਨ।

ਉਸ ਉਤੇ ਕਈ ਪੈਕੇਟਾਂ ਦੇ ਵਿਚ ਨਿਊਜ਼ੀਲੈਂਡ ਵਿੱਚ 3 ਕਿਲੋਗ੍ਰਾਮ ਤੋਂ ਵੱਧ ਮੇਥਾਮਫੇਟਾਮਾਈਨ ਨਾਂਅ ਦਾ ਨਸ਼ਾ (ਚਿੱਟਾ) ਸਫਲਤਾਪੂਰਵਕ ਆਯਾਤ ਕਰਨ ਦਾ ਦੋਸ਼ ਹੈ। ਇਸ ਵਿਅਕਤੀ ’ਤੇ ਇਹ ਵੀ ਦੋਸ਼ ਹੈ ਕਿ ਉਸ ਨੇ ਦੇਸ਼ ਵਿਚ ਲਗਪਗ 3 ਕਿਲੋਗ੍ਰਾਮ ਚਿੱਟਾ ਆਯਾਤ ਕੀਤਾ ਸੀ, ਹਾਲਾਂ ਕਿ ਇਸਦੇ ਵੱਖ-ਵੱਖ ਪੈਕੇਟ ਕਸਟਮ ਵਿਭਾਗ ਦੁਆਰਾ ਜ਼ਬਤ ਕੀਤੇ ਗਏ ਸਨ। ਇਸ ਤਿੱਕੜੀ ਉਤੇ ਇਹ ਵੀ ਦੋਸ਼ ਹੈ ਕਿ ਉਨ੍ਹਾਂ ਨੇ ਨਿਊਜ਼ੀਲੈਂਡ ਵਿਚ 12 ਕਿਲੋਗ੍ਰਾਮ ਮੈਥਾਮਫੇਟਾਮਾਈਨ ਦਰਾਮਦ ਕਰਨ ਦੀ ਸਾਜ਼ਿਸ਼ ਰਚੀ ਸੀ, ਹਾਲਾਂਕਿ ਅਦਾਲਤੀ ਦਸਤਾਵੇਜ਼ਾਂ ਦਾ ਕਹਿਣਾ ਹੈ ਕਿ ਇਹ ਪੈਕੇਟ ਕੈਨੇਡੀਅਨ ਸਰਹੱਦੀ ਸੁਰੱਖਿਆ ਏਜੰਸੀ ਦੁਆਰਾ ਜ਼ਬਤ ਕਰ ਲਏ ਗਏ ਸਨ। ਨੈਸ਼ਨਲ ਆਰਗੇਨਾਈਜ਼ਡ ਕ੍ਰਾਈਮ ਗਰੁੱਪ ਦੇ ਸ੍ਰੀ ਗੋਲਨ ਨੇ ਕਿਹਾ ਕਿ ਓਪਰੇਸ਼ਨ ਯੈਲੋਸਟੋਨ (ਪੀਲਾ ਪੱਥਰ) ਨਾਂਅ ਦੀ ਜਾਂਚ ਨੇ ਕਈ ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ। ਸ੍ਰੀ ਗੋਲਨ ਨੇ ਕਿਹਾ “ਅਗਲੇ ਹਫ਼ਤਿਆਂ ’ਚ ਅਗਲੇਰੀ ਜਾਂਚ ਰਾਹੀਂ ਇਸ ਪੁਰਸ਼ ਦੁਆਰਾ ਮੇਲ (ਡਾਕ) ਪ੍ਰਣਾਲੀ ਰਾਹੀਂ ਕਈ ਹੋਰ ਕਥਿਤ ਮੈਥਾਫੇਟਾਮਾਈਨ (ਚਿੱਟਾ) ਆਯਾਤ ਦੇ ਸਬੰਧ ਵਿੱਚ ਸ਼ਮੂਲੀਅਤ ਦੀ ਪਛਾਣ ਕੀਤੀ ਗਈ ਹੈ।” ਸੋ ‘ਮੇਲ’ ਦੇ ਵਿਚ ਨਸ਼ੇ ਦਾ ‘ਖੇਲ’ ਖੇਲਣ ਦਾ ਇਹ ਘਿਨਾਉਣਾ ਕਾਰਾ ਪੁਲਿਸ ਨੇ ਮੌਕੇ ਉਤੇ ਫੜ ਕੇ ਮੈਦਾਨੋਂ ਬਾਹਰ ਕਰ ਦਿੱਤਾ ਹੈ।




### ਕੀ ਹੈ ‘ਚਿੱਟਾ’?

ਇਹ ਇਕ ਬਹੁਤ ਹੀ ਘਾਤਕ, ਸ਼ਕਤੀਸ਼ਾਲੀ ਨਸ਼ੀਲਾ ਪਦਾਰਥ ਹੈ। ਇਹ ਮਨੁੱਖ ਦੇ ਕੇਂਦਰੀ ਨਾੜੀਤੰਤਰ ਉਤੇ ਜ਼ਬਰਦਸਤ ਅਸਰ ਕਰਦਾ ਹੈ। ਇਸ ਨੂੰ ਕ੍ਰਿਸਟਲ ਮੈਥ ਵੀ ਕਿਹਾ ਜਾਂਦਾ ਹੈ। ਪੰਜਾਬ ਵਿਚ ਇਹ ‘ਚਿੱਟੇ’ ਦੇ ਨਾਂਅ ਨਾਲ ਮਸ਼ਹੂਰ ਹੈ। ਇਸ ਦੀ ਲਤ ਲਗਦਿਆਂ ਦੇਰ ਨਹੀਂ ਲਗਦੀ। ਇਹ ਕੱਚ ਦੇ ਟੁਕੜਿਆਂ ਵਾਂਗ ਨਜ਼ਰ ਆਉਂਦਾ ਹੈ ਅਤੇ ਪਾਣੀ ਅਤੇ ਸ਼ਰਾਬ ਵਿਚ ਝੱਟਪੱਟ ਘੁਲ ਜਾਂਦਾ ਹੈ। ਇਸ ਨੂੰ 20ਵੀਂ ਸਦੀ ਦੇ ਸ਼ੁਰੂ ਵਿਚ ਮੂਲ ਰਸਾਇਣਕ ਤੱਤ ‘ਐਮਫੇਟੇਮਿਨ’ (1mphetaimnes) ਦੇ ਨਾਲ ਬਣਾਇਆ ਗਿਆ ਸੀ। ਇਸ ਨੂੰ ਦਵਾਈ ਦੇ ਤੌਰ ਉਤੇ ਵਰਤਿਆ ਜਾਣ ਲੱਗਾ ਸੀ। ਇਸ ਨੂੰ ਦਵਾਈ ਵਾਂਗ ਲੈਣ ਉਤੇ ਲੋਕ ਜ਼ਿਆਦਾ ਐਕਟਿਵ (ਕ੍ਰਿਆਸ਼ੀਲ) ਹੋ ਜਾਂਦੇ ਸਨ। ਲੋਕ ਜ਼ਿਆਦਾ ਬੋਲਣ ਲਗਦੇ ਹਨ ਅਤੇ ਭੁੱਖ ਲੱਗਣੀ ਘੱਟ ਹੋ ਜਾਂਦੀ ਹੈ। ਵਿਅਕਤੀ ਸਰੂਰ ਵਿਚ ਹੋਣ ਲਗਦਾ ਹੈ। ਮੈਥਾਫੇਟਾਮਾਈਨ ਨਾੜੀ ਤੰਤਰ ਨੂੰ ਤੁਰੰਤ ਪ੍ਰਭਾਵਿਤ ਕਰਦਾ ਹੈ ਅਤੇ ਹੁਣ ਇਸ ਦੀ ਦੁਰਵਰਤੋਂ ਬਹੁਤ ਜਿਆਦਾ ਹੋਣ ਲੱਗੀ ਹੈ। ਨੀਂਦ ਨਾ ਆਉਣ ਦੀ ਦਿੱਕਤ ਦੇ ਲਈ ਵੀ ਇਹ ਵਰਤਿਆ ਜਾਣ ਲੱਗਾ ਹੈ। ਇਹ ਦਿਮਾਗ ਦੇ ਵਿਚ ਡੋਪਾਮਾਈਨ (ਡੋਪਾਮਾਈਨ: ਦਿਮਾਗ ਦੇ ਵਿਚ ਇਕ ਰਸਾਇਣਕ ਦ੍ਰਵ ਵਜੋਂ ਕੰਮ ਕਰਦਾ ਹੈ ਤਾਂ ਜੋ ਤੁਹਾਨੂੰ ਖੁਸ਼ੀ, ਸੰਤੁਸ਼ਟੀ ਅਤੇ ਪ੍ਰੇਰਣਾ ਦੀਆਂ ਭਾਵਨਾਵਾਂ ਮਿਲ ਸਕਣ) ਦੀ ਮਾਤਰਾ ਨੂੰ ਵਧਾ ਦਿੰਦਾ ਹੈ। ਇਸਦੀ ਜਿਆਦਾ ਮਾਤਰਾ ਜਾਨਲੇਵਾ ਹੋ ਸਕਦੀ ਹੈ।

ਅਮਰੀਕਾ ਦੇ ਵਿਚ 5.4% ਲੋਕਾਂ ਨੇ ਘੱਟੋ-ਘੱਟ ਇਕ ਵਾਰ ਜਰੂਰ ਇਹ ਨਸ਼ਾ ਲਿਆ ਹੈ। ਇਸ ਦੇ ਨਾਲ ਮੌਤਾਂ ਦੀ ਗਿਣਤੀ ਦੇ ਵਿਚ ਵੀ ਵਾਧਾ ਹੋ ਰਿਹਾ ਹੈ।

ਲੋਕ ਇਸ ਨਸ਼ੇ ਨੂੰ ਸਿਗਰਟ ਦੇ ਰਾਹੀਂ, ਗੋਲੀ ਦੇ ਰਾਹੀਂ, ਨੱਕ ਦੇ ਰਾਹੀਂ ਖਿੱਚ ਕੇ ਜਾਂ ਟੀਕੇ ਰਾਹੀਂ ਲੈਂਦੇ ਹਨ। ਲੰਬੇ ਸਮੇਂ ਤੱਕ ਇਹ ਚਿੱਟਾ ਲੈਣ ਕਰਕੇ ਐਚ. ਆਈ. ਵੀ. ਤੇ ਹੈਪੇਟਾਈਟਸ ਬੀ ਅਤੇ ਸੀ ਦਾ ਖਤਰਾ ਵੀ ਹੁੰਦਾ ਹੈ। ਦਿਲ ਦੀਆਂ ਕਈ ਬਿਮਾਰੀਆਂ ਵੀ ਇਸ ਨਾਲ ਹੁੰਦੀਆਂ ਹਨ।

## ਪੰਜਾਬ ਮੰਤਰੀ ਮੰਡਲ ਫ਼ੈਸਲੇ

# 10.77 ਲੱਖ ਕੱਟੇ ਕਾਰਡ ਬਹਾਲ, ਮੁਫ਼ਤ ਮਿਲੇਗਾ ਰਾਸ਼ਨ, ਅਧਿਆਪਕ ਬਦਲੀਆਂ ਲਈ ਨਵੀਂ ਯੋਜਨਾ

**ਚੰਡੀਗੜ੍ਹ–** ਪੰਜਾਬ ਸਰਕਾਰ ਨੇ ਭੋਜਨ ਸੁਰੱਖਿਆ ਯੋਜਨਾ ਤੋਂ ਵਾਂਝੇ ਕੀਤੇ 10177 ਲੱਖ ਕਾਰਡਾਂ ਨੂੰ ਬਹਾਲ ਕਰਨ ਦਾ ਫੈਸਲਾ ਕੀਤਾ ਹੈ। ਅੱਜ ਕੈਬਨਿਟ



ਮੀਟਿੰਗ ਬਾਰੇ ਜਾਣਕਾਰੀ ਦਿੰਦੇ ਹੋਏ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਇਨ੍ਹਾਂ ਲਾਭਪਾਤਰੀਆਂ ਨੂੰ ਇਸ ਮਹੀਨੇ ਤੋਂ ਮੁਫਤ ਰਾਸ਼ਨ ਮਿਲੇਗਾ। ਉਨ੍ਹਾਂ ਕਿਹਾ ਕਿ ਸਕੂਲ ਅਧਿਆਪਕਾਂ ਦੇ ਤਬਾਦਲੇ ਨੂੰ ਸਰਲ ਬਣਾਉਣ ਲਈ ਨਵੀਂ ਸਕੀਮ ਨੂੰ ਵੀ ਮੰਤਰੀ ਮੰਡਲ ਵੱਲੋਂ ਮਨਜ਼ੂਰੀ ਦੇ ਦਿੱਤੀ ਗਈ ਹੈ। ਸ੍ਰੀ ਮਾਨ ਨੇ ਕਿਹਾ ਕਿ ਮੁੱਖ ਮੰਤਰੀ ਯੋਗਸ਼ਾਲਾਵਾਂ ਨੂੰ 15 ਨਵੇਂ ਸ਼ਹਿਰਾਂ ਤੱਕ ਵਧਾਇਆ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਅਪਰੇਸ਼ਨਾਂ ਦੌਰਾਨ ਸ਼ਹੀਦ ਹੋਏ ਰੱਖਿਆ ਕਰਮਚਾਰੀਆਂ ਦੀਆਂ ਵਿਧਵਾਵਾਂ ਦੀ ਪੈਨਸ਼ਨ 6,000 ਰੁਪਏ ਤੋਂ ਵਧਾ ਕੇ 10,000 ਰੁਪਏ ਪ੍ਰਤੀ ਮਹੀਨਾ ਕਰ ਦਿੱਤੀ ਗਈ ਹੈ। ਫਰਿਸ਼ਤੇ ਸਕੀਮ 27 ਜਨਵਰੀ ਨੂੰ ਸ਼ੁਰੂ ਕੀਤੀ ਜਾਵੇਗੀ। ਮੰਤਰੀ ਮੰਡਲ ਨੇ ਪੀਪੀਐੱਸਸੀ ਦੇ ਚੇਅਰਮੈਨ ਵਜੋਂ ਜੇਪੀਐੱਸ ਔਲਖ ਦੇ ਨਾਂ ਨੂੰ ਵੀ ਹਰੀ ਝੰਡੀ ਦੇ ਦਿੱਤੀ ਹੈ। ਹੁਣ ਫਾਈਲ ਮਨਜ਼ੂਰੀ ਲਈ ਰਾਜਪਾਲ ਕੋਲ ਭੇਜੀ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ 2024 ਵਿੱਚ ਪੰਜਾਬ ਸਾਰੀਆਂ ਲੋਕ ਸਭਾ ਸੀਟਾਂ ਆਮ ਆਦਮੀ ਪਾਰਟੀ ਨੂੰ ਦੇ ਕੇ ਇਤਿਹਾਸ ਰਚੇਗਾ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਕਾਂਗਰਸ ਨਾਲ ਕੋਈ ਗਠਜੋੜ ਨਹੀਂ ਹੋਵੇਗਾ।






# ਦੇਸ਼ ਭਗਤ ਯੂਨੀਵਰਸਿਟੀ ਨੇ ਲੋਹੜੀ ਕਾਰਨੀਵਲ ਅਤੇ ਸਕੂਲ ਕਨੈਕਟ ਪ੍ਰੋਗਰਾਮ - 2024 ਮਨਾਇਆ

ਮੰਡੀ ਗੋਬਿੰਦਗੜ- ਦੇਸ਼ ਭਗਤ ਯੂਨੀਵਰਸਿਟੀ ਵੱਲੋਂ ਕੈਂਪਸ ਵਿੱਚ ਯੁਵਕ ਭਲਾਈ ਵਿਭਾਗ ਦੇ ਸਹਿਯੋਗ ਨਾਲ ਸਕੂਲ ਕਨੈਕਟ ਪ੍ਰੋਗਰਾਮ ਅਤੇ ਲੋਹੜੀ ਕਾਰਨੀਵਲ ਦਾ ਆਯੋਜਨ ਕੀਤਾ ਗਿਆ। ਲੋਹੜੀ ਇੱਕ ਪ੍ਰਸਿੱਧ ਮੱਧ-ਸਰਦੀਆਂ ਦਾ ਪੰਜਾਬੀ ਲੋਕ ਤਿਉਹਾਰ ਹੈ ਜੋ ਹਰ ਸਾਲ 13 ਜਨਵਰੀ ਨੂੰ ਮਨਾਇਆ ਜਾਂਦਾ ਹੈ। ਇਸ ਤਿਉਹਾਰ ਨੂੰ ਯਾਦਗਾਰੀ ਬਣਾਉਣ ਲਈ ਦੇਸ਼ ਭਗਤ ਯੂਨੀਵਰਸਿਟੀ ਵੱਲੋਂ 11 ਜਨਵਰੀ 2024 ਨੂੰ ਸਟੂਡੈਂਟਸ ਸੈਂਟਰ ਦੇ ਵਿਹੜੇ ਵਿੱਚ ਲੋਹੜੀ ਦਾ ਤਿਉਹਾਰ ਬੜੀ ਧੂਮ-ਧਾਮ ਨਾਲ ਮਨਾਇਆ ਗਿਆ। ਲੋਹੜੀ ਕਾਰਨੀਵਲ ਅਤੇ ਸਕੂਲ ਕਨੈਕਟ ਪ੍ਰੋਗਰਾਮ ਵਿੱਚ ਪਟਿਆਲਾ, ਲੁਧਿਆਣਾ, ਫਤਹਿਗੜ੍ਹ ਸਾਹਿਬ, ਮੋਹਾਲੀ, ਮਲੇਰਕੋਟਲਾ ਅਤੇ ਭਵਾਨੀਗੜ੍ਹ ਦੇ ਸਰਕਾਰੀ ਅਤੇ ਕਾਨਵੈਂਟ ਸਕੂਲਾਂ ਦੇ ਲਗਭਗ 3000 ਵਿਦਿਆਰਥੀਆਂ ਅਤੇ 300 ਅਧਿਆਪਕਾਂ ਨੇ ਭਾਗ ਲਿਆ। ਵੱਖ-ਵੱਖ ਸਕੂਲਾਂ ਦੇ ਪ੍ਰਿੰ-ਸੀਪਲਾਂ ਅਤੇ ਅਧਿਆਪਕਾਂ ਨੇ ਸਿੱਖਿਆ ਦੇ ਖੇਤਰ ਵਿੱਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ।



ਜਸ਼ਨ ਦੀ ਸ਼ੁਰੂਆਤ ਅਥਾਹ ਖੁਸ਼ੀ, ਉਤਸ਼ਾਹ ਅਤੇ ਧੂਮ-ਧਾਮ ਨਾਲ ਹੋਈ। ਦੇਸ਼ ਭਗਤ ਯੂਨੀਵਰਸਿਟੀ ਦੇ ਮਾਨਯੋਗ ਚਾਂਸਲਰ ਡਾ: ਜ਼ੋਰਾ ਸਿੰਘ ਨੇ ਕਾਰਨੀਵਲ ਵਿਚ ਪਹੁੰਚੇ ਸਕੂਲ ਅਤੇ ਦੇਸ਼ ਭਗਤ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਇਸ ਪਵਿੱਤਰ ਤਿਉਹਾਰ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਅਤੇ ਉਨ੍ਹਾਂ ਦੇ ਗਿਆਨ ਵਿੱਚ ਵਾਧਾ ਕਰਦੇ ਹੋਏ ਕਿਹਾ ਕਿ ਲੋਹੜੀ ਉੱਤਰੀ ਭਾਰਤ ਅਤੇ ਖਾਸ ਕਰਕੇ ਪੰਜਾਬ ਤੇ ਹਰਿਆਣਾ ਦਾ ਪ੍ਰਸਿੱਧ ਤਿਉਹਾਰ ਹੈ। ਉਨ੍ਹਾਂ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਨਵੇਂ ਸਾਲ ਅਤੇ ਲੋਹੜੀ ਦੇ ਤਿਉਹਾਰ ਦੀ ਵਧਾਈ ਵੀ ਦਿੱਤੀ। ਪਰੋ - ਚਾਂਸਲਰ ਡਾ। ਤੇਜਿੰਦਰ ਕੌਰ ਨੇ ਕਿਹਾ ਕਿ ਜਿਸ ਘਰ ਲੜਕਾ ਪੈਦਾ ਹੁੰਦਾ ਹੈ, ਉਸ ਘਰ ਵਿੱਚ ਪਹਿਲੀ ਲੋਹੜੀ ਵਜੋਂ ਇਹ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਪਰ ਅੱਜ ਕੱਲ੍ਹ ਲੋਕਾਂ ਨੇ ਧੀਆਂ-ਪੁੱਤਾਂ ਦਾ ਫਰਕ ਮਿਟਾ ਦਿੱਤਾ ਹੈ ਅਤੇ ਧੀਆਂ ਦੀ ਲੋਹੜੀ ਵੀ ਧੂਮ-ਧਾਮ ਨਾਲ ਮਨਾਈ ਜਾਂਦੀ ਹੈ। ਉਨ੍ਹਾਂ ਕਿਹਾ ਕਿ ਲੋਹੜੀ ਦਾ ਇਤਿਹਾਸ ਦੁੱਲਾ ਭੱਟੀ ਦੀ ਕਹਾਣੀ ਨਾਲ ਵੀ ਜੁੜਿਆ ਹੋਇਆ ਹੈ। ਇਸ ਮੌਕੇ ਪ੍ਰਧਾਨ ਡਾ: ਸੰਦੀਪ ਸਿੰਘ, ਮੀਤ ਪ੍ਰਧਾਨ ਡਾ: ਹਰਸ਼ ਸਦਾਵਰਤੀ, ਡਾਇਰੈਕਟਰ ਮੀਡੀਆ ਡਾ: ਸੁਰਜੀਤ ਕੌਰ ਪਥੇਜਾ ਅਤੇ ਫੈਕਲਟੀ ਮੈਂਬਰਾਂ ਨੇ ਬਾਹਰੋਂ ਆਏ ਸਕੂਲਾਂ ਦੇ ਪ੍ਰਿੰਸੀਪਲਾਂ, ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਲੋਹੜੀ ਦੇ ਤਿਉਹਾਰ ਦੀ ਵਧਾਈ ਦਿੱਤੀ।

ਇਸ ਮੌਕੇ ਵਿਦਿਆਰਥੀ ਰਵਾਇਤੀ ਪੁਸ਼ਾਕਾਂ ਵਿੱਚ ਸਜੇ ਹੋਏ ਸਨ। ਦੇਸ਼ ਭਗਤ ਯੂਨੀਵਰਸਿਟੀ ਨੇ ਵਿਦਿਆਰਥੀਆਂ ਲਈ ਵੱਖ ਵੱਖ ਵਿਭਾਗਾਂ ਦੇ ਗਿਆਨ ਵਧਾਊ ਸਟਾਲ ਲਗਾਏ ਹੋਏ ਸਨ ਜਿਸ ਨੂੰ ਸਕੂਲਾਂ ਦੇ ਬੱਚਿਆਂ ਨੇ ਬਹੁਤ ਗਹੁ ਨਾਲ ਵਾਚਿਆ ਤੇ ਜਾਣਕਾਰੀ ਹਾਸਿਲ ਕੀਤੀ। ਲੋਹੜੀ ਕਾਰਨੀਵਲ ਵਿੱਚ ਪਟਿਆਲਾ, ਲੁਧਿਆਣਾ, ਫਤਹਿਗੜ੍ਹ ਸਾਹਿਬ, ਮੁਹਾਲੀ, ਮਲੇਰਕੋਟਲਾ ਅਤੇ ਭਵਾਨੀਗੜ੍ਹ ਤੋਂ ਆਏ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਗੀਤ ਸੰਗੀਤ ਦਾ ਭਰਪੂਰ ਆਨੰਦ ਮਾਣਿਆ। ਯੂਨੀਵਰਸਿਟੀ ਵੱਲੋਂ ਸਕੂਲਾਂ ਦੇ ਪ੍ਰਿੰਸੀਪਲਾਂ, ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਦੇ ਕੇ ਸਨਮਾਨਿਤ ਕੀਤਾ ਗਿਆ। ਵੱਖ-ਵੱਖ ਸਕੂਲਾਂ ਦੇ ਪ੍ਰਿੰਸੀਪਲਾਂ ਅਤੇ ਅਧਿਆਪਕਾਂ ਨੇ ਦੇਸ਼ ਭਗਤ ਯੂਨੀਵਰਸਿਟੀ ਦੇ ਸਿੱਖਿਆ ਪ੍ਰਬੰਧਾਂ ਦੀ ਸ਼ਲਾਘਾ ਕੀਤੀ।

## ਗਾਇਕੀ ਤੇ ਕਾਨੂੰਨ ਨਾਲ ਨਸ਼ੇ ਤੋਂ ਨਿਜ਼ਾਤ ਸਮਾਜ ਨੂੰ ਦਿਵਾਉਣ ਲਈ ਸਰਗਰਮ ਅਫ਼ਸਰ ਗਾਇਕ ਬਲਜਿੰਦਰ ਸਿੰਘ ਪੰਮਾ ਮੱਲ੍ਹੀ ਬਣੇ ਗੜ੍ਹਸ਼ੰਕਰ ਦੇ ਥਾਣਾ ਮੁੱਖੀ



ਗੀਤਾਂ ਨਾਲ ਲੋਕਾਂ ਨੂੰ ਕਰੋਨਾ ਤੋਂ ਜਾਗਰੂਕ ਕੀਤਾ ਸੀ ਤੇ ਅੱਜ ਨਸ਼ਾ ਵੱਡੀ ਬਿਮਾਰੀ ਪੰਜਾਬੀਆਂ ਨੂੰ ਚਿੰਬੜੀ ਏ ਤੇ ਇਹ ਬਿਮਾਰੀ ਫੈਲਾਉਣ ਵਾਲੇ ਸਮਝ ਲੈਣ ਕਿ ਗੜ੍ਹਸ਼ੰਕਰ ਖੇਤਰ ਵਿੱਚ ਓਹਨਾਂ ਦੀ ਖ਼ੈਰ ਨਹੀਂ ਹੈ।ਇਹ ਗੱਲ ਗਾਇਕ ਤੇ ਇੰਸਪੈਕਟਰ ਬਲਜਿੰਦਰ ਸਿੰਘ ਪੰਮਾ ਮੱਲ੍ਹੀ ਨੇ ਥਾਣਾ ਗੜ੍ਹਸ਼ੰਕਰ ਦਾ ਅਹੁਦਾ ਸੰਭਾਲਣ ਮੌਕੇ ਕਹੀ ਤੇ ਸੁਚੇਤ ਕੀਤਾ ਕਿ ਲੋਕਾਂ ਦੇ ਸਹਿਯੋਗ ਨਾਲ ਓਹ ਮੁੱਖ ਮੰਤਰੀ ਭਗਵੰਤ ਮਾਨ ਤੇ ਡੀ ਜੀ ਪੀ ਸ਼੍ਰੀ ਗੌਰਵ ਯਾਦਵ ਦਾ ਨਿਸ਼ਾਨਾ ਨਸ਼ਾ ਮੁਕਤ ਪੰਜਾਬ ਰੰਗਲਾ ਪੰਜਾਬ ਲਈ ਦਿਨ ਰਾਤ ਇੱਕ ਕਰਨਗੇ। ਪੰਮਾ ਮੱਲ੍ਹੀ ਨੇ ਨਸ਼ਿਆਂ ਤੇ ਗਾਇਕੀ ਨਾਲ ਵੀ ਵਾਰ ਕਰਨਾ ਏ ਤੇ ਕਾਨੂੰਨ ਦੇ ਡੰਡੇ ਨਾਲ ਵੀ ਨਸ਼ੇ ਦੇ ਵਪਾਰੀ ਸਲਾਖਾਂ ਪਿੱਛੇ ਕਰਨੇ ਹਨ। ਪੰਜਾਬ ਪੁਲਿਸ ਦੇ ਹੋਣਹਾਰ ਕਲਾਕਾਰ ਤੇ ਇਮਾਨਦਾਰ ਅਫ਼ਸਰ ਬਲਜਿੰਦਰ ਸਿੰਘ ਪੰਮਾ ਮੱਲ੍ਹੀ ਨੇ ਕਿਹਾ ਕਿ ਐਸ ਐਸ ਪੀ ਸ਼੍ਰੀ ਸੁਰਿੰਦਰ ਲਾਂਬਾ ਦੇ ਦਿਸ਼ਾ ਨਿਰਦੇਸ਼ਾਂ ਤੇ ਡੀ ਐਸ ਪੀ ਗੜ੍ਹਸ਼ੰਕਰ ਦੀ ਯੋਗ ਅਗਵਾਈ ਨਾਲ ਓਹ ਇਲਾਕਾ ਸ਼ਾਂਤਮਈ ਤੇ ਨਸ਼ਾ ਰਹਿਤ ਬਣਾਉਣ ਲਈ ਆਪਣੀ ਟੀਮ ਨਾਲ ਹਰ ਕੋਸਿਸ਼ ਕਰਨਗੇ। **- ਅੰਮ੍ਰਿਤ ਪਵਾਰ**

## ਭਾਜਪਾ ਪੰਜਾਬ ਵਲੋਂ ਭਾਜਪਾ ਸੂਬਾ ਸੋਸ਼ਲ ਮੀਡੀਆ ਦੀ ਟੀਮ ਘੋਸ਼ਿਤ

**ਚੰਡੀਗੜ-** ਭਾਜਪਾ ਪੰਜਾਬ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ, ਸੂਬਾ ਜਨਰਲ ਸਕੱਤਰ (ਸੰਗਠਨ) ਮੰਥਰੀ ਸ਼੍ਰੀਨਿਵਾਸਲੂ ਅਤੇ ਸੂਬਾ ਜਨਰਲ ਸਕੱਤਰ 'ਤੇ ਸੂਬਾ ਸੋਸ਼ਲ ਮੀਡੀਆ ਇੰਚਾਰਜ ਪਰਮਿੰਦਰ ਸਿੰਘ ਬਰਾੜ ਨਾਲ ਵਿਚਾਰ-ਵਟਾਂਦਰੇ ਨਾਲ ਸੂਬਾ ਸ਼ੋਸ਼ਲ ਮੀਡਿਆ ਸੈਲ ਪੰਜਾਬ ਦੇ ਕਨਵੀਨਰ ਅਜੇ ਅਰੋੜਾ ਨੇ ਆਪਣੀ ਟੀਮ ਦੇ ਸੂਬਾਈ ਅਹੁਦੇਦਾਰਾਂ ਦੀਆਂ ਨਿਯੁਕਤੀਆਂ ਕੀਤੀਆਂ ਹਨ। ਪੰਜਾਬ ਭਾਜਪਾ ਦੇ ਸੂਬਾ ਪ੍ਰੈੱਸ ਸਕੱਤਰ ਹਰਦੇਵ ਸਿੰਘ ਉੱਭਾ ਨੇ ਟੀਮ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸੋਸ਼ਲ ਮੀਡੀਆ ਸੈੱਲ ਪੰਜਾਬ ਦੇ ਸੂਬਾ ਕੋ-ਕਨਵੀਨਰ ਦੇ ਅਹੁਦੇ 'ਤੇ ਅਤੁੱਲ ਗੋਇਲ (ਬਠਿੰਡਾ), ਅਵਿਨਾਸ਼ ਗੁਪਤਾ (ਫਿਰੋਜਪੁਰ), ਵਰਜੇਸ਼ ਮੋਦਗਿਲ (ਮੋਹਾਲੀ), ਉਮੇਸ਼ਵਰ ਮਹਾਜਨ (ਗੁਰਦਾਸਪੁਰ), ਵਿੱਕੀ ਗੁਜਰਾਲ (ਕਪੂਰਥਲਾ), ਸੰਦੀਪ ਜੰਗੀਦ (ਮੁਕਤਸਰ ਸਾਹਿਬ), ਬਲਰਾਜ ਸਿੰਘ ਦਿਆਲ (ਲੁਧਿਆਣਾ) ਨੂੰ ਨਿਯੁਕਤ ਕੀਤਾ ਗਿਆ ਹੈ। ਇਸ ਤੋਂ ਅਲਾਵਾ ਸੂਬਾ ਸੋਸ਼ਲ ਮੀਡਿਆ ਦੇ ਕਾਰਜਕਾਰੀ ਮੈਂਬਰਾਂ ਦੇ ਤੌਰ 'ਤੇ ਨਿਕੁੰਜ ਧਵਨ (ਮੋਹਾਲੀ), ਅਮਨਦੀਪ ਸਿੰਘ (ਫਤਹਿਗੜ ਸਾਹਿਬ) 'ਤੇ ਹਰਸ਼ ਸਰੀਨ (ਲੁਧਿਆਣਾ) ਨੂੰ ਨਿਯੁਕਤ ਕੀਤਾ ਗਿਆ ਹੈ।

## ਗੜ੍ਹਸ਼ੰਕਰ ਸ਼ਹਿਰ ਵਿੱਚ ਪ੍ਰਵਾਸੀ ਮੰਗਤਿਆਂ ਦੀ ਵਧ ਰਹੀ ਗਿਣਤੀ ਬਣੀ ਚਿੰਤਾ ਦਾ ਵਿਸ਼ਾ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)-** ਜਿੱਥੇ ਮੌਕੇ ਦੀਆਂ ਸਰਕਾਰਾਂ ਵੱਲੋਂ ਬੱਚਿਆਂ ਦੇ ਭਵਿੱਖ ਨੂੰ ਲੈ ਕੇ ਬਹੁਤ ਹੀ ਦਾਅਵੇ ਕੀਤੇ ਜਾਂਦੇ ਹਨ, ਪਰ ਇਹ ਦਾਅਵੇ ਕਿਤੇ ਨਾ ਕਿਤੇ ਅਕਸਰ ਖੋਖਲੇ ਦੇਖਣ ਨੂੰ ਮਿਲਦੇ ਹਨ। ਉੱਥੇ ਹੀ ਅਸੀਂ ਜੇਕਰ ਗੱਲ ਗੜ੍ਹਸ਼ੰਕਰ ਸ਼ਹਿਰ ਅਤੇ ਆਸਪਾਸ ਦੇ ਖੇਤਰ ਵਿੱਚ ਮੰਗਤਿਆਂ ਦੀ ਕਰੀਏ ਤਾਂ ਉਹ ਵੀ ਪ੍ਰਵਾਸੀ ਮੰਗਤਿਆਂ ਦੀ ਤਾਂ ਪਿਛਲੇ ਕੁੱਝ ਸਮੇਂ ਦੌਰਾਨ ਪ੍ਰਵਾਸੀ ਮੰਗਤਿਆਂ ਦੀ ਗਿਣਤੀ ਬਹੁਤ ਜਿਆਦਾ ਵੱਧ ਗਈ ਹੈ ਅਤੇ ਹਾਲਾਤ ਇਹ ਹੋ ਗਏ ਹਨ ਕਿ ਜਿਸ ਪਾਸੇ ਵੀ ਨਜਰ ਮਾਰੋ ਇਹਨਾਂ ਮੰਗਤਿਆਂ ਦੀ ਭਰਮਾਰ ਨਜਰ ਆਉਂਦੀ ਹੈ। ਪਿਛਲੇ ਸਮੇਂ ਦੌਰਾਨ ਸ਼ਹਿਰ ਦੇ ਲਗਭਗ ਹਰ ਚੌਕ, ਬਾਜਾਰਾਂ ਅਤੇ ਇੱਥੋਂ ਤਕ ਕਿ ਲੋਕਾਂ ਦੇ ਘਰਾਂ ਅੱਗੇ ਜਾ ਕੇ ਭੀਖ ਮੰਗਣ ਵਾਲਿਆਂ ਦੀ ਗਿਣਤੀ ਵੀ ਬਹੁਤ ਜਿਆਦਾ ਵੱਧ ਚੁੱਕੀ ਹੈ। ਇਹ ਮੰਗਤੇ ਮਾਰਕੀਟਾਂ ਵਿੱਚ ਖਰੀਦਦਾਰੀ ਕਰਨ ਅਤੇ ਘੁੰਮਣ ਫਿਰਨ ਆਉਣ ਵਾਲੇ ਲੋਕਾਂ ਨੂੰ ਘੇਰ ਕੇ ਖੜ੍ਹ ਜਾਂਦੇ ਹਨ 'ਤੇ ਪੈਸੇ ਨਾ ਦੇਣ ਤੇ ਜਲੀਲ ਕਰਦੇ ਹਨ। ਛੋਟੇ ਛੋਟੇ ਬੱਚਿਆਂ ਨੂੰ ਚੁੱਕੀ ਘੁੰਮ ਰਹੀਆਂ ਪ੍ਰਵਾਸੀ ਮਹਿਲਾਵਾਂ, ਫਟੇਹਾਲ ਕੱਪੜਿਆਂ ਅਤੇ ਗੰਦੇ ਮੰਦੇ ਚੀਥੜਿਆਂ ਵਿੱਚ ਲਿਪਟੇ ਛੋਟੇ ਛੋਟੇ ਬੱਚੇ ਅਤੇ ਕੁੱਝ ਵੱਡੀ ਉਮਰ ਦੇ ਭਿਖਾਰੀ ਅਚਾਨਕ ਹੀ ਤੁਹਾਡੇ ਸਾਮ੍ਹਣੇ ਆ ਕੇ ਬੜੀ ਦੀਨ ਹੀਨ ਜਿਹੀ ਸ਼ਕਲ ਬਣਾ ਕੇ ਖੜ੍ਹੇ ਹੋ ਜਾਂਦੇ ਹਨ 'ਤੇ ਮੰਗਣਾ ਸ਼ੁਰੂ ਕਰ ਦਿੰਦੇ ਹਨ। ਇਹਨਾਂ ਮੰਗਤਿਆਂ ਦੇ ਇਸ ਤਰ੍ਹਾਂ ਅਚਾਨਕ ਸਾਮ੍ਹਣੇ ਆ ਜਾਣ ਤੇ ਜਿੱਥੇ ਸ਼ਹਿਰ ਵਾਸੀਆਂ ਨੂੰ ਭਾਰੀ ਪਰੇਸ਼ਾਨੀ ਹੁੰਦੀ ਹੈ ਉੱਥੇ ਹੋਰਨਾਂ ਥਾਵਾਂ ਤੋਂ ਸ਼ਹਿਰ ਵਿੱਚ ਆਉਣ ਵਾਲੇ ਲੋਕਾਂ ਉੱਪਰ ਵੀ ਬਹੁਤ ਬੁਰਾ ਪ੍ਰਭਾਵ ਪੈਂਦਾ ਹੈ। ਇਹ ਭਿਖਾਰੀ ਚੌਂਕ, ਬੱਸ ਅੱਡਿਆ ਤੇ ਰੁਕਣ ਵਾਲੀਆਂ ਗੱਡੀਆਂ ਦੇ ਸ਼ੀਸ਼ੇ ਖੜਕਾ ਕੇ ਅਤੇ ਪੇਟ ਭਰਨ ਦਾ ਵਾਸਤਾ ਦੇ ਕੇ ਲੋਕਾਂ ਤੋਂ ਭੀਖ ਮੰਗਦੇ ਦਿਖਦੇ ਹਨ ਅਤੇ ਇਸੇ ਤਰ੍ਹਾਂ ਕੁੱਝ ਔਰਤਾਂ ਵੀ (ਛੋਟੇ ਛੋਟੇ ਬੱਚੇ ਚੁੱਕ ਕੇ) ਸ਼ਹਿਰ ਦੀਆਂ ਮਾਰਕੀਟਾਂ, ਚੌਂਕ ਬੱਸ ਅੱਡਿਆ ਤੇ ਭੀਖ ਮੰਗ-ਦੀਆਂ ਨਜਰ ਆਉਂਦੀਆਂ ਹਨ। ਹੋਰ ਤਾਂ ਹੋਰ ਕਈ ਛੋਟੇ ਛੋਟੇ ਬੱਚੇ (ਲਗਭਗ 5-7 ਸਾਲ ਤਕ ਦੀ ਉਮਰ ਦੇ) ਵੀ ਇਸੇ ਤਰ੍ਹਾਂ ਲੋਕਾਂ ਅੱਗੇ ਹੱਥ ਫੈਲਾਈ ਭੀਖ ਮੰਗਦੇ ਦਿਖਦੇ ਹਨ। ਇਹ ਭਿਖਾਰੀ ਉਦੋਂ ਤੱਕ ਲੋਕਾਂ ਦਾ ਖਹਿੜਾ ਨਹੀਂ ਛੱਡਦੇ ਜਦੋਂ ਤੱਕ ਉਨ੍ਹਾਂ ਨੂੰ ਕੁੱਝ ਨਾ ਕੁੱਝ ਮਿਲ ਨਾ ਜਾਵੇ ਅਤੇ ਜੇਕਰ ਇਹਨਾਂ ਨੂੰ ਕੁੱਝ ਨਾ ਮਿਲੇ ਤਾਂ ਕਈ ਵਾਰ ਇਹ ਲੋਕਾਂ ਨੂੰ ਗਾਲ੍ਹਾਂ ਤਕ ਕੱਢਦੇ ਹਨ।



ਭਿਖਾਰੀਆਂ ਦੀ ਇਸ ਲਗਾਤਾਰ ਵੱਧਦੀ ਸਮੱਸਿਆ ਕਾਰਨ ਸ਼ਹਿਰ ਵਾਸੀ ਕਾਫੀ ਤੰਗ ਹੁੰਦੇ ਹਨ ਅਤੇ ਉਹ ਅਕਸਰ ਇਹ ਇਲਜਾਮ ਲਗਾਉਂਦੇ ਹਨ ਕਿ ਸ਼ਹਿਰ ਦੇ ਬਾਹਰਵਾਰ ਬਣੀਆਂ ਝੁੱਗੀ ਕਾਲੋਨੀਆਂ ਵਿੱਚ ਰਹਿਣ ਵਾਲੇ ਕੁੱਝ ਪੇਸ਼ੇਵਰ ਲੋਕ ਬਾਕਾਇਦਾ ਇਹਨਾਂ ਭਿਖਾਰੀਆਂ ਦੇ ਗਿਰੋਹ ਚਲਾਉਂਦੇ ਹਨ ਅਤੇ ਇਹਨਾਂ ਵਲੋਂ ਭਿਖਾਰੀਆਂ ਤੋਂ ਸ਼ਹਿਰ ਦੇ ਵੱਖ ਵੱਖ ਖੇਤਰਾਂ ਵਿੱਚ ਬਾਕਾਇਦਾ ਯੋਜਨਾਬੱਧ ਤਰੀਕੇ ਨਾਲ ਭੀਖ ਮੰਗਵਾਈ ਜਾਂਦੀ ਹੈ। ਇਹਨਾਂ ਭਿਖਾਰੀਆਂ ਨੇ ਆਪੋ ਆਪਣੇ ਅੱਡੇ ਵੀ ਤੈਅ ਹੋਏ ਹਨ ਅਤੇ ਇਹ ਆਪਣੇ ਅੱਡੇ ਤੇ ਕਿਸੇ ਹੋਰ ਨੂੰ ਭੀਖ ਨਹੀਂ ਮੰਗਣ ਦਿੰਦੇ। ਗਲੀਆਂ ਬਾਜਾਰਾਂ ਵਿੱਚ ਘੁੰਮਦੇ ਜਾਂ ਕਿਤੇ ਆ ਜਾ ਰਹੇ ਆਮ ਲੋਕ ਇਹਨਾਂ ਭਿਖਾਰੀਆਂ ਦੀ ਤਰਸਯੋਗ ਹਾਲਤ ਉੱਪਰ ਤਰਸ ਖਾ ਕੇ ਇਹਨਾਂ ਨੂੰ ਕੁੱਝ ਨਕਦੀ ਆਦਿ ਦੇ ਦਿੰਦੇ ਹਨ। ਤਦ ਇਹ ਭਿਖਾਰੀ, ਲੋਕਾਂ ਦੀ ਇਸੇ ਹਮਦਰਦੀ ਦਾ ਨਾਜਾਇਜ ਫਾਇਦਾ ਚੁੱਕਦੇ ਹਨ। ਇਹ ਭਿਖਾਰੀ ਸਾਰਾ ਦਿਨ ਇਕੱਠੀ ਕੀਤੀ ਜਾਣ ਵਾਲੀ ਭੀਖ ਦੀ ਰਕਮ ਨਾਲ ਰਾਤ ਨੂੰ ਸ਼ਰਾਬ ਅਤੇ ਹੋਰ ਨਸ਼ੇ ਵੀ ਕਰਦੇ ਹਨ ਅਤੇ ਸਾਰਾ ਦਿਨ ਲੋਕਾਂ ਤੋਂ ਪੈਸੇ ਮੰਗਣ ਵਾਲੇ ਇਹ ਮੰਗਤੇ ਦਿਨ ਢਲਣ ਤੇ ਆਪਣੀ ਭੀਖ ਦੀ ਕਮਾਈ ਨਾਲ ਪੂਰੀ ਐਸ਼ ਕਰਦੇ ਹਨ। ਸ਼ਹਿਰ ਵਿੱਚ ਪੱਕੇ ਅੱਡੇ ਕਾਇਮ ਕਰਨ ਵਾਲੇ ਇਹਨਾਂ ਮੰਗਤਿਆਂ ਵਲੋਂ ਸ਼ਹਿਰ ਅਤੇ ਆਸਪਾਸ ਦੇ ਖੇਤਰ ਵਿੱਚ ਜਨਤਕ ਥਾਵਾਂ ਤੇ ਇਸ ਤਰੀਕੇ ਨਾਲ ਭੀਖ ਮੰਗਣ ਦੀ ਇਹ ਕਾਰਵਾਈ ਕਾਨੂੰਨਨ ਜੁਰਮ ਦੇ ਦਾਇਰੇ ਵਿੱਚ ਆਉਂਦੀ ਹੈ ਅਤੇ ਅਜਿਹਾ ਕਰਨ ਤੇ ਇਹਨਾਂ ਮੰਗਤਿਆਂ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਵੀ ਭੇਜਿਆ ਜਾ ਸਕਦਾ ਹੈ। ਇਸ ਸੰਬੰਧੀ ਪ੍ਰਸ਼ਾਸਨ ਵੱਲੋਂ ਇਹਨਾਂ ਮੰਗਤਿਆਂ ਨੂੰ ਪੂਰੀ ਤਰ੍ਹਾਂ ਅਣਦੇਖਿਆ ਕਰ ਦਿੱਤਾ ਜਾਂਦਾ ਹੈ। ਭਿਖਾਰੀਆਂ ਦੀ ਇਸ ਲਗਾਤਾਰ ਵੱਧਦੀ ਸਮੱਸਿਆ ਤੇ ਕਾਬੂ ਪਾਉਣਾ ਪ੍ਰਸ਼ਾਸ਼ਨ ਦੀ ਜਿੰਮੇਵਾਰੀ ਹੈ ਅਤੇ ਪ੍ਰਸ਼ਾਸ਼ਨ ਵਲੋਂ ਭਿਖਾਰੀਆਂ ਦੀ ਲਗਾਤਾਰ ਵੱਧਦੀ ਗਿਣਤੀ ਤੇ ਕਾਬੂ ਕਰਨ ਲਈ ਲੋੜੀਂਦੇ ਕਦਮ ਚੁੱਕੇ ਜਾਣੇ ਚਾਹੀਦੇ ਹਨ। ਇਸਦੇ ਤਹਿਤ ਜਿੱਥੇ ਸ਼ਹਿਰ ਵਿੱਚ ਪੱਕੇ ਅੱਡੇ ਬਣਾ ਚੁੱਕੇ ਭਿਖਾਰੀਆਂ ਨੂੰ ਕਾਬੂ ਕੀਤਾ ਜਾਣਾ ਚਾਹੀਦਾ ਹੈ। ਉੱਥੇ ਨਾਲ ਹੀ ਸਥਾਨਕ ਪੁਲੀਸ ਵਲੋਂ ਸ਼ਹਿਰ ਵਿੱਚ ਯੋਜਨਾਬੱਧ ਤਰੀਕੇ ਨਾਲ ਭੀਖ ਮੰਗਵਾਉਣ ਦੇ ਅਮਲ ਤੇ ਰੋਕ ਲਗਾਊਣ ਲਈ ਸਖਤ ਕਾਰਵਾਈ ਕਰਦਿਆਂ ਅਜਿਹੇ ਵਿਅਕਤੀਆਂ ਨੂੰ ਕਾਬੂ ਕੀਤਾ ਜਾਣਾ ਚਾਹੀਦਾ ਹੈ। ਜਿਹੜੇ ਇਸ ਪੂਰੇ ਘਟਨਾਚੱਕਰ ਨੂੰ ਅੰਜਾਮ ਦਿੰਦੇ ਹਨ। ਸਿਰਫ ਸਖਤ ਕਾਰਵਾਈ ਦਾ ਡਰ ਹੀ ਇਹਨਾਂ ਭਿਖਾਰੀਆਂ ਨੂੰ ਇਸ ਕੰਮ ਤੋਂ ਦੂਰ ਕਰ ਸਕਦਾ ਹੈ ਅਤੇ ਇਸ ਸੰਬੰਧੀ ਤੁਰੰਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ ਤਾਂ ਜੋ ਸ਼ਹਿਰ ਵਾਸੀਆਂ ਨੂੰ ਇਸ ਸਮੱਸਿਆ ਤੋਂ ਰਾਹਤ ਮਿਲੇ।

## ਦਿਆਲਪੁਰੀ ਦੇ ਪਿਤਾ ਲੰਬੜਦਾਰ ਕਰਨੈਲ ਸਿੰਘ ਨੂੰ ਪੰਜਾਬ ਭਰ ਤੋਂ ਕਲਾਕਾਰਾਂ,ਸਮਾਜਿਕ ਆਗੂਆਂ ਵਲੋਂ ਸਰਧਾਂਜਲੀਆਂ ਭੇਟ

**ਕਨੇਡਾ/ ਵੈਨਕੂਵਰ /ਜਲੰਧਰ ( ਕੁਲਦੀਪ ਚੁੰਬਰ)-** ਪੰਜਾਬੀ ਸੰਗੀਤ ਇੰਡਸਟਰੀ ਵਿੱਚ ਮੇਲਿਆਂ ਦੇ ਬਾਦਸ਼ਾਹ ਨਾਲ ਜਾਣੇ ਜਾਂਦੇ ਲੋਕ ਗਾਇਕ ਦਲਵਿੰਦਰ ਦਿਆਲਪੁਰੀ ਦੇ ਪਿਤਾ ਲੰਬੜਦਾਰ ਕਰਨੈਲ ਸਿੰਘ ਨੂੰ ਅੰਤਿਮ ਅਰਦਾਸ ਮੌਕੇ ਵੱਖ ਵੱਖ ਸਮਾਜਿਕ ਆਗੂਆਂ ਅਤੇ ਕਲਾਕਾਰ ਭਾਈਚਾਰੇ ਵੱਲੋਂ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ।ਇਸ ਮੌਕੇ ਤੇ ਭਾਈ ਕੰਵਲਜੀਤ ਸਿੰਘ ਹਜ਼ੂਰੀ ਰਾਗੀ ਗੁਰਦਵਾਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਦੇ ਜੱਥੇ ਵੱਲੋਂ ਕੀਰਤਨ ਕੀਤਾ ਗਿਆ। ਇਸ ਮੌਕੇ ਸਾਬਕਾ ਐਸ ਐਸ ਪੀ ਰਾਜਿੰਦਰ ਸਿੰਘ, ਕੁਲਵਿੰਦਰ ਸਿੰਘ ਢਿੱਲੋਂ, ਭਾਰਤੀ ਕਿਸਾਨ ਯੂਨ-ੀਅਨ ਦੇ ਪ੍ਰਧਾਨ ਜਸਬੀਰ ਸਿੰਘ ਲਿਟਾਂ, ਲੰਬੜਦਾਰ ਯੂਨੀਅਨ ਵਲੋਂ ਪ੍ਰਧਾਨ ਹਰਕਮਲ ਸਿੰਘ, ਜਸਵਿੰਦਰ ਸਿੰਘ ਮਾਨਾ, ਸਰਬਜੀਤ ਸਿੰਘ ਬਾਠ , ਸੂਰਤ ਸਿੰਘ ਕੁੱਦੋਵਾਲ, ਰਾਜ ਕੁਮਾਰ ਅਰੋੜਾ, ਪ੍ਰਿੰਸੀਪਲ ਆਰ ਐਸ ਸ਼ੈਲੀ, ਕਰਮਪਾਲ ਸਿੰਘ ਢਿੱਲੋਂ ਤੋ ਇਲਾਵਾ ਦੀਪਕ ਬਾਲੀ, ਬੂਟਾ ਮੁਹੰਮਦ, ਸਾਬਕਾ ਡੀ ਆਈ ਜੀ ਕੁਲਵਿੰਦਰ ਸਿੰਘ ਥਿਆੜਾ, ਗੁਰਮੀਤ ਸਿੰਘ ਨਡਾਲਾ, ਸਾਈਂ ਮਧੂ ਜਲੰਧਰ ਵਾਲੇ, ਮਾਣਕ ਪਰਿਵਾਰ ਤੋ ਯੁੱਧਵੀਰ ਮਾਣਕ, ਸੁਰਜੀਤ ਮਾਣਕ, ਕਮੇਡੀਅਨ ਭੋਟੂ ਸ਼ਾਹ, ਸੰਤਾ ਬੰਤਾ, ਕਾਂਸ਼ੀ ਰਾਮ ਚੰਨ, ਡਿਪਟੀ ਰਾਜਾ, ਦੀਪਕ ਰਾਜਾ, ਐਨ ਕੇ ਨਾਰੰਗ, ਪ੍ਰੋਫੈਸਰ ਸੁਖਵਿੰਦਰ ਸਾਗਰ, ਪ੍ਰੋਫੈਸਰ ਸਰਿਤਾ ਤਿਵਾੜੀ, ਕੁਲਵਿੰਦਰ ਕਿੰਦਾ, ਸ਼ਿੰਦਾ ਨਿੱਝਰ, ਭਿੰਦਾ ਰਾਜੇਵਾਲੀਆ, ਹੈਪੀ ਰਾਂਦੇਵ, ਮੰਗਲ ਸੰਧੂ, ਅਸ਼ੋਕ ਗਿੱਲ, ਜਸਵਿੰਦਰ ਗੁਲਾਮ, ਰਮੇਸ਼ ਆਲਮ, ਪੱਪੂ ਬਾਦਸ਼ਾਹ, ਵਿਜੇ ਦੋਲੀਕੇ, ਲੱਕੀ ਮੇਨਕਾ, ਸ਼ਿਤਾਂਸੂ ਜੋਸ਼ੀ, ਐਂਕਰ ਕਾਬਲ, ਐਂਕਰ ਦਿਨੇਸ਼, ਬਲਦੇਵ ਰਾਹੀ, ਜਸਵਿੰਦਰ ਸਿੰਘ ਆਜ਼ਾਦ, ਮੁਮਤਾਜ਼ ਹੰਸ, ਪ੍ਰਮੋਟਰ ਮੇਜਰ ਧੀਰਾ ਰਣਧੀਰ ਧੀਰਾ, ਬਿਕਰਮਜੀਤ ਸਿੰਘ ਵਿੱਕੀ, ਗਾਇਕਾ ਰਿਕਨੂਰ, ਗਾਇਕ ਅਦਾਕਾਰ ਪ੍ਰੋਡਿਊਸਰ ਮਨੋਹਰ ਧਾਰੀਵਾਲ, ਰਿਹਾਨਾ ਭੱਟੀ ਤੋ ਇਲਾਵਾ ਸੰਤੋਖ ਸਿੰਘ ਸੰਧੂ, ਸ਼ਿੰਦਾ ਬੁਰਜ ਵਾਲਾ, ਸੁਰਿੰਦਰ ਸੇਠੀ, ਸੁਖਜਿੰਦਰ ਸਿੰਘ ਮੱਲੀ, ਦਿਲਬਾਗ ਸਿੰਘ ਖੱਖ ,ਪਰਮਜੀਤ ਸਿੰਘ ਖੱਖ, ਗਾਇਕਾ ਸੁਦੇਸ਼ ਕੁਮਾਰੀ, ਰੇਸ਼ਮ ਨੌਰਦ, ਕੇ ਕੇ ਸੱਭਰਵਾਲ ਵੱਲੋ ਵਿਛੜੀ ਆਤਮਾ ਨੂੰ ਸਰਧਾਂਜਲੀਆਂ ਭੇਟ ਕੀਤੀਆਂ ਗਈਆਂ।



# ਡਾ. ਮਾਨ ਸਿੰਘ ਢੀਂਡਸਾ ਵਲੋਂ ਮਨਰੀਤ ਗਰੇਵਾਲ ਦੀਆਂ ਸਾਹਿਤਕ ਪ੍ਰਾਪਤੀਆਂ ਦਾ ਮੁਲਾਂਕਣ

**ਸਟਾਕਟਨ (ਬਿਊਰੋ ਨਿਊਜ਼)** ਪੰਜਾਬੀ ਸਾਹਿਤ ਸਭਾ ਸਟਾਕਟਨ ਵਲੋਂ ਬੀਤੀ 13 ਮਾਰਚ ਨੂੰ ਸਥਾਨਕ ਟਰੋਕੇ ਪਬਲਿਕ ਲਾਇਬਰੇਰੀ ਵਿਖੇ ਡ਼ਾ ਮਾਨ ਸਿੰਘ ਢੀਂਡਸਾ,ਪ੍ਰੋਫੈਸਰ ਸੇਵਾ ਮੁਕਤ (ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਟੀ ਪਟਿਆਲਾ) ਦੇ ਸਨਮਾਨ ਹਿੱਤ ਇੱਕ ਸ਼ਾਨਦਾਰ ਸਾਹਿਤਕ ਸਮਾਗਮ ਰਚਾਇਆ





ਗਿਆ। ਸਮਾਗਮ ਦੇ ਅਰੰਭ ਵਿੱਚ ਹਰਜਿੰਦਰ ਪੰਧੇਰ ਨੇ ਡ਼ਾ ਸਾਹਿਬ ਦੇ ਪ੍ਰਭਾਵਸ਼ਾਲੀ ਅਧਿਆਪਨ ਜੀਵਨ ਅਤੇ ਹੋਰ ਲੋਕ ਪੱਖੀ ਕਾਰਜਾਂ ਤੇ ਰੋਸ਼ਨੀ ਪਾਈ। ਇਸ ਉਪਰੰਤ ਡਾ. ਮਾਨ ਸਿੰਘ ਢੀਂਡਸਾ ਨੇ ਮਨਰੀਤ ਗਰੇਵਾਲ ਦੀਆਂ ਸਾਹਿਤਕ ਕ੍ਰਿਤਾਂ ਦੀ ਸਮ-ਾਲੋਚਨਾ ਕਰਦਿਆਂ ਕਿਹਾ ਕਿ ਉਹ ਜ਼ਮੀਨੀ ਪੱਧਰ ਨਾਲ ਜੁੜੀਆਂ ਸਮਸਿਆਵਾਂ ਦੀ ਗੱਲ ਕਰਦੀ ਹੈ। ਉਸ ਦੀਆਂ ਕਹਾਣੀਆਂ ਵਿੱਚ ਪੰਜਾਬ ਦੀ ਹਰ ਵਰਗ ਦੀ ਔਰਤ ਦੇ ਮੁਹੱਬਤ, ਆਰਥੱਕ, ਸਮ-ਾਜਿਕ ਪੱਧਰ ਦੇ ਦੁੱਖ ਦੇਖੇ ਜਾ ਸਕਦੇ ਹਨ। ਜਿਸ ਤੋਂ ਛੁਟਕਾਰਾ ਪਾਉਣ ਲਈ ਉਹ ਯਤਨਸ਼ੀਲ ਰਹਿੰਦੀਆਂ ਹਨ। ਦਿਮਾਗੀ ਪੱਧਰ ਤੇ ਪੱਛੜੀ ਅੰਧਵਿਸ਼ਵਾਸ਼ਾਂ ਵਿੱਚ ਫਸੀ ਔਰਤ ਦੀ ਤਰਸਯੋਗ ਹਾਲਤ ਨੂੰ ਵੀ ਅਣਛੋਹਿਆ ਨਹੀ ਛਡਿਆ ਗਿਆ। ਕੁੱਝ ਕਹਾਣ-ੀਆਂ ਵਿੱਚ ਔਰਤ ਪਾਤਰ ਆਪਣੀ ਸੋਚ ਦਾ ਹਾਣੀ ਲੱਭਣ ਲਈ ਵੀ ਯਤਨਸ਼ੀਲ ਹਨ। ਮਨਰੀਤ ਦੀ ਨਾਵਲ ਸਿਰਜਣਾ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਇਹ ਨਾਵਲ ਮਸ਼ੀਨੀਕਰਨ ਦੇ ਯੁੱਗ ਵਿੱਚ ਦਿਹਾਤੀ ਅਤੇ ਸ਼ਹਿਰੀ ਸਮਾਜ ਵਿਚਲੇ ਪਾੜੇ ਨੂੰ ਜਿੱਥੇ ਬੰਦੇ ਵਿੱਚੋਂ ਬੰਦਾ ਮਨਫੀ ਹੋ ਰਿਹਾ ਹੈ ਬਾਖ਼ੂਬੀ ਚਿਤਰਦਾ ਹੈ। ਉਨ੍ਹਾਂ ਮਨਰੀਤ ਗਰੇਵਾਲ ਨੂੰ ਪੀ ਐੱਚ ਡੀ ਦੀ ਡਿਗਰੀ ਮਿਲਣ ਅਤੇ ਸਾਹਿਤ ਸਭਾ ਦੇ ਜਨਰਲ ਸਕਤਰ ਦਾ ਅਹੁਦਾ ਸੰਭਾਲਣ ਦੀ ਵਧਾਈ ਵੀ ਦਿੱਤੀ।

ਸਮਾਗਮ ਦੇ ਦੂਸਰੇ ਭਾਗ ਕਵੀ ਦਰਬਾਰ ਦੀ ਇਸ ਵਾਰ ਇਹ ਖਾਸ ਵਿਸ਼ੇਸਤਾ ਰਹੀ ਕਿ ਸਾਰੇ ਹੀ ਨਵੇਂ ਉਭਰਦੇ ਕਲਾਕਾਰ ਸਨ। ਉਨ੍ਹਾਂ ਵਿੱਚ ਨਵਾਂ ਜੋਸ਼ ਦੇਖਣ ਨੂੰ ਮਿਲ ਰਿਹਾ ਸੀ। ਅਰੰਭ ਅਮਰਪਾਲ ਸਿੰਘ ਕੰਬੋਜ ਨੇ ਇੱਕ ਖੂਬਸੂਰਤ ਸ਼ੇਅਰ, " ਕੀਹਦੇ ਤੇ ਹੱਕ ਆਪਣਾ ਹੁੰਦੈ, ਕਿਹੜਾ ਹੱਕ ਪਰਾਇਆ, ਫਿਰ ਦੁਬਾਰਾ ਨਵੇਂ ਸਿਰੇ ਤੋਂ ਨਵੀਆਂ ਕਦਰਾਂ ਸਿੱਖ ਰਿਹਾ ਹਾਂ।" ਸੁਣ-ਾਉਦਿਆਂ ਕੀਤਾ। ਨਰਿੰਦਰ ਨਵਲ ਨੇ , " ਤੁਰਦੇ ਨੇ ਜੋ ਕੰਡਿਆਂ ਤੇ ਫੁੱਲਾਂ ਦੇ ਖ਼ੁਆਬ ਲੈਕੇ, ਮੁੜਦੇ ਨੇ ਸੱਜਣਾਂ ਉਹ ਸੂਹੇ ਗੁਲਾਬ ਲੈਕੇ" ਬੀਬੀ ਅਨੰਤ ਕੌਰ ਜਿਨ੍ਹਾਂ ਨੂੰ ਪੰਜਾਬੀ, ਹਿੰਦੀ, ਉਰਦੂ ਭਾ-ਸ਼ਾਵਾਂ ਵਿੱਚ ਛਪਣ ਦਾ ਮਾਣ ਪਰਾਪਤ ਹੈ ਨੇ ਆਪਣੀ ਸ਼ਾਇਰੀ, "ਅਸੀਂ ਪੀਲੇ ਪੱਤ ਖ਼ਿਜ਼ਾਵਾਂ ਦੇ, ਸਾਨੂੰ ਖੌਫ਼ ਨੇ ਤੇਜ਼ ਹਵਾਵਾਂ ਦੇ।" ਨਾਲ ਸ਼ੁਰੂ ਕੀਤੀ। ਸੁਬੀਤ ਨੂਰ ਨੇ," ਕੁਛ ਲੋਗ ਗਮ ਕੋ ਪੀ ਲੇਤੇ ਹੈਂ , ਔਰ ਹਮ ਹੈਂ ਕਿ ਜੀਅ ਲੇਤੇ ਹੈਂ"। ਨਾਲ ਮਹਿਫਲ ਵਿੱਚ ਰੰਗ ਭਰਿਆ। ਹਰਪ੍ਰੀਤ ਸ਼ਾਹ ਢਿਲੋਂ ਨੇ ," ਇੱਕ ਸ਼ਿਵ ਹੈ ਮੇਰੇ ਅੰਦਰ ਵੀ ਜਾਗਦਾ, ਗੀਤ ਔਹੜਿਆ ਅਸਾਂ ਨੂੰ ਬਿਰਹਾ ਦੇ ਰਾਗ ਦਾ। ਡਾ. ਜਗਜੀਤ ਸਿੰਘ ਨੇ, " ਖ਼ੁਦਾ ਬਨਾਇਆ ਥਾ ਉਸਕੋ, ਵੁਹ ਮੇਰਾ ਰਕੀਬ ਬਨ ਕੇ ਗਿਆ।" ਮਾਨ ਸਿੰਘ ਮਾਨ ਨੇ, " ਤਿਲਾ ਤੈਨੂੰ ਸਾੜ ਕੇ , ਖੁਸ਼ੀਆਂ ਮੰਗ ਰਿਹਾਂ, ਪਰ ਮੈਂ ਵੀ ਜਾਣਾ ਕਿ ਧੋਖੇ 'ਚੋਂ ਲੰਘ ਰਿਹਾਂ। ਪਰਮਿੰਦਰ ਸਿੰਘ ਪਰਵਾਨਾ ਨੇ ਆਪਣੀ ਕਵਿਤਾ 'ਕਿਸਮਤ', " ਜ਼ਮੀਨ ਨਾਲ ਜੁੜੋ, ਜ਼ਮੀਨ ਤੋਂ ਸਿੱਖੋ, ਜੋ ਵਿਕਾਸ ਦਾ ਦਮ ਭਰਦੀ ਹੈ।" ਡ਼ਾ ਗੋਬਿੰਦਰ ਸਿੰਘ ਸਮਰਾਓ ਨੇ ਆਪਣੀ ਕਵਿਤਾ ਵਿੱਚ ਸਿੱਖੀ ਦੀ ਤਸਵੀਰ ਪੇਸ਼ ਕੀਤੀ। ਫਕੀਰ ਸਿੰਘ ਮੱਲੀ ਨੇ ਪੰਜਾਬੀ ਬੋਲੀ ਪ੍ਰਤੀ ਸਾਹਿਤ ਸਭਾ ਦੇ ਤਰਦੱਦ ਦੀ ਸਿਫਤ ਕਰਦਿਆਂ ਸਹਿਤ ਪ੍ਰਤੀ ਆਪਣੇ ਸੁਹਿਰਦ ਵਿਚਾਰ ਪੇਸ਼ ਕੀਤੇ। ਮਨਜੀਤ ਕੌਰ ਸੰਧੂ ਜੋ ਇਸ ਸਾਹਿਤ ਸਭਾ ਦੇ ਮੁਢਲੇ ਮੈਂਬਰਾਂ ਵਿੱਚੋਂ ਇੱਕ ਅਤੇ ਪ੍ਰਬੰਧਕ ਹਨ ਬੜੀ ਸੁਹਿਰਦਤਾ ਨਾਲ ਆਪਣੀ ਡਿਊਟੀ ਨਿਭਾਈ। ਮਨਰੀਤ ਗਰੇਵਾਲ ਨੇ ਆਪਣੇ ਸ਼ਇਰੋ ਸ਼ਾਇਰੀ ਦੇ ਅੰਦਾਜ਼ 'ਚ ਬਾਖ਼ੂਬੀ ਮੰਚ ਸੰ-ਚਾਲਨ ਕੀਤਾ। ਉਪਰੋਕਤ ਤੋਂ ਇਲਾਵਾ ਸਭਾ ਦੀ ਹਾਜ਼ਰੀ ਲਵ-ਾਉਣ ਵਾਲਿਆ ਵਿੱਚ ਬੀਬੀ ਮਨਜੀਤ ਕੌਰ, ਤਾਰਾ ਸਾਗਰ, ਗੁਰਵਿੰਦਰ ਸਿੰਘ, ਤ੍ਰਿਪਤ ਕੌਰ,ਜਗਦੀਸ਼ ਕੌਰ ਅਤੇ ਹੋਰ ਪਤਵੰਤੇ ਸੱਜਣ ਸ਼ਾਮਲ ਸਨ।

**ਰਿਪੋਰਟ: (ਹਰਜਿੰਦਰ ਪੰਧੇਰ, 209 610 5055)**

# ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਦੋ ਸਾਲ ਲਈ ਘਟਾਏਗਾ ਕੈਨੇਡਾ

**ਵਿਨੀਪੈਗ–** ਕੈਨੇਡਾ ਦੇ ਆਵਾਸ ਮੰਤਰੀ ਮਾਰਕ ਮਿਲਰ ਨੇ ਅਗਲੇ ਦੋ ਸਾਲ ਲਈ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ ਘਟਾਉਣ ਸਮੇਤ ਉਨ੍ਹਾਂ ਨੂੰ ਮਿਲਣ ਵਾਲੀਆਂ ਸਹੂਲਤਾਂ 'ਚ ਵੱਡੇ ਬਦਲਾਅ ਕੀਤੇ ਹਨ। ਕੌਮਾਂਤਰੀ ਵਿਦਿਆਰਥੀਆਂ ਦੀ 2023 ਦੀ ਗਿਣਤੀ ਨੂੰ 35 ਫੀਸਦ ਘਟਾ ਕੇ ਅਗਲੇ ਦੋ ਸਾਲ ਲਈ 3,64,000 ਤੱਕ ਸੀਮਤ ਕਰ ਦਿੱਤਾ ਗਿਆ ਹੈ। ਹਰ ਸੂਬੇ ਦੀ ਆਬਾਦੀ ਅਨੁਸਾਰ ਉਥੋਂ ਦਾ ਕੌਮਾਂਤਰੀ ਵਿਦਿਆਰਥੀ ਕੋਟਾ ਨਿਰਧਾਰਤ ਹੋਵੇਗਾ। ਨਵਾਂ ਫ਼ੈਸਲਾ ਆਉਂਦੀ ਸਤੰਬਰ ਤੋਂ ਲਾਗੂ ਹੋਵੇਗਾ ਜਿਸ ਤੋਂ ਬ੍ਰਿਟਿਸ਼ ਕੋਲੰਬੀਆ ਅਤੇ ਓਂਟਾਰੀਓ ਕਾਫੀ ਪ੍ਰਭਾਵਿਤ ਹੋਣਗੇ।



ਮੰਤਰੀ ਵੱਲੋਂ ਐਲਾਨੇ ਨਿਯਮਾਂ ਤਹਿਤ ਹੁਣ ਸਰਕਾਰੀ ਤੇ ਨਿੱਜੀ ਕਾਲਜਾਂ ਦੀ ਸਾਂਝ-ਭਿਆਲੀ ਨਹੀਂ ਚੱਲੇਗੀ ਕਿਉਕਿ ਇਸ ਸਾਂਝ ਰਾਹੀਂ ਬਣਦਾ ਪੋਸਟ ਗਰੈਜੂਏਟ ਵਰਕ ਪਰਮਿਟ ਦਾ ਰਸਤਾ ਬੰਦ ਕਰ ਦਿੱਤਾ ਗਿਆ ਹੈ। ਮੰਤਰੀ ਦੇ ਐਲਾਨ ਮੁਤਾਬਕ ਗੈਰ ਕਿੱਤਾ ਮੁਖੀ ਡਿਗਰੀ ਪ੍ਰੋਗਰਾਮਾਂ ਵਾਲੇ ਵਿਦਿਆਰਥੀ ਹੁਣ ਆਪਣੇ ਜੀਵਨ ਸਾਥੀ (ਪਤੀ ਜਾਂ ਪਤਨੀ) ਨੂੰ ਵਰਕ ਪਰਮਿਟ ਨਹੀਂ ਦਿਵਾ ਸਕਣਗੇ। ਉਨ੍ਹਾਂ ਕਿਹਾ ਕਿ ਵਰਕ ਪਰਮਿਟ ਦੇਣ ਦੀ ਪਹਿਲਾਂ ਵਾਲੀ ਨੀਤੀ ਵਿਚ ਵੀ ਵੱਡੇ ਬਦਲਾਅ ਕੀਤੇ ਗਏ ਹਨ। ਨਵੇਂ ਨਿਯਮ ਤਹਿਤ ਸਰਕਾਰੀ ਤੇ ਪ੍ਰਾਈਵੇਟ ਕਾਲਜਾਂ ਦੀ ਸਾਂਝ-ਭਿਆਲੀ ਬੰਦ ਹੋਣ ਕਰਕੇ ਜਿੱਥੇ ਸਰਕਾਰੀ ਖਜ਼ਾਨੇ 'ਤੇ ਪੈਂਦਾ ਬੇਲੋੜਾ ਵਿੱਤੀ ਬੋਝ ਘਟੇਗਾ ਉੱਥੇ ਹੀ ਕਈ ਪ੍ਰਾਈਵੇਟ ਕਾਲਜ ਬੰਦ ਵੀ ਹੋ ਸਕਦੇ ਹਨ।






# ਰਾਮ ਮੰਦਰ ਦੇ ਕਿਵਾੜ ਆਮ ਲੋਕਾਂ ਲਈ ਖੁੱਲ੍ਹੇ, ਭਾਰੀ ਗਿਣਤੀ 'ਚ ਪਹੁੰਚੇ ਸ਼ਰਧਾਲੂ

**ਅਯੁੱਧਿਆ–** ਪ੍ਰਾਣ ਪ੍ਰਤਿਸ਼ਠਾ ਸਮਾਗਮ ਤੋਂ ਇੱਕ ਦਿਨ ਬਾਅਦ ਅੱਜ ਜਿਵੇਂ ਹੀ ਰਾਮ ਮੰਦਰ ਦੇ ਕਿਵਾੜ ਆਮ ਲੋਕਾਂ ਲਈ ਖੋਲ੍ਹ ਦਿੱਤੇ ਗਏ ਤਾਂ ਵੱਡੀ ਗਿਣਤੀ ਸ਼ਰਧਾਲੂ ਰਾਮ ਲੱਲਾ ਦੇ ਦਰਸ਼ਨਾਂ ਲਈ ਇਕੱਠੇ ਹੋ ਗਏ ਅਤੇ ਦੁਪਹਿਰ ਤੱਕ ਸ਼ਰਧਾਲੂਆਂ ਦੀ ਭੀੜ ਕਾਬੂ ਕਰਨੀ ਔਖੀ ਹੋ ਗਈ। ਵੱਡੀ ਗਿਣਤੀ ਸ਼ਰਧਾਲੂਆਂ ਕਾਰਨ



ਮੁੱਖ ਮਾਰਗ ਰਾਮ ਪਥ ਪੂਰੀ ਤਰ੍ਹਾਂ ਬੰਦ ਹੋ ਗਿਆ। ਇੱਕ ਅਧਿਕਾਰੀ ਨੇ ਦੱਸਿਆ ਕਿ ਦੁਪਹਿਰ ਤੱਕ ਦੋ ਲੱਖ ਲੋਕ ਮੰਦਰ ਦੇ ਦਰਸ਼ਨ ਕਰ ਚੁੱਕੇ ਸਨ ਅਤੇ ਅਨੁਮਾਨ ਹੈ ਕਿ ਦਿਨ ਦੇ ਅੰਤ ਤੱਕ ਪੰਜ ਲੱਖ ਸ਼ਰਧਾਲੂ ਪੰਜ ਲੱਖ ਸ਼ਰਧਾਲੂਆਂ ਦੇ ਦਰਸ਼ਨ ਕਰ ਲੈਣਗੇ। ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਵੀ ਅੱਜ ਮੰਦਰ ਜਾ ਕੇ ਪ੍ਰਬੰਧਾਂ ਦਾ ਜਾਇਜ਼ਾ ਲਿਆ।

ਮਿਲੀ ਜਾਣਕਾਰੀ ਅਨੁਸਾਰ ਵੱਡੀ ਗਿਣਤੀ ਸ਼ਰਧਾਲੂ ਪ੍ਰਾਣ ਪ੍ਰਤਿਸ਼ਠਾ ਸਮਾਗਮ ਤੋਂ ਪਹਿਲਾਂ ਹੀ ਅਯੁੱਧਿਆ 'ਚ ਡੇਰੇ ਲਗਾ ਕੇ ਬੈਠੇ ਹੋਏ ਸਨ। ਅੱਜ ਜਦੋਂ ਰਾਮ ਮੰਦਰ ਦੇ ਕਿਵਾੜ ਆਮ ਲੋਕਾਂ ਲਈ ਖੋਲ੍ਹੇ ਗਏ ਤਾਂ ਸ਼ਰਧਾਲੂਆਂ ਨੇ ਮੰਦਰ ਵੱਲ ਵਹੀਰਾਂ ਘੱਤ ਦਿੱਤੀਆਂ। ਬਾਅਦ ਦੁਪਹਿਰ ਤੱਕ ਤਾਂ ਸ਼ਰਧਾਲੂਆਂ ਦੀ ਇੰਨੀ ਭੀੜ ਇਕੱਠੀ ਹੋ ਗਈ ਕਿ ਸੁਰੱਖਿਆ ਬਲਾਂ ਦੇ ਜਵਾਨਾਂ ਨੂੰ ਸਥਿਤੀ ਸੰਭਾਲਣੀ ਮੁਸ਼ਕਲ ਹੋ ਗਈ। ਰਾਮ ਪਥ 'ਤੇ ਜਿੱਥੇ ਵੀ ਨਜ਼ਰ ਜਾ ਰਹੀ ਸੀ, ਉਥੇ ਸ਼ਰਧਾਲੂ ਦਿਖਾਈ ਦੇ ਰਹੇ ਸਨ। ਮੁੱਖ ਗੇਟ 'ਤੇ ਦਰਸ਼ਨ ਲਈ ਖੜ੍ਹਾ ਇੱਕ ਸ਼ਰਧਾਲੂ ਬੇਹੋਸ਼ ਹੋ ਗਿਆ ਜਿਸ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਲੰਘੀ ਰਾਤ ਤੋਂ ਹੀ ਸ਼ਰਧਾਲੂਆਂ ਦੀਆਂ ਕਤਾਰਾਂ ਲੱਗਣੀਆਂ ਸ਼ੁਰੂ ਹੋ ਗਈਆਂ ਸਨ। ਇਸੇ ਦੌਰਾਨ ਬਾਰਾਬਾਂਕੀ ਪੁਲੀਸ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਫਿਲਹਾਲ ਅਯੁੱਧਿਆ ਦੀ ਯਾਤਰਾ 'ਤੇ ਨਾ ਜਾਣ ਕਿਉਂਕਿ ਉਥੇ ਇਸ ਸਮੇਂ ਬਹੁਤ ਜ਼ਿਆਦਾ ਭੀੜ ਹੈ। ਪੁਲੀਸ ਨੇ ਦੱਸਿਆ ਕਿ ਅਯੁੱਧਿਆ ਨੂੰ ਜਾਣ ਵਾਲੇ ਸਾਰੇ ਟਰੈਫਿਕ ਨੂੰ ਬਦਲਵੇਂ ਰਸਤਿਆਂ ਰਾਹੀਂ ਭੇਜਿਆ ਜਾ ਰਿਹਾ ਹੈ।

### 'ਬਾਲਕ ਰਾਮ' ਦੇ ਨਾਂ ਨਾਲ ਜਾਣੀ ਜਾਵੇਗੀ ਰਾਮ ਲੱਲਾ ਦੀ ਨਵੀਂ ਮੂਰਤੀ

ਅਯੁੱਧਿਆ ਦੇ ਮੰਦਰ 'ਚ ਸਥਾਪਤ ਕੀਤੀ ਗਈ ਰਾਮ ਲੱਲਾ ਦੀ ਨਵੀਂ ਮੂਰਤੀ 'ਬਾਲਕ ਰਾਮ' ਦੇ ਨਾਂ ਨਾਲ ਜਾਣੀ ਜਾਵੇਗੀ ਕਿਉਂਕਿ ਇਸ ਵਿੱਚ ਭਗਵਾਨ ਰਾਮ ਨੂੰ ਪੰਜ ਸਾਲ ਦੀ ਉਮਰ ਦੇ ਲੜਕੇ ਦੇ ਰੂਪ 'ਚ ਦਰਸਾਇਆ ਗਿਆ ਹੈ। ਪ੍ਰਾਣ ਪ੍ਰਤਿਸ਼ਠਾ ਸਮਾਗਮ 'ਚ ਸ਼ਾਮਲ ਰਹੇ ਪੁਰੋਹਿਤ ਅਰੁਣ ਦੀਕਸ਼ਿਤ ਨੇ ਦੱਸਿਆ, 'ਭਗਵਾਨ ਰਾਮ ਦੀ ਜਿਸ ਮੂਰਤੀ ਦੀ 22 ਜਨਵਰੀ ਨੂੰ ਪ੍ਰਾਣ ਪ੍ਰਤਿਸ਼ਠਾ ਕੀਤੀ ਗਈ ਹੈ, ਉਸ ਦਾ ਨਾਂ 'ਬਾਲਕ ਰਾਮ' ਰੱਖਿਆ ਗਿਆ ਹੈ। ਇਸ ਦਾ ਕਾਰਨ ਇਹ ਹੈ ਕਿ ਇਸ ਮੂਰਤੀ ਵਿੱਚ ਭਗਵਾਨ ਰਾਮ ਨੂੰ ਪੰਜ ਸਾਲ ਦੇ ਬੱਚੇ ਦੇ ਰੂਪ 'ਚ ਦਿਖਾਇਆ ਗਿਆ ਹੈ।'

22 ਜਨਵਰੀ ਨੂੰ ਪਵਿੱਤਰ ਨਗਰੀ ਅਯੁੱਧਿਆ 'ਚ ਵਿਸ਼ਾਲ ਰਾਮ ਮੰਦਰ ਦੇ ਗਰਭ ਗ੍ਰਹਿ 'ਚ ਰਾਮ ਲੱਲਾ ਦੇ ਨਵੇਂ ਸਰੂਪ ਦੀ ਲੱਖਾਂ ਸ਼ਰਧਾਲੂਆਂ ਦੀ ਹਾਜ਼ਰੀ 'ਚ ਪ੍ਰਾਣ ਪ੍ਰਤਿਸ਼ਠਾ ਹੋਈ ਜਿਸ ਦੀ ਉਹ ਲੰਮੇ ਸਮੇਂ ਤੋਂ ਉਡੀਕ ਕਰ ਰਹੇ ਸਨ। ਇਸ ਪਲ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਗਵਾਹ ਬਣੇ। ਪ੍ਰਾਣ ਪ੍ਰਤਿਸ਼ਠਾ ਸਮਾਗਮ ਦੌਰਾਨ ਫ਼ੌਜ ਦੇ ਹੈਲੀਕਾਪਟਰਾਂ ਨੇ ਨਵੇਂ ਬਣੇ ਰਾਮ ਜਨਮਭੂਮੀ ਮੰਦਰ 'ਤੇ ਫੁੱਲਾਂ ਦੀ ਵਰਖਾ ਕੀਤੀ। ਉੱਤਰ ਪ੍ਰਦੇਸ਼ ਦੀ ਇਸ ਮੰਦਰ ਨਗਰੀ 'ਚ ਉਤਸ਼ਾਹ ਅਤੇ ਭਗਤੀ ਦਾ ਅਜਿਹਾ ਸੁਮੇਲ ਨਜ਼ਰ ਆਇਆ ਕਿ ਲੋਕਾਂ ਨੇ ਨੱਚ-ਗਾ ਕੇ ਆਪਣੀ ਖ਼ੁਸ਼ੀ ਦਾ ਇਜ਼ਹਾਰ ਕੀਤਾ। ਲੱਖਾਂ ਹੀ ਲੋਕਾਂ ਨੇ ਆਪਣੇ ਘਰਾਂ 'ਚ ਟੀਵੀ 'ਤੇ ਸਿੱਧਾ ਪ੍ਰਸਾਰਣ ਦੇਖਿਆ ਅਤੇ ਉਹ ਇਸ ਇਤਿਹਾਸਕ ਸਮਾਗਮ ਦਾ ਹਿੱਸਾ ਬਣੇ ਜੋ ਲੋਕ ਸਭਾ ਚੋਣਾਂ ਤੋਂ ਕੁਝ ਮਹੀਨੇ ਪਹਿਲਾਂ ਹੋਇਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਯੁੱਧਿਆ 'ਚ ਵਿਸ਼ਾਲ ਰਾਮ ਮੰਦਰ 'ਚ ਰਾਮ ਲੱਲਾ ਦੀ ਮੂਰਤੀ ਦੀ ਪ੍ਰਾਣ ਪ੍ਰਤਿਸ਼ਠਾ ਨੂੰ ਨਵੇਂ ਯੁੱਗ ਦੇ ਆਗਾਜ਼ ਦਾ ਪ੍ਰਤੀਕ ਕਰਾਰ ਦਿੱਤਾ ਹੈ। ਉਨ੍ਹਾਂ ਲੋਕਾਂ ਨੂੰ ਅਗਲੇ ਇਕ ਹਜ਼ਾਰ ਸਾਲਾਂ ਦੇ ਮਜ਼ਬੂਤ, ਵਿਸ਼ਾਲ ਅਤੇ ਪਵਿੱਤਰ ਭਾਰਤ ਦੀ ਨੀਂਹ ਬਣਾਉਣ ਦਾ ਸੱਦਾ ਦਿੱਤਾ। ਪ੍ਰਾਣ ਪ੍ਰਤਿਸ਼ਠਾ ਸਮਾਗਮ ਮਗਰੋਂ 'ਸੀਆਵਰ ਰਾਮਚੰਦਰ ਦੀ ਜੈ' ਅਤੇ 'ਜੈ ਸ੍ਰੀ ਰਾਮ' ਦੇ ਜੈਕਾਰਿਆਂ ਨਾਲ ਮੋਦੀ ਨੇ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਹ ਮੌਕਾ ਸਿਰਫ਼ ਜਿੱਤ ਦਾ ਨਹੀਂ ਸਗੋਂ ਹਲੀਮੀ ਦਿਖਾਉਣ ਦਾ ਵੀ ਹੈ। ਉਨ੍ਹਾਂ ਕਿਹਾ ਕਿ ਰਾਮ ਮੰਦਰ ਖੁਸ਼ਹਾਲ ਅਤੇ ਵਿਕਸਤ ਭਾਰਤ ਦੇ ਉਦੈ ਦਾ ਗਵਾਹ ਬਣੇਗਾ। ਅਯੁੱਧਿਆ ਵਿਚ ਰਾਮ ਮੰਦਰ ਦੇ ਕਪਾਟ ਅੱਜ ਆਮ ਜਨਤਾ ਲਈ ਖੋਲ੍ਹ ਦਿੱਤੇ ਗਏ। ਇਸ ਤੋਂ ਇੱਕ ਦਿਨ ਪਹਿਲਾਂ ਇਸ ਨਵੇਂ ਬਣੇ ਮੰਦਰ ਵਿੱਚ ਰਾਮਲੱਲਾ ਦੀ ਨਵੀਂ ਮੂਰਤੀ ਦੀ ਪ੍ਰਾਣ ਪ੍ਰਤਿਸ਼ਠਾ ਕੀਤੀ ਗਈ ਸੀ। ਸੋਮਵਾਰ ਦੇਰ ਰਾਤ ਮੰਦਰ ਕੰਪਲੈਕਸ ਵੱਲ ਜਾਣ ਵਾਲੇ ਰਾਮ ਮਾਰਗ 'ਤੇ ਮੁੱਖ ਗੇਟ ਨੇੜੇ ਸਥਾਨਕ ਲੋਕਾਂ ਅਤੇ ਹੋਰ ਰਾਜਾਂ ਦੇ ਲੋਕਾਂ ਸਮੇਤ ਵੱਡੀ ਗਿਣਤੀ 'ਚ ਸ਼ਰਧਾਲੂ ਇਕੱਠੇ ਹੋਏ।

### ਅਮਰੀਕਾ 'ਚ ਵੀ ਰਾਮ ਮੰਦਰ ਨਾਲ ਸਬੰਧਤ ਪ੍ਰੋਗਰਾਮ ਹੋਏ

ਅਯੁੱਧਿਆ 'ਚ ਰਾਮ ਲੱਲਾ ਦੀ ਪ੍ਰਾਣ ਪ੍ਰਤਿਸ਼ਠਾ ਦੇ ਜਸ਼ਨ ਪੂਰੀ ਦੁਨੀਆ 'ਚ ਰਾਮ ਭਗਤਾਂ ਅਤੇ ਪਰਵਾਸੀ ਭਾਰਤੀਆਂ



ਵੱਲੋਂ ਮਨਾਏ ਗਏ। ਨਿਊਯਾਰਕ ਦੇ ਟਾਈਮਜ਼ ਸਕੁਏਅਰ ਸਮੇਤ ਕਈ ਥਾਵਾਂ 'ਤੇ ਪ੍ਰਾਰਥਨਾ ਸਭਾਵਾਂ, ਕਾਰ ਰੈਲੀਆਂ ਅਤੇ ਹੋਰ ਧਾਰਮਿਕ ਪ੍ਰੋਗਰਾਮ ਹੋਏ। ਵਰਜੀਨੀਆ ਦੀ ਫੇਅਰਫੈਕਸ ਕਾਊਂਟੀ ਦੇ ਐਸਵੀ ਲੋਟਸ ਮੰਦਰ 'ਚ ਸਿੱਖਾਂ, ਮੁਸਲਮਾਨਾਂ ਅਤੇ ਪਾਕਿਸਤਾਨੀ ਅਮਰੀਕੀ ਭਾਈਚਾਰੇ ਸਣੇ ਹੋਰ ਲੋਕ ਵੀ ਜਸ਼ਨਾਂ 'ਚ ਸ਼ਾਮਲ ਹੋਏ।

ਇਸ ਪ੍ਰੋਗਰਾਮ 'ਚ 2500 ਤੋਂ ਵਧ ਲੋਕ ਹਾਜ਼ਰ ਸਨ। ਅਮਰੀਕੀ ਸ਼ੇਅਰ ਬਾਜ਼ਾਰ ਨਾਲ ਸਬੰਧਤ ਨੈਸਡੈਕ ਦੀ ਸਕਰੀਨ 'ਤੇ ਰਾਮ ਮੰਦਰ ਦੀਆਂ ਤਸਵੀਰਾਂ ਨਸ਼ਰ ਕੀਤੀਆਂ ਗਈਆਂ। ਹਿਊਸਟਨ 'ਚ ਵੀ ਵਿਸ਼ੇਸ਼ ਪ੍ਰੋਗਰਾਮ ਦਾ ਪ੍ਰਬੰਧ ਕੀਤਾ ਗਿਆ। ਲਾਸ ਏਂਜਿਲਸ 'ਚ ਲੋਕਾਂ ਨੇ ਕਾਰ ਰੈਲੀ 'ਚ ਹਿੱਸਾ ਲਿਆ। ਕੈਰੇਬੀਅਨ ਮੁਲਕ ਤ੍ਰਿਨੀਦਾਦ ਐਂਡ ਟੋਬੈਗੋ 'ਚ ਹਜ਼ਾਰਾਂ ਲੋਕਾਂ ਨੇ ਰਾਮ ਲੱਲਾ ਨਾਲ ਸਬੰਧਤ ਪ੍ਰੋਗਰਾਮ 'ਚ ਹਾਜ਼ਰੀ ਲੁਆਈ। ਮੈਕਸਿਕੋ 'ਚ ਵੀ ਧਾਰਮਿਕ ਪ੍ਰੋਗਰਾਮ ਕੀਤਾ ਗਿਆ।


## "ਦੇਸ਼ ਦੁਆਬਾ"

### ਹਫਤਾਵਾਰੀ ਅਖਬਾਰ

**ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?**
**ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?**
**ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।**

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**E-mail : deshdoaba@yahoo.com**

**(ਸੰਪਰਕ) 1-916-947-8920,**
**(ਫੈਕਸ) 1-916-238-1393**

**www.deshdoaba.com**
**www.ambedkartimes.com**

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। –ਸੰਪਾਦਕ



## Matrimonials

Looking for professional compatible educated girl for Ramdasia (weaver) Sikh doctor working in California 38 years old, never married, 5' 8" tall, father's gotra Sandhi mother's gotra Bains, caste no bar. For more information:

**WhatsApp +91 8360876705,**
**Email: sukhdevnorthridge@gmail.com**

---

Seeking a suitable match for Ramdasia/Ravidasia Sikh boy, born October 1984, height- 5' 7", divorcee (previous marriage lasted for less than a month, which ended with divorce and was settled with mutual understanding), Australian citizen, working as a vocational education teacher, postgraduate in psychology. Both parents are deceased. **Contact/Whatsapp: +61 401251614, Email - devmahey84@yahoo.co.in**

---

US Citizen boy, Ravidassia Ad-Dharmi (SC) Punjabi well educated Engineer (Bachelors and Masters degree), 35 years old, Height 5"9", Looking for suitable bride match from Punjabi Ravidassia Ad-Dharmi SC Community.

All family settled in the US.

**Please send biodata and pictures as: Email: jrjeet1993@gmail.com**

# Raja SWEETS & CATERING

AUTHORIZED CATERER FOR MAJOR 5-STAR HOTELS



**ITEMS SERVING**
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

**CATERING SERVICE**
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

**ADDITIONAL SERVICE**
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on facebook: rajasweetsandcatering
Follow us on Twitter: rajasweets



# Kash FABRICS

**ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ**

## ਸਾਡੀ ਸਪੈਸ਼ਲਟੀ

ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।



ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

**KASH FABRICS**
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138





# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**
ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ
ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749

Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

Used Tires American Brand $99 + Labor
Recap Truck Tire $ 249 + Labor
Recap Trailar Tires and Kind $ 199 + Labor

LUCAS OIL LUCAS INJECTOR CLEANER $28.99

**NEW & USED TIRES**
**WASH, LUBE, BRAKES**

Call:
650-642-0697

**3525 Highway 99, West Corning, CA 96021**
Across the Street from TA Truck Stop

## ਪਠਾਨਕੋਟ ਸਮਾਚਾਰ – ਰਾਜਿੰਦਰ ਸਿੰਘ ਰਾਜਨ

# ਸਭਾ ਹਲਕਾ ਭੋਆ ਤੋਂ ਤੀਸਰੀ ਬੱਸ ਧਾਰਮਿਕ ਸਥਾਨਾਂ ਦੇ ਦਰਸਨਾਂ ਲਈ ਰਵਾਨਾ, ਕੈਬਨਿਟ ਮੰਤਰੀ ਨੇ ਬੱਸ ਨੂੰ ਕੀਤਾ ਰਵਾਨਾ

**ਪਠਾਨਕੋਟ–** ਪੰਜਾਬ ਦੇ ਮੁੱਖ ਮੰਤਰੀ ਸ: ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਸੁਰੂ ਕੀਤੀ ਗਈ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਅਧੀਨ ਅੱਜ ਵਿਧਾਨ ਸਭਾ ਹਲਕਾ ਭੋਆ ਤੋਂ ਤੀਸਰੀ ਬੱਸ ਵੱਖ ਵੱਖ ਧਾਰਮਿਕ ਸਥਾਨਾਂ ਦੇ ਦਰਸਨਾਂ ਲਈ ਰਵਾਨਾ ਕੀਤੀ ਗਈ ਹੈ ਲੋਕਾਂ ਵਿੱਚ ਧਾਰਮਿਕ ਯਾਤਰਾ ਨੂੰ ਲੈ ਕੇ ਕਾਫੀ ਖੁਸੀ ਦੀ ਲਹਿਰ ਪਾਈ ਜਾ ਰਹੀ ਹੈ ਇਹ ਬੱਸ ਸ੍ਰੀ ਅਨੰਦਪੁਰ ਸਾਹਿਬ ਅਤੇ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਦਰਸਨਾ ਲਈ ਲਈ ਰਵਾਨਾ ਹੋਈ ਹੈ ਉਹ ਸਾਰੇ ਯਾਤਰੀਆਂ ਦੇ ਲਈ ਮੰਗਲ ਕਾਮਨਾ ਕਰਦੇ ਹਨ ਕਿ ਉਨ੍ਹਾਂ ਦੀ ਯਾਤਰਾ ਸਫਲ ਹੋਵੇ। ਇਹ ਪ੍ਰਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਅੱਜ ਬਨੀਲੋਧੀ ਸੁੰਦਰਚੱਕ ਤੋਂ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਅਧੀਨ ਸਰਧਾਲੂਆਂ ਦੀ ਭਰੀ ਬੱਸ ਨੂੰ ਰਵਾਨਾ ਕਰਨ ਮਗਰੋਂ ਕੀਤਾ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਮੇਜਰ ਡਾ. ਸੁਮਿਤ ਮੁਧ ਐਸ.ਡੀ.ਐਮ. ਪਠਾਨਕੋਟ, ਰਜਿੰਦਰ ਭਿੱਲਾ ਬਲਾਕ ਪ੍ਰਧਾਨ, ਬਲਾਕ ਪ੍ਰਧਾਨ ਪਵਨ ਕੁਮਾਰ ਫੋਜੀ, ਠਾਕੁਰ ਭੁਪਿੰਦਰ ਸਿੰਘ, ਸੰਦੀਪ ਕੁਮਾਰ ਬਲਾਕ ਪ੍ਰਧਾਨ, ਸਰਪੰਚ ਅਭਿਸੇਕ ਨੰਦੂ, ਰਮੇਸ ਲਾਲ




ਬਨੀਲੋਧੀ,ਰਜਿੰਦਰ, ਬੱਬਲੂ, ਵਿਜੈ ਸਿੰਘ , ਸੈਲੀ ਸਰਮਾ ਬਲਾਕ ਪ੍ਰਧਾਨ, ਰਾਜ ਕੁਮਾਰ ਨਾਇਬ ਤਹਿਸੀਲਦਾਰ ਪਠਾਨਕੋਟ, ਅਤੇ ਹੋਰ ਪਾਰਟੀ ਕਾਰਜਕਰਤਾ ਹਾਜਰ ਸਨ।

ਇਸ ਮੋਕੇ ਤੇ ਸੰਬੋਧਤ ਕਰਦਿਆਂ ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਦੱਸਿਆ ਵੱਖ ਵੱਖ ਧਾਰਮਿਕ ਸਥਾਨਾਂ ਦੀ ਯਾਤਰਾ ਲਈ ਪੰਜਾਬ ਸਰਕਾਰ ਨੇ ਪਹਿਲ ਕਦਮੀ ਕਰਦਿਆਂ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਸ਼ੁਰੂ ਕੀਤੀ ਹੈ ਉਸ ਅਧੀਨ ਅੱਜ ਵਿਧਾਨ ਸਭਾ ਹਲਕਾ ਭੋਆ ਤੋਂ ਤੀਸਰੀ ਬੱਸ ਧਾਰਮਿਕ ਸਥਾਨਾਂ ਦੇ ਦਰਸਨਾ ਲਈ ਰਵਾਨਾ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇੱਕ ਉਪਰਾਲਾ ਕੀਤਾ ਗਿਆ ਹੈ ਕਿ ਪੰਜਾਬ ਅਤੇ ਹੋਰ ਬਾਹਰੀ ਸੂਬਿਆਂ ਅੰਦਰ ਸਥਿਤ ਧਾਰਮਿਕ ਸਥਾਨਾਂ ਦੇ ਦਰਸਨਾਂ ਦੇ ਲਈ ਲੋਕਾਂ ਨੂੰ ਮੁਫ਼ਤ ਯਾਤਰਾ ਕਰਵਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਅੱਜ ਜਿਲ੍ਹਾ ਪਠਾਨਕੋਟ ਦੇ ਵਿਧਾਨ ਸਭਾ ਹਲਕਾ ਭੋਆ ਤੋਂ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਅਧੀਨ ਤੀਸਰੀ ਬੱਸ 43 ਸ਼ਰਧਾਲੂਆਂ ਨੂੰ ਲੈਕੇ ਸ੍ਰੀ ਅਨੰਦਪੁਰ ਸਾਹਿਬ ਅਤੇ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਦਰਸਨਾਂ ਲਈ ਰਵਾਨਾ ਹੋਈ ਹੈ।

ਇਸ ਤਰ੍ਹਾਂ ਦੀ ਹੋਰ ਵੀ ਬੱਸਾਂ ਵੱਖ ਵੱਖ ਧਾਰਮਿਕ ਸਥਾਨਾਂ ਦੇ ਦਰਸਨਾਂ ਲਈ ਜਿਲ੍ਹਾ ਪਠਾਨਕੋਟ ਤੋਂ ਰਵਾਨਾਂ ਹੋਣਗੀਆਂ। ਉਨ੍ਹਾਂ ਕਿਹਾ ਕਿ ਧਾਰਮਿਕ ਸਥਾਨਾਂ ਦੇ ਦਰਸਨਾਂ ਤੇ ਜਾ ਰਹੇ ਸਰਧਾਲੂਆਂ ਨੂੰ ਪੰਜਾਬ ਸਰਕਾਰ ਵੱਲੋਂ ਭੇਜੀ ਗਈ ਇੱਕ ਇੱਕ ਕਿੱਟ ਵੀ ਵੰਡੀ ਗਈ ਹੈ ਜਿਸ ਵਿੱਚ ਯਾਤਰਾ ਦੋਰਾਨ ਉਨ੍ਹਾਂ ਨੂੰ ਲੋੜੀਦੇ ਸਮਾਨ ਸਾਮਲ ਹੈ। ਉਨ੍ਹਾਂ ਦੱਸਿਆ ਕਿ ਯਾਤਰੀਆਂ ਦੇ ਰਹਿਣ ਅਤੇ ਭੋਜਨ ਦੀ ਵਿਵਸਥਾ ਸਰਕਾਰ ਵੱਲੋਂ ਪਹਿਲਾ ਤੋਂ ਹੀ ਕਰ ਲਈ ਗਈ ਹੈ ਅਤੇ ਬੱਸ ਦੇ ਨਾਲ ਇੱਕ ਵਿਸੇਸ ਤੋਰ ਤੇ ਮੈਡੀਕਲ ਟੀਮ ਵੀ ਰਵਾਨਾਂ ਕੀਤੀ ਗਈ ਹੈ ਤਾਂ ਜੋ ਸਰਦਾਲੂਆਂ ਨੂੰ ਯਾਤਰਾ ਕਰਦੇ ਸਮੇਂ ਕਿਸੇ ਕਿਸਮ ਦੀ ਪ੍ਰੇਸਾਨੀ ਦਾ ਸਾਹਮਣਾ ਨਾ ਕਰਨਾ ਪਵੇ।

# ਸ੍ਰੀ ਲਾਲ ਚੰਦ ਕਟਾਰੂਚੱਕ ਨੇ ਪਿੰਡ ਭੋਆ ਵਿੱਚ 28 ਲੱਖ ਰੁਪਏ ਦੀ ਲਾਗਤ ਨਾਲ ਕਰਵਾਏ ਵਿਕਾਸ ਕਾਰਜਾਂ ਦਾ ਕੀਤਾ ਉਦਘਾਟਨ

**ਪਠਾਨਕੋਟ–**ਪੰਜਾਬ ਦੇ ਮੁੱਖ ਮੰਤਰੀ ਸ: ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਪੂਰੇ ਪੰਜਾਬ ਅੰਦਰ ਬਿਨ੍ਹਾਂ ਕਿਸੇ ਭੇਦ ਭਾਵ ਦੇ ਵਿਕਾਸ ਕਰਵਾਏ ਜਾ ਰਹੇ ਹਨ ਜਿਸ ਅਧੀਨ ਅੱਜ ਜਿਲ੍ਹਾ ਪਠਾਨਕੋਟ ਦੇ ਵਿਧਾਨ ਸਭਾ ਹਲਕਾ ਭੋਆ ਅੰਦਰ ਕਰੀਬ 28 ਲੱਖ ਰੁਪਏ ਦੀ ਲਾਗਤ ਨਾਲ ਕੀਤੇ ਗਏ ਵੱਖ ਵੱਖ ਵਿਕਾਸ ਕਾਰਜਾਂ ਦਾ ਨਿਰਮਾਣ ਕਰਕੇ ਜਨਤਾ ਨੂੰ ਸਮਰਪਿਤ ਕੀਤੇ ਗਏ ਹਨ ਅਤੇ ਜੋ ਵਿਕਾਸ ਕਾਰਜ ਰਹਿੰਦੇ ਹਨ ਉਹ ਵੀ ਜਲਦੀ ਹੀ ਪੂਰੇ ਕੀਤੇ ਜਾਣਗੇ। ਇਹ ਇਹ ਪ੍ਰਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਅੱਜ ਵਿਧਾਨ ਸਭਾ ਹਲਕਾ ਭੋਆ ਵਿਖੇ ਵੱਖ ਵੱਖ ਵਿਕਾਸ ਕਾਰਜਾਂ ਦਾ ਉਦਘਾਟਣ ਕੀਤਾ ਗਿਆ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਰਜਿੰਦਰ ਭਿੱਲਾ ਬਲਾਕ ਪ੍ਰਧਾਨ, ਸੈਲੀ ਸਰਮਾ ਬਲਾਕ ਪ੍ਰਧਾਨ, ਕੁਲਦੀਪ ਭਟਵਾਂ ਬਲਾਕ ਪ੍ਰਧਾਨ, ਸੰਦੀਪ ਕੁਮਾਰ ਬਲਾਕ ਪ੍ਰਧਾਨ, ਰਾਜ ਕੁਮਾਰ ਨੀਲੂ ਸਰਪੰਚ ਭੋਆ, ਸੰਦੀਪ ਸਰਮਾ ਮੈਂਬਰ ਪੰਚਾਇਤ, ਸੁਨੀਲ ਕੁਮਾਰ ਵਿਲੈਜ ਪ੍ਰਧਾਨ, ਵਰਿੰਦਰ ਸਰਮਾ ਸੋਨੂੰ, ਮਾਸਟਰ ਸਾਮ ਲਾਲ, ਰਾਕੇਸ ਕੁਮਾਰ, ਸਿਵ ਦਿਆਲ ਅਤੇ ਹੋਰ ਪਾਰਟੀ ਕਾਰਜ ਕਰਤਾ ਹਾਜਰ ਸਨ।



ਇਸ ਮੋਕੇ ਤੇ ਸੰਬੋਧਤ ਕਰਦਿਆਂ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਸ। ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਯੋਗ ਅਗਵਾਈ ਵਿੱਚ ਬਿਨ੍ਹਾਂ ਕਿਸੇ ਭੇਦਭਾਵ ਦੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ । ਉਨ੍ਹਾਂ ਕਿਹਾ ਪਿੰਡ ਭੋਆ ਦੇ ਲੋਕਾਂ ਨਾਲ ਇਨ੍ਹਾਂ ਗਲੀਆਂ ਨੂੰ ਬਣਾਉਂਣ ਦੇ ਲਈ ਵਾਅਦਾ ਕੀਤਾ ਸੀ ਅਤੇ ਅੱਜ ਉਹ ਅੱਜ ਪੂਰਾ ਹੋਇਆ ਹੈ ਅਤੇ ਪਿੰਡ ਵਿੱਚ ਜੋ ਵੀ ਵਿਕਾਸ ਕਾਰਜ ਰਹਿੰਦੇ ਹਨ ਉਨ੍ਹਾਂ ਕਾਰਜਾਂ ਨੂੰ ਵੀ ਜਲਦੀ ਹੀ ਪੂਰਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪਿੰਡ ਦੇ ਲੋਕਾਂ ਵੱਲੋਂ ਜੰਜ ਘਰ ਦੇ ਨਵਨਿਰਮਾਣ ਦੀ ਮੰਗ ਕੀਤੀ ਗਈ ਹੈ ਭਵਿੱਖ ਵਿੱਚ ਇਹ ਵੀ ਮੰਗ ਪੂਰੀ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਹ ਵਿਕਾਸ ਕਾਰਜ ਜਨਤਾ ਦੇ ਪੈਸੇ ਨਾਲ ਹੀ ਕਰਵਾਇਆ ਜਾ ਰਿਹਾ ਹੈ ਅਤੇ ਭਵਿੱਖ ਵਿੱਚ ਵੀ ਬਿਨ੍ਹਾਂ ਕਿਸੇ ਭੇਦਭਾਵ ਦੇ ਇਹ ਵਿਕਾਸ ਕਾਰਜ ਜਾਰੀ ਰਹਿਣਗੇ।

ਜਿਕਰਯੋਗ ਹੈ ਕਿ ਅੱਜ ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਪਿੰਡ ਭੋਆ ਵਿਖੇ ਨਵੀਨ ਕਰਾਲ ਗਲੀ ਜਿਸ ਦੀ ਪਹਿਲਾ ਬਹੁਤ ਹੀ ਹਾਲਤ ਖਸਤਾ ਸੀ ਅਤੇ ਇਸ ਗਲੀ ਤੇ ਕਰੀਬ 12 ਲੱਖ ਰੁਪਏ ਖਰਚ ਕਰਕੇ ਸੜਕ ਦਾ ਨਿਰਮਾਣ ਕਰਵਾਇਆ ਗਿਆ ਅਤੇ ਪਾਣੀ ਦੀ ਨਿਕਾਸੀ ਅੰਡਰ ਗਰਾਊਂਡ ਕਰਵਾਈ ਗਈ, ਇਸ ਤੋਂ ਇਲਾਵਾ ਸਰਕਾਰੀ ਪ੍ਰਾਇਮਰੀ ਸਕੂਲ ਵਿਖੇ ਮਿਡ ਡੇ ਮੀਲ ਹਾਲ ਜਿਸ ਦਾ ਨਿਰਮਾਣ ਕਰੀਬ 8 ਲੱਖ ਰੁਪਏ ਖਰਚ ਕਰਕੇ ਕੀਤਾ ਗਿਆ। ਇਸ ਤੋਂ ਇਲਾਵਾ ਪਿੰਡ ਦੀ ਇੱਕ ਹੋਰ ਗਲੀ ਜਿਸ ਤੇ ਕਰੀਬ 10 ਲੱਖ ਰੁਪਏ ਖਰਚ ਕੀਤੇ ਗਏ ਹਨ ਅਤੇ ਉਹ ਸੜਕ ਦਾ ਵੀ ਅੱਜ ਉਦਘਾਟਣ ਕਰਨ ਮਗਰੋਂ ਜਨਤਾਂ ਨੂੰ ਸਮਰਪਿਤ ਕੀਤੇ। ਇਸ ਤੋਂ ਇਲਾਵਾ ਪਿੰਡ ਦੇ ਪ੍ਰਾਇਮਰੀ ਸਕੂਲ ਵਿਖੇ ਕਰੀਬ 8 ਲੱਖ ਰੁਪਏ ਖਰਚ ਕਰਕੇ, ਮਿਡ-ਡੇ ਮੀਲ ਹਾਲ ਦਾ ਆਧੁਨਿਕ ਸੁਵਿਧਾ ਦੇ ਨਾਲ ਨਿਰਮਾਣ ਕਰਵਾਇਆ ਗਿਆ ਹੈ।

# ਪੰਜਾਬ ਪੁਲਿਸ ਸਾਡੇ ਪਰਿਵਾਰ ਦਾ ਹਿੱਸਾ ਹੈ, ਕੋਈ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ

**ਪਠਾਨਕੋਟ–**ਕੈਬਨਿਟ ਮੰਤਰੀ ਪੰਜਾਬ ਲਾਲ ਚੰਦ ਕਟਾਰੂਚੱਕ ਨੇ ਪਠਾਨਕੋਟ ਦੇ ਮਲਿਕਪੁਰ ਸਥਿਤ ਪੁਲਿਸ ਹੈਂਡਕੁਆਰਟਰ ਦਾ



ਦੌਰਾ ਕੀਤਾ। ਇਸ ਦੌਰਾਨ ਉਨ੍ਹਾਂ ਨੇ ਮੁੱਖ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਅਤੇ ਸੁਰੱਖਿਆ ਪ੍ਰਬੰਧਾਂ ਦੇ ਨਾਲ-ਨਾਲ ਪੁਲਿਸ ਦੀ ਕਾਰਜਪ੍ਰਣਾਲੀ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਬਾਰੇ ਚਰਚਾ ਕੀਤੀ। ਉਨ੍ਹਾਂ ਕੰਟਰੋਲ ਰੂਮ ਵਿੱਚ ਸਥਿਤੀ ਦਾ ਜਾਇਜ਼ਾ ਵੀ ਲਿਆ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਹਰ ਸਥਿਤੀ ਦਾ ਦਲੇਰੀ ਨਾਲ ਸਾਹਮਣਾ ਕਰ ਰਹੀ ਹੈ ਅਤੇ ਸਰਕਾਰ ਦਾ ਅਹਿਮ ਹਿੱਸਾ ਹੋਣ ਦੇ ਨਾਤੇ ਪੁਲਿਸ ਨੂੰ ਮਜ਼ਬੂਤ ਕਰਨਾ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨਾ ਮੌਜੂਦਾ ਸਰਕਾਰ ਦੀ ਤਰਜ਼ੀਹ ਹੈ। ਉਨ੍ਹਾਂ ਕੰਟਰੋਲ ਰੂਮ ਵਿੱਚ ਉਪਕਰਨਾਂ ਦੀ ਘਾਟ ਨੂੰ ਪੂਰਾ ਕਰਨ ਅਤੇ ਹੋਰ ਲੋੜਾਂ ਪੂਰੀਆਂ ਕਰਨ ਲਈ ਸਰਕਾਰ ਦੀ ਤਰਫ਼ੋਂ ਵਿਭਾਗ ਨੂੰ 8 ਲੱਖ ਰੁਪਏ ਦਾ ਚੈੱਕ ਵੀ ਭੇਟ ਕੀਤਾ। ਇਸ ਤੋਂ ਪਹਿਲਾਂ ਜ਼ਿਲ੍ਹਾ ਪੁਲੀਸ ਮੁਖੀ ਦਲਜਿੰਦਰ ਸਿੰਘ ਢਿੱਲੋਂ ਨੇ ਜੰਮੂ-ਕਸ਼ਮੀਰ ਸਹਿਤ 26 ਕਿਲੋਮੀਟਰ ਪਾਕਿਸਤਾਨ ਅਤੇ 55 ਕਿਲੋਮੀਟਰ ਹਿਮਾਚਲ ਪ੍ਰਦੇਸ਼ ਦੀ ਸਰਹੱਦ ਸਮੇਤ ਪੰਜਾਬ ਖੇਤਰ ਵਿੱਚ ਸੁਰੱਖਿਆ ਪ੍ਰਬੰਧਾਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਜ਼ਿਲ੍ਹਾ ਡਿਪਟੀ ਕਮਿਸ਼ਨਰ ਹਰਵੀਰ ਸਿੰਘ ਤੋਂ ਇਲਾਵਾ ਅਨੇਕਾ ਪੁਲਿਸ ਅਧਿਕਾਰੀ, ਪ੍ਰਸਾਸਨ ਅਧਿਕਾਰੀ, ਨਰੇਸ਼ ਸੈਣੀ ਪ੍ਰਧਾਨ ਬੀ।ਸੀ ਵਿੰਗ, ਪਵਨ ਕੁਮਾਰ ਬਲਾਕ ਪ੍ਰਧਾਨ, ਸੰਦੀਪ ਕੁਮਾਰ ਬਲਾਕ ਪ੍ਰਧਾਨ, ਠਾਕੁਰ ਭੁਪਿੰਦਰ ਸਿੰਘ ਆਦਿ ਹਾਜ਼ਰ ਸਨ।

# ਭਾਰਤੀ ਮਜ਼ਦੂਰ ਸੰਘ ਦੀ ਵਿਸ਼ੇਸ਼ ਮੀਟਿੰਗ ਹੋਈ

**ਪਠਾਨਕੋਟ–**ਭਾਰਤੀ ਮਜ਼ਦੂਰ ਸੰਘ ਦੀ ਇੱਕ ਵਿਸ਼ੇਸ਼ ਮੀਟਿੰਗ ਸਟਾਫ ਕਲੱਬ ਸ਼ਾਹਪੁਰਕੰਡੀ ਟਾਊਨਸ਼ਿਪ ਵਿੱਖੇ ਪ੍ਰਧਾਨ ਅਸ਼ੋਕ ਸ਼ਰਮਾ ਦੀ ਦੇਖ-ਰੇਖ ਹੇਠ ਹੋਈ। ਜਿਸ ਵਿੱਚ ਲੇਬਰ ਯੂਨੀਅਨ ਵਿਭਾਗ ਦੇ ਮੁਖੀ ਓ।ਪੀ।ਵਰਮਾ ਅਤੇ ਜਿਲ੍ਹਾ ਖਜ਼ਾਨਚੀ ਸ੍ਰ: ਗੁਰਨਾਮ ਸਿੰਘ ਸੈਣੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਮੀਟਿੰਗ ਵਿੱਚ ਮੁਲਾਜ਼ਮਾਂ ਦੀਆਂ ਲੰਮੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੁਸ਼ਕਲਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਉਪਰੋਕਤ ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਜਨਵਰੀ 2016 ਤੋਂ ਤਨਖਾਹ ਸਕੇਲ ਦੇ ਬਕਾਏ ਦੇਣ ਤੋਂ ਇਲਾਵਾ ਮੁਲਾਜ਼ਮਾਂ ਨੂੰ ਪਿੱਛਲਾ 8% ਮਹਿੰਗਾਈ ਭੱਤਾ ਜਲਦੀ ਜਾਰੀ ਕੀਤਾ ਜਾਏ। ਉਨ੍ਹਾਂ ਕਿਹਾ ਕਿ ਸਰਕਾਰ ਦੀ ਬੇਰੁੱਖੀ ਕਾਰਨ ਪੰਜਾਬ ਦੇ ਲੱਖਾਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਵਿੱਚ ਭਾਰੀ ਨਿਰਾਸ਼ਾ ਪਾਈ ਜਾ ਰਹੀ ਹੈ। ਇਸ ਮੌਕੇ ਉਨ੍ਹਾਂ ਇਲਾਕੇ ਦੇ ਸਮੂਹ ਪ੍ਰਭੂ ਭਗਤਾਂ ਨੂੰ ਅਪੀਲ ਕੀਤੀ ਕਿ ਉਹ 22 ਜਨਵਰੀ ਨੂੰ ਅਯੁੱਧਿਆ ਵਿਖੇ ਹੋਣ ਵਾਲੇ ਭਗਵਾਨ ਰਾਮ ਮੰਦਰ ਦੇ ਪ੍ਰਕਾਸ਼ ਪੁਰਬ ਦੇ ਪਵਿੱਤਰ ਮੌਕੇ 'ਤੇ ਆਪੋ-ਆਪਣੇ ਘਰਾਂ 'ਚ ਦੀਵੇ ਜਗਾ ਕੇ ਇਸ ਪਵਿੱਤਰ ਕਾਰਜ 'ਚ ਹਿੱਸਾ ਲੈਣ ਅਤੇ ਭਗਵਾਨ ਰਾਮ ਦਾ ਗੁਣਗਾਨ ਕਰਨ। ਇਸ ਮੌਕੇ 'ਤੇ ਓ।ਪੀ।ਵਰਮਾ, ਸ੍ਰ: ਗੁਰਨਾਮ ਸਿੰਘ ਸੈਣੀ, ਅਸ਼ੋਕ ਸ਼ਰਮਾ, ਅਨਿਲ ਮਹਾਜਨ "ਨੀਲੂ", ਨਰੇਸ਼ ਸ਼ਰਮਾ, ਵਿਨੈ ਸ਼ਰਮਾ, ਵਿਜੇ ਦਿਗਪਾਲ ਅਤੇ ਸ਼ਿਆਮ ਲਾਲ ਸਰਮਾ ਆਦਿ ਮੌਜੂਦ ਸਨ।



# ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਕੀਤਾ ਨਵੇਂ ਬਣਾਏ ਜਾ ਰਹੇ ਆਮ ਆਦਮੀ ਕਲੀਨਿਕਾਂ ਦਾ ਨਿਰੀਖਣ ਦੌਰਾ

**ਪਠਾਨਕੋਟ–**ਪੰਜਾਬ ਸਰਕਾਰ ਨੇ ਲੋਕਾਂ ਨਾਲ ਫ੍ਰੀ ਸਿਹਤ ਸੇਵਾਵਾਂ ਅਤੇ ਵਧੀਆ ਸਿਹਤ ਸੇਵਾਵਾਂ ਦੇਣ ਦਾ ਵਾਅਦਾ ਕੀਤਾ ਸੀ ਅਤੇ ਇਸ ਅਧੀਨ ਹੀ ਪਿੰਡਾਂ ਅੰਦਰ ਆਮ ਆਦਮੀ ਕਲੀਨਿਕ ਖੋਲੇ ਗਏ ਹਨ ਅਤੇ ਜਿਲ੍ਹਾ ਪਠਾਨਕੋਟ ਲਈ ਹੋਰ ਵੀ ਖੁਸੀ ਦੀ ਗੱਲ ਹੈ ਕਿ ਜਲਦੀ ਹੀ 10 ਹੋਰ ਨਵੇਂ ਆਮ ਆਦਮੀ ਕਲੀਨਿਕ ਬਣਾ ਕੇ ਲੋਕਾਂ ਨੂੰ ਸਮਰਪਿਤ ਕੀਤੇ ਜਾ ਰਹੇ ਹਨ, ਜਿਨ੍ਹਾਂ ਦਾ ਨਿਰਮਾਣ ਕਾਰਜ ਜੰਗੀ ਪੱਧਰ ਤੇ ਚਲ ਰਹਾ ਹੈ। ਇਹ ਪ੍ਰਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਵੱਲੋਂ ਸਿਹੋੜਾ ਅਤੇ ਪਰਮਾਨੰਦ ਵਿਖੇ ਬਣਾਏ ਜਾ ਰਹੇ ਆਮ ਆਦਮੀ ਕਲੀਨਿਕਾਂ ਦਾ ਨਿਰੀਖਣ ਦੌਰਾ ਕਰਨ ਮਗਰੋਂ ਕੀਤਾ। ਇਸ ਮੋਕੇ ਤੇ ਉਨ੍ਹਾ ਨਾਲ ਹੋਰਨਾਂ ਤੋਂ ਇਲਾਵਾ ਨਰੇਸ ਸੈਣੀ ਜਿਲ੍ਹਾ ਪ੍ਰਧਾਨ ਬੀ।ਸੀ। ਵਿੰਗ, ਪਵਨ ਕੁਮਾਰ ਫੋਜੀ ਬਲਾਕ ਪ੍ਰਧਾਨ, ਸੰਦੀਪ ਕੁਮਾਰ ਬਲਾਕ ਪ੍ਰਧਾਨ, ਠਾਕੁਰ ਭੁਪਿੰਦਰ ਸਿੰਘ ਅਤੇ ਹੋਰ ਪਾਰਟੀ ਕਾਰਜਕਰਤਾ ਹਾਜ਼ਰ ਸਨ।ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਦੌਰੇ ਦੋਰਾਨ ਕਿਹਾ ਕਿ ਆਮ ਲੋਕਾਂ ਦੇ ਘਰ ਨਜਦੀਕ ਸਿਹਤ ਸੇਵਾਵਾਂ ਦੇਣ ਦੇ ਉਦੇਸ਼ ਨਾਲ ਹੀ ਆਮ ਆਦਮੀ ਕਲੀਨਿਕ ਖੋਲੇ ਗਏ ਸਨ ਅਤੇ ਅੱਜ ਇਨ੍ਹਾਂ ਆਮ ਆਦਮੀ ਕਲੀਨਿਕਾਂ ਤੋਂ 40 ਤਰ੍ਹਾਂ ਦੇ ਮੁਫਤ ਮੈਡੀਕਲ ਟੈਸਟ ਕੀਤੇ ਜਾਂਦੇ ਹਨ ਅਤੇ 90 ਤਰ੍ਹਾਂ ਦੀਆਂ ਦਵਾਈਆਂ ਫ੍ਰੀ ਵਿੱਚ ਦਿੱਤੀਆਂ ਜਾਂਦੀਆਂ ਹਨ ਅਤੇ ਹੁਣ ਤੱਕ ਲੱਖਾਂ ਲੋਕ ਇਨ੍ਹਾਂ ਆਮ ਆਦਮੀ ਕਲੀਨਿਕਾਂ ਤੋਂ ਲਾਭ ਲੈ ਚੁੱਕੇ ਹਨ। ਉਨ੍ਹਾਂ ਕਿਹਾ ਕਿ ਜਲਦੀ ਹੀ ਜਿਲ੍ਹਾਂ ਪਠਾਨਕੋਟ ਨੂੰ 10 ਹੋਰ ਨਵੇਂ ਆਮ ਆਦਮੀ ਕਲੀਨਿਕ ਸਮਰਪਿਤ ਕੀਤੇ ਜਾਣਗੇ। ਉਨ੍ਹਾਂ ਇਸ ਮੋਕੇ ਤੇ ਕਿਹਾ ਕਿ ਨਿਰਮਾਣ ਕਾਰਜ ਵਿੱਚ ਕਿਸੇ ਵੀ ਤਰ੍ਹਾਂ ਦੀ ਕਮੀ ਨਹੀਂ ਰਹਿਣੀ ਚਾਹੀਦੀ ਅਤੇ ਗੁਣਵੱਤਾ ਦੇ ਅਧਾਰ ਤੇ ਕਾਰਜ ਕੀਤਾ ਜਾਣਾ ਚਾਹੀਦਾ ਹੈ।

## ਆਂਧਰਾ ਪ੍ਰਦੇਸ਼ ਸਰਕਾਰ ਵੱਲੋਂ ਜਾਤੀ ਆਧਾਰਿਤ ਜਨਗਣਨਾ ਆਰੰਭ

**ਅਮਰਾਵਤੀ-** ਆਂਧਰਾ ਪ੍ਰਦੇਸ਼ ਸਰਕਾਰ ਨੇ ਸੂਬੇ ਵਿਚ ਸਾਰੇ ਭਾਈਚਾਰਿਆਂ ਦੇ ਲੋਕਾਂ ਦੀ ਗਿਣਤੀ ਲਈ ਆਪਣੀ ਵਿਆਪਕ ਜਾਤੀ ਆਧਾਰਿਤ ਜਨਗਣਨਾ ਦੀ ਸ਼ੁਰੂਆਤ ਕੀਤੀ ਹੈ। ਸੂਚਨਾ ਅਤੇ ਲੋਕ ਸੰਪਰਕ ਮੰਤਰੀ ਸ੍ਰੀਨਿਵਾਸ ਵੇਣੂਗੋਪਾਲ ਕ੍ਰਿਸ਼ਨਾ ਨੇ ਦੱਸਿਆ ਕਿ ਇਹ ਜਨਗਣਨਾ 19 ਜਨਵਰੀ ਤੋਂ 19 ਦਿਨਾਂ ਤੱਕ ਕੀਤੀ ਜਾਵੇਗੀ। ਉਹਨਾਂ ਦੱਸਿਆ ਕਿ ਵਿਆਪਕ ਜਾਤੀ ਆਧਾਰਿਤ ਜਨਗਣਨਾ ਪਹਿਲੇ ਗੇੜ 'ਚ 10 ਦਿਨਾਂ ਤੱਕ ਹੋਵੇਗੀ ਅਤੇ ਇਸ ਨੂੰ ਚਾਰ-ਪੰਜ ਦਿਨ ਵਧਾਇਆ ਜਾਵੇਗਾ। ਮੰਤਰੀ ਨੇ ਦੱਸਿਆ ਕਿ ਵਲੰਟੀਅਰ ਜਾਤੀ ਆਧਾਰਿਤ ਜਨਗਣਨਾ ਤਹਿਤ ਵੇਰਵੇ ਇਕੱਠੇ ਕਰਨ ਲਈ ਘਰ-ਘਰ ਜਾਣਗੇ। ਹਰ ਇਕ ਵਲੰਟੀਅਰ 50 ਪਰਿਵਾਰਾਂ ਦੀ ਜਾਣਕਾਰੀ ਇਕੱਠੀ ਕਰੇਗਾ। ਦੱਸਣਯੋਗ ਹੈ ਕਿ ਆਂਧਰਾ ਪ੍ਰਦੇਸ਼ (ਬਿਹਾਰ ਤੋਂ ਬਾਅਦ) ਜਾਤੀ ਆਧਾਰਿਤ ਜਨਗਣਨਾ ਕਰਵਾਉਣ ਵਾਲਾ ਦੂਜਾ ਸੂਬਾ ਬਣ ਗਿਆ ਹੈ। ਕ੍ਰਿਸ਼ਨਾ ਨੇ ਕਿਹਾ ਕਿ ਪੂਰੇ ਰਾਜ ਵਿਚ ਗ੍ਰਾਮ ਸਕੱਤਰੇਤ ਪ੍ਰਣਾਲੀ ਵਿਚ ਅਧਿਕਾਰੀ ਵਲੰਟੀਅਰਾਂ ਵੱਲੋਂ ਇਕੱਠੀ ਕੀਤੀ ਗਈ ਜਾਣਕਾਰੀ ਦੀ ਪੁਸ਼ਟੀ ਕਰਨਗੇ ਅਤੇ ਅੰਤਿਮ ਰਿਕਾਰਡ ਤਿਆਰ ਕਰਨ ਤੋਂ ਪਹਿਲਾਂ ਲੋੜ ਪੈਣ 'ਤੇ ਇਸ ਨੂੰ ਦਰੁੱਸਤ ਕਰਨਗੇ। ਸੂਚਨਾ ਅਤੇ ਲੋਕ ਸੰਪਰਕ ਮੰਤਰੀ ਨੇ ਭਰੋਸਾ ਜਤਾਇਆ ਕਿ ਪੂਰੀ ਜਨਗਣਨਾ ਪ੍ਰਕਿਰਿਆ 15 ਫਰਵਰੀ ਦੇ ਨੇੜੇ-ਤੇੜੇ ਚੋਣ ਨੋਟੀਫਿਕੇਸ਼ਨ ਜਾਰੀ ਹੋਣ ਤੋਂ ਪਹਿਲਾਂ ਪੂਰੀ ਕੀਤੀ ਜਾਵੇਗੀ। ਦੱਸਣਯੋਗ ਹੈ ਕਿ ਵਾਈ. ਐਸ. ਆਰ. ਸੀ. ਪੀ. ਨੇ ਜਾਤੀ ਆਧਾਰਿਤ ਜਨਗਣਨਾ ਨੂੰ ਇਕ ਵੱਡਾ ਟੀਚਾ ਮਿੱਥਿਆ ਹੈ ਤੇ ਪਾਰਟੀ ਨੂੰ ਲੱਗਦਾ ਹੈ ਕਿ ਇਸ ਰਾਹੀਂ ਪ੍ਰਾਪਤ ਅੰਕੜਿਆਂ ਦੇ ਆਧਾਰ 'ਤੇ ਲੋਕਾਂ ਦਾ ਜੀਵਨ ਪੱਧਰ ਬਿਹਤਰ ਬਣਾਇਆ ਜਾ ਸਕਦਾ ਹੈ। ਮੰਤਰੀ ਕ੍ਰਿਸ਼ਨਾ ਨੇ ਕਿਹਾ ਕਿ ਅਜਿਹੀਆਂ ਕਈ ਜਾਤੀਆਂ ਹਨ ਜਿਹਨਾਂ ਨੂੰ ਸਕੀਮਾਂ ਦਾ ਲਾਭ ਨਹੀਂ ਮਿਲਿਆ ਤੇ ਜਨਗਣਨਾ ਇਸ ਦਾ ਹੱਲ ਕਰਨ 'ਚ ਮਦਦ ਕਰੇਗੀ।

## ਆਂਧਰਾ ਪ੍ਰਦੇਸ਼: ਮੁੱਖ ਮੰਤਰੀ ਜਗਨ ਮੋਹਨ ਰੈਡੀ ਵੱਲੋਂ ਡਾ. ਅੰਬੇਡਕਰ ਦੀ ਦੁਨੀਆਂ ਦੀ ਸਭ ਤੋਂ ਵੱਡੀ ਮੂਰਤੀ ਦਾ ਉਦਘਾਟਨ

**ਵਿਜੇਵਾੜਾ** - ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਜਗਨ ਮੋਹਨ ਰੈਡੀ ਨੇ ਵਿਜੇਵਾੜਾ ਵਿਚ ਡਾ. ਬੀ. ਆਰ. ਅੰਬੇਡਕਰ ਦੀ ਦੁਨੀਆਂ ਦੀ ਸਭ ਤੋਂ ਵੱਡੀ ਮੂਰਤੀ ਦਾ ਉਦਘਾਟਨ ਕੀਤਾ।



## ਸੂਚੀ ਦੀ ਅੰਤਿਮ ਪ੍ਰਕਾਸ਼ਨਾਂ ਸਬੰਧੀ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦੀਆਂ ਨਾਲ ਕੀਤੀ ਮੀਟਿੰਗ

**ਪਠਾਨਕੋਟ-** ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਯੋਗਤਾ ਮਿਤੀ 01-01-2024 ਦੇ ਅਧਾਰ ਤੇ ਕੀਤੀ ਗਈ ਵੋਟਰ ਸੂਚੀ ਸੁਧਾਈ ਦੀ ਅੰਤਿਮ ਪ੍ਰਕਾਸ਼ਨਾਂ ਦੇ ਸਬੰਧ ਵਿੱਚ ਜਿਲ੍ਹੇ ਦੀਆਂ ਮਾਨਤਾ ਪ੍ਰਾਪਤ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਜਿਲ੍ਹਾ ਚੋਣ ਅਫਸਰ- ਕਮ- ਡਿਪਟੀ ਕਮਿਸ਼ਨਰ ਸ. ਹਰਬੀਰ ਸਿੰਘ ਦੀ ਪ੍ਰਧਾਨਗੀ ਹੇਠ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਹਾਜ਼ਰ ਆਏ ਨੁਮਾਇੰਦੀਆ ਨੂੰ ਵੋਟਰ ਸੂਚੀ ਦਾ ਇਕ-ਇਕ ਸੈਟ ਅਤੇ ਬਿਨ੍ਹਾਂ ਫੋਟੋ ਵਾਲੀ ਵੋਟਰ ਸੂਚੀ ਦੀ ਸਾਫਟ ਕਾਪੀ (ਡੀ.ਵੀ.ਡੀ) ਸਪਲਾਈ ਕੀਤੀ ਗਈ।

ਉਨ੍ਹਾਂ ਨੇ ਦਸਿਆਂ ਕਿ ਇਸ ਤੋਂ ਉਨ੍ਹਾਂ ਨੂੰ ਇਹ ਵੀ ਜਾਣੂ ਕਰਵਾਇਆ ਗਿਆ ਕਿ ਅਗਾਮੀ ਲੋਕ ਸਭਾ ਦੀਆਂ ਚੋਣਾਂ ਨੂੰ ਮੁੱਖ ਰੱਖਦੇ ਹੋਏ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਜਿਲ੍ਹੇ ਦੇ ਸਮੂਹ ਪੋਲਿੰਗ ਸਟੇਸ਼ਨਾਂ ਤੇ ਇਕ ਇਕ ਬੀ.ਐਲ.ਏ ਨਿਯੁਕਤ ਕਰਕੇ ਇਸ ਦੀ ਕਾਪੀ ਸੂਚਨਾਂ ਹਿੱਤ ਜ਼ਿਲ੍ਹਾ ਚੋਣ ਦਫਤਰ ਨੂੰ ਭੇਜ ਦਿੱਤੀ ਜਾਵੇ।

## ਜੂਨ ਤੱਕ ਤਹਿਸੀਲ ਕੰਪਲੈਕਸ ਦਿੜ੍ਹਬਾ ਦੀ ਇਮਾਰਤ ਹੋਵੇਗੀ ਤਿਆਰ, ਪ੍ਰਸ਼ਾਸ਼ਨਿਕ ਤੇ ਪੁਲਿਸ ਸੇਵਾਵਾਂ ਹੋਣਗੀਆਂ ਸ਼ੁਰੂ : ਹਰਪਾਲ ਸਿੰਘ ਚੀਮਾ

**ਦਿੜ੍ਹਬਾ/ਸੰਗਰੂਰ, (ਦਲਜੀਤ ਕੌਰ)-** ਦਿੜ੍ਹਬਾ ਨਗਰ ਪੰਚਾਇਤ ਨੂੰ ਵਾਰਡਾਂ ਦੀ ਨਿਯਮਤ ਸਾਫ਼ ਸਫ਼ਾਈ ਲਈ ਦੋ ਅਤਿ ਆਧੁਨਿਕ ਸਫਾਈ ਵਾਹਨ ਸੌਂਪਦਿਆਂ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਵਿਧਾਨ ਸਭਾ ਹਲਕਾ ਦਿੜ੍ਹਬਾ ਨੂੰ ਹਰ ਪੱਖੋਂ ਸਰਵੋਤਮ ਬਣਾਉਣ ਦੀ ਦਿਸ਼ਾ ਵਿੱਚ ਇਹ ਅਗਲਾ ਸਾਰਥਕ ਕਦਮ ਹੈ। ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਚੌਗਿਰਦੇ ਨੂੰ ਸਾਫ਼ ਸੁਥਰਾ ਰੱਖਣ ਲਈ ਜਿਵੇਂ ਰੁੱਖਾਂ ਦੀ ਅਹਿਮੀਅਤ ਹੈ ਠੀਕ ਉਸ ਤਰ੍ਹਾਂ ਹੀ ਆਪਣੇ ਆਲੇ ਦੁਆਲੇ ਨੂੰ ਸਾਫ਼ ਰੱਖਣਾ ਵੀ ਸਾਡਾ ਸਾਰਿਆਂ ਦਾ ਨੈਤਿਕ ਫਰਜ਼ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਦਿੜ੍ਹਬਾ ਸ਼ਹਿਰ ਨੂੰ ਸਾਫ਼ ਸਫਾਈ ਲਈ ਕਰੀਬ 46 ਲੱਖ ਰੁਪਏ ਦੀ ਲਾਗਤ ਵਾਲੀਆਂ ਦੋ ਗੱਡੀਆਂ ਮੁਹੱਈਆ ਕਰਵਾਈਆਂ ਗਈਆਂ ਹਨ ਜੋ ਕਿ ਅੱਜ ਨਗਰ ਪੰਚਾਇਤ ਨੂੰ ਸੌਂਪ ਦਿੱਤੀਆਂ ਗਈਆਂ ਹਨ।



ਕੈਬਨਿਟ ਮੰਤਰੀ ਨੇ ਕਿਹਾ ਕਿ ਸੀਵਰੇਜ ਦੀ ਸਫਾਈ ਲਈ 39 ਲੱਖ ਰੁਪਏ ਦੀ ਲਾਗਤ ਵਾਲੀ ਸੁਪਰ ਸਕਸ਼ਨ ਮਸ਼ੀਨ ਅਤੇ ਕੂੜਾ ਕਰਕਟ ਇਕੱਤਰ ਕਰਨ ਲਈ ਕਰੀਬ 7 ਲੱਖ ਰੁਪਏ ਦੀ ਲਾਗਤ ਵਾਲੀ ਟਾਟਾ ਏਸ ਨਾਲ ਨਗਰ ਪੰਚਾਇਤ ਦੀਆਂ ਸੁਵਿਧਾਵਾਂ ਵਿੱਚ ਵਾਧਾ ਹੋਇਆ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਜਲਦੀ ਹੀ 5 ਹੋਰ ਨਵੇਂ ਟਾਟਾ ਏਸ ਦਿੜ੍ਹਬਾ ਨਗਰ ਪੰਚਾਇਤ ਨੂੰ ਮੁਹੱਈਆ ਕਰਵਾਏ ਜਾਣਗੇ ਤਾਂ ਜੋ ਨਗਰ ਪੰਚਾਇਤ ਅਧੀਨ ਆਉਂਦੇ ਹਰ ਘਰ ਵਿੱਚੋ ਗਿੱਲਾ ਤੇ ਸੁੱਕਾ ਕੂੜਾ ਵੱਖ ਵੱਖ ਇਕੱਤਰ ਕਰਨ ਦੀ ਮੁਹਿੰਮ ਤੇ ਕੂੜੇ ਦੇ ਯੋਗ ਪ੍ਰਬੰਧਨ ਨੂੰ ਯਕੀਨੀ ਬਣਾਉਣ ਲਈ ਮਜ਼ਬੂਤੀ ਮਿਲੇਗੀ ਅਤੇ ਸਫਾਈ ਵਿਵਸਥਾ ਵਿੱਚ ਵੱਡਾ ਸੁਧਾਰ ਹੋਵੇਗਾ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਦਿੜ੍ਹਬਾ ਵਿਖੇ ਤਹਿਸੀਲ ਕੰਪਲੈਕਸ ਦੀ ਉਸਾਰੀ ਪ੍ਰਕਿਰਿਆ ਤੇਜ਼ੀ ਨਾਲ ਨੇਪਰੇ ਚੜ੍ਹਾਈ ਜਾ ਰਹੀ ਹੈ ਅਤੇ ਜੂਨ ਮਹੀਨੇ ਤੱਕ ਇਸ ਦੀ ਇਮਾਰਤ ਤਿਆਰ ਕਰਵਾ ਕੇ ਪ੍ਰਸ਼ਾਸਨ ਅਤੇ ਪੁਲਿਸ ਦੇ ਉੱਚ ਅਧਿਕਾਰੀਆਂ ਦੇ ਦਫ਼ਤਰ ਇਸ ਵਿੱਚ ਸੇਵਾਵਾਂ ਆਰੰਭ ਕਰ ਦੇਣਗੇ।

ਇਸ ਮੌਕੇ ਐਸ.ਡੀ.ਐਮ ਦਿੜ੍ਹਬਾ ਰਾਜੇਸ਼ ਸ਼ਰਮਾ, ਡੀਐਸਪੀ ਪ੍ਰਿਥਵੀ ਸਿੰਘ ਚਹਿਲ, ਓ.ਐਸ.ਡੀ ਤਪਿੰਦਰ ਸਿੰਘ ਸੋਹੀ, ਕਾਰਜਸਾਧਕ ਅਫਸਰ ਚੰਦਰ ਪ੍ਰਕਾਸ਼ ਵਧਵਾ ਵੀ ਹਾਜ਼ਰ ਸਨ।

## ਗੀਤਕਾਰ ਗਿੱਲ ਰੌਤਾ ਦਾ ਟਰੈਕਟਰ ਨਾਲ ਸਨਮਾਨ

**ਕਨੇਡਾ /ਵੈਨਕੂਵਰ (ਕੁਲਦੀਪ ਚੁੰਬਰ)-** ਪੰਜਾਬੀ ਗੀਤਕਾਰੀ ਵਿੱਚ ਚਰਚਿਤ ਗੀਤਕਾਰ ਗਿੱਲ ਰੌਤਾ ਦਾ ਕਬੱਡੀ ਟੂਰਨਾਮੈਂਟ ਵਿੱਚ ਨਵੇਂ ਫਾਰਮਟਰੈਕ ਟਰੈਕਟਰ ਨਾਲ ਸਨਮਾਨ ਕੀਤਾ ਗਿਆ। ਪਿੰਡ ਲੰਗੇਆਣਾ ਵਿਖੇ ਹੋਏ ਸਾਲਾਨਾ ਕਬੱਡੀ





ਟੂਰਨਾਮੈਂਟ ਦੌਰਾਨ ਗੀਤਕਾਰ ਗਿੱਲ ਰੌਤਾ ਦੀ ਮਿਆਰੀ ਅਤੇ ਚਰਚਿਤ ਗੀਤਕਾਰੀ ਬਦਲੇ ਉਸਦੇ ਗੀਤਾਂ ਦੇ ਪ੍ਰੇਮੀਆਂ ਗੁਰਪ੍ਰੀਤ ਗਿੱਲ ਦੁੱਨੇਕੇ, ਰਮਨਾ ਸਿੱਧੂ, ਗੋਪਾ ਦੁੱਨੇਕੇ, ਜੱਸਾ ਬਰਾੜ, ਗੁਰਪ੍ਰੀਤ ਬਰਾੜ,ਬਲਵਿੰਦਰ ਬਰਾੜ ,ਜੱਸਾ ਮੱਲ੍ਹੀ ਆਦਿ ਵੱਲੋਂ ਗੀਤਕਾਰ ਗਿੱਲ ਰੌਤਾ ਨੂੰ ਨਵੇਂ ਟਰੈਕਟਰ ਨਾਲ ਸਨਮਾਨਤ ਕੀਤਾ ਗਿਆ। ਇਸ ਮੌਕੇ ਗਿੱਲ ਰੌਤਾ ਨੇ ਟਰੈਕਟਰ ਭੇਂਟ ਕਰਨ ਵਾਲਿਆਂ ਦੋਸਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਮੇਰਾ ਸਨਮਾਨ ਮੈਨੂੰ ਮੇਰੇ ਪੰਜਾਬ ਦੀ ਮਿੱਟੀ ਦੇ ਮੋਹ ਨਾਲ ਹੋਰ ਜੋੜੇਗਾ ਅਤੇ ਮੈਂ ਦੇਸ਼ ਵਿਦੇਸ਼ ਵਿੱਚ ਪੰਜਾਬੀ ਮਾਂ ਬੋਲੀ ਅਤੇ ਦੇਸ਼ ਦੀ ਮਿੱਟੀ ਜੜਾਂ ਨਾਲ ਹੋਰ ਜੁੜ ਕੇ ਚੰਗੇ ਗੀਤ ਰਚਾਂ ਗਾ ਅਤੇ ਮਾਂ ਬੋਲੀ ਦੀ ਮਹਿਕ ਨੂੰ ਦੁਨੀਆਂ ਵਿੱਚ ਵੰਡਣ ਲਈ ਯਤਨਸ਼ੀਲ ਰਹਾਂਗਾ। ਇਸ ਸਮੇਂ ਘੋੜੇ ਅਤੇ ਸਾਹਿਤ ਪ੍ਰੇਮੀ ਸੁਖਜਿੰਦਰ ਲੋਪੋ ਨੇ ਕਿਹਾ ਕਿ ਸਾਹਿਤਕਾਰਾਂ, ਗੀਤਕਾਰਾਂ ਦਾ ਟਰੈਕਟਰ ਨਾਲ ਸਨਮਾਨ ਹੋਣਾ ਵੱਖਰੀ ਮਿਸਾਲ ਹੈ। ਆਮ ਤੌਰ ਤੇ ਗੀਤਕਾਰ ਤਰਾਸਦੀ ਵਿੱਚ ਹੀ ਗੁਜ਼ਰਦੇ ਰਹੇ ਹਨ ।ਉਹਨਾਂ ਕਿਹਾ ਕਿ ਗੀਤਕਾਰ ਗਿੱਲ ਰੌਤਾ ਦਾ ਟਰੈਕਟਰ ਨਾਲ ਸਨਮਾਨ ਹੋਣਾ ਉਸ ਦੀ ਅਤੇ ਸਮੁੱਚੇ ਸਾਹਿਤਕਾਰਾਂ, ਗੀਤਕਾਰਾਂ ਦੀ ਬਹੁਤ ਵੱਡੀ ਪ੍ਰਾਪਤੀ ਹੈ। ਸਾਹਿਤਕਾਰ ਗੁਰਭਜਨ ਗਿੱਲ, ਸਾਹਿਤਕਾਰ ਗੁਰਪ੍ਰੀਤ ਸਿੰਘ ਤੂਰ, ਡਾ ਨਿਰਮਲ ਜੌੜਾ, ਰਾਜਵਿੰਦਰ ਰੌਂਤਾ, ਪੂਰਨ ਸਿੰਘ ਧਾਲੀਵਾਲ, ਕੁਲਦੀਪ ਚੁੰਬਰ, ਡਾ ਰਾਜਵੀਰ ਸਿੰਘ ਰੌਂਤਾ, ਬਲਜੀਤ ਗਰੇਵਾਲ, ਸੁਤੰਤਰ ਰਾਏ, ਹਰਭੇਜ ਦੌਧਰ ਤੇ ਬੱਬੀ ਪੱਤੋਂ ਨੇ ਗਿੱਲ ਰੌਤਾ ਨੂੰ ਮੁਬਾਰਕਬਾਦ ਦਿੱਤੀ।

## ਐਡਵੋਕੇਟ ਰਮੇਸ਼ ਅਤੇ ਵਿਨੈ ਮਹਾਜਨ ਹਿੰਦੂ ਕੋ. ਬੈਂਕ ਬੋਰਡ ਡਾਇਰੈਕਟਰ ਕਮੇਟੀ ਮੈਂਬਰ ਨਿਯੁਕਤ

**ਪਠਾਨਕੋਟ, 21 ਜਨਵਰੀ (ਰਾਜਿੰਦਰ ਸਿੰਘ ਰਾਜਨ)** ਸ਼ਹਿਰ ਦੀ ਹਿੰਦੂ ਕੋ। ਬੈਂਕ ਦੀ ਮੁੱਖ ਸ਼ਾਖਾ ਡਲਹੌਜ਼ੀ ਰੋਡ ਵਿਖੇ ਅੱਜ ਚੇਅਰਮੈਨ ਸਤੀਸ਼ ਮਹਿੰਦਰੂ ਦੀ ਦੇਖ-ਰੇਖ ਹੇਠ ਇੱਕ ਵਿਸ਼ੇਸ਼ ਪ੍ਰੋਗਰਾਮ ਕਰਵਾਇਆ ਗਿਆ, ਜਿਸ ਵਿੱਚ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਮੁੱਖ ਮਹਿਮਾਨ ਵਜੋਂ ਅਤੇ ਹਲਕਾ ਇੰਚਾਰਜ ਵਿਭੂਤੀ ਸ਼ਰਮਾ, ਚੇਅਰਮੈਨ ਵਿਕਾਸ ਸੈਣੀ, ਚੇਅਰਮੈਨ ਕੈ: ਸੁਨੀਲ ਗੁਪਤਾ, ਯੂਥ ਆਗੂ ਸੌਰਭ ਬਹਿਲ, ਸਾਹਿਬ ਸਿੰਘ ਸਾਬਾ, ਭਾਨੂ ਪ੍ਰਤਾਪ, ਭੁਪਿੰਦਰ ਸਿੰਘ, ਨਰੇਸ਼ ਸੈਣੀ ਪ੍ਰਧਾਨ ਬੀਸੀ ਵਿੰਗ, ਬਲਾਕ ਪ੍ਰਧਾਨ ਪਵਨ ਕੁਮਾਰ ਆਦਿ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ।



ਇਸ ਮੌਕੇ ਐਡਵੋਕੇਟ ਰਮੇਸ਼ ਚੌਧਰੀ ਅਤੇ ਐਸ ਬੀ ਆਈ ਬੈਂਕ ਤੋਂ ਸੇਵਾ ਮੁਕਤ ਏ ਜੀ ਐਮ ਵਿਨੈ ਮਹਾਜਨ ਨੂੰ ਬੈਂਕ ਦੀ ਬੋਰਡ ਆਫ਼ ਡਾਇਰੈਕਟਰਜ਼ ਕਮੇਟੀ ਵੱਲੋਂ ਮੈਂਬਰ ਨਿਯੁਕਤ ਕੀਤਾ ਗਿਆ। ਇਸ ਮੌਕੇ ਹਾਜ਼ਰ ਪਤਵੰਤਿਆਂ ਨੇ ਉਨ੍ਹਾਂ ਦਾ ਹਾਰ ਪਾ ਕੇ ਸਵਾਗਤ ਕੀਤਾ। ਚੇਅਰਮੈਨ ਸਤੀਸ਼ ਮਹਿੰਦਰੂ ਨੇ ਆਏ ਹੋਏ ਪਤਵੰਤਿਆਂ ਦਾ ਸੁਆਗਤ ਕਰਦਿਆਂ ਕਿਹਾ ਕਿ ਹਿੰਦੂ ਕੋ। ਬੈਂਕ ਵਿਚ ਲੋਕਾਂ ਦਾ ਵਿਸ਼ਵਾਸ ਵਧਿਆ ਹੈ, ਜਿਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਸਿਰਫ ਪੰਜ ਤੋਂ 7 ਮਹੀਨਿਆਂ ਵਿਚ ਹੀ ਬੈਂਕ ਨੇ 7 ਤੋਂ 9 ਕਰੋੜ ਰੁਪਏ ਦਾ ਲੈਣ-ਦੇਣ ਕੀਤਾ ਹੈ। ਉਨ੍ਹਾਂ ਕਿਹਾ ਕਿ ਬੈਂਕ ਵਿੱਚ ਲੋਕਾਂ ਦੇ ਵਿਸ਼ਵਾਸ ਨੇ ਬੈਂਕ ਨੂੰ ਪਹਿਲਾਂ ਵਾਂਗ ਕੰਮ ਕਰਨ ਦੀ ਲੀਹ 'ਤੇ ਲਿਆਂਦਾ ਹੈ ਅਤੇ ਐਸ.ਬੀ.ਆਈ. ਬੈਂਕ ਤੋਂ ਸੇਵਾਮੁਕਤ ਹੋਏ ਐਡਵੋਕੇਟ ਰਮੇਸ਼ ਮਹਾਜਨ ਅਤੇ ਵਿਨੈ ਮਹਾਜਨ ਦੀਆਂ ਸੇਵਾਵਾਂ ਨਾਲ ਬੈਂਕ ਹੋਰ ਤਰੱਕੀ ਵੱਲ ਵਧੇਗਾ।

ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਨਵੇਂ ਮੈਂਬਰਾਂ ਦਾ ਸੁਆਗਤ ਕਰਦਿਆਂ ਕਿਹਾ ਕਿ ਹਿੰਦੂ ਕੋ-ਬੈਂਕ ਜ਼ਿਲ੍ਹਾ ਪਠਾਨਕੋਟ ਦਾ ਮਾਣ ਹੈ ਅਤੇ ਪਿਛਲੇ ਸਮੇਂ ਦੌਰਾਨ ਜਿਸ ਸੰਕਟ ਵਿੱਚੋਂ ਗੁਜ਼ਰਿਆ ਸੀ, ਉਸ ਵਿੱਚੋਂ ਇਸ ਦਾ ਉਭਰਨਾ ਅਸੰਭਵ ਸੀ ਪਰ ਚੇਅਰਮੈਨ ਸਤੀਸ਼ ਮਹਿੰਦਰੂ ਅਤੇ ਬੈਂਕ ਕਰਮਚਾਰੀਆਂ ਦੀ ਅਣਥੱਕ ਮਿਹਨਤ ਸਦਕਾ ਅੱਜ ਇਹ ਹੈ ਕਿ ਬੈਂਕ ਫਿਰ ਤੋਂ ਲੀਹ 'ਤੇ ਆ ਗਿਆ ਹੈ, ਜੋ ਕਿ ਬਹੁਤ ਖੁਸ਼ੀ ਦੀ ਗੱਲ ਹੈ। ਇਸ ਮੌਕੇ ਚੇਅਰਮੈਨ ਸਤੀਸ਼ ਮਹਿੰਦਰੂ, ਉਪ ਚੇਅਰਮੈਨ ਵਿਨੋਦ ਸਰਾਫ਼, ਨਵ ਨਿਯੁਕਤ ਐਡਵੋਕੇਟ ਰਮੇਸ਼ ਮਹਾਜਨ ਅਤੇ ਵਿਨੈ ਮਹਾਜਨ ਨੇ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਤੇ ਹਾਜ਼ਰ ਸਮੂਹ ਮੈਂਬਰਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਇਸ ਮੌਕੇ ਖੱਤਰੀ ਸਭਾ ਦੇ ਪ੍ਰਧਾਨ ਰੋਮੀ ਵਡੇਰਾ, ਪ੍ਰਮੁੱਖ ਬੁਲਾਰਾ ਆਦੇਸ਼ ਸਿਆਲ, ਰਾਮਾ ਭੰਡਾਰੀ, ਸਪੋਰਟਸ ਕਲੱਬ ਦੇ ਪ੍ਰਧਾਨ ਡਾ: ਤਰਸੇਮ ਸਿੰਘ, ਜਨਰਲ ਸਕੱਤਰ ਸੀ.ਐਸ ਲਾਇਲਪੁਰੀ, ਵਿਦਿਆ ਐਜੂਕੇਸ਼ਨ ਸੁਸਾਇਟੀ ਦੇ ਪ੍ਰਧਾਨ ਵਿਜੇ ਪਾਸੀ, ਪੰਜਾਬ ਵਪਾਰ ਮੰਡਲ ਤੋਂ ਐਲ।ਆਰ।ਸੋਢੀ, ਸੁਨੀਲ ਮਹਾਜਨ, ਡਾ। ਚਾਚਾ ਵੇਦ ਪ੍ਰਕਾਸ਼, ਪੁਨੀਤ ਓਹਰੀ, ਐਸ।ਡੀ ਭੱਲਾ, ਡੀ।ਐਸ।ਪੀ ਸੁਖਜਿੰਦਰ ਸਿੰਘ ਤੋਂ ਇਲਾਵਾ ਹੋਰ ਵੀ ਪਤਵੰਤੇ ਹਾਜ਼ਰ ਸਨ।

# 8759 ਨਵੰਬਰ ਮਹੀਨੇ ਅਤੇ ਜਨਵਰੀ ਤੋਂ ਨਵੰਬਰ ਤੱਕ 82,515 ਭਾਰਤੀ ਨਿਊਜ਼ੀਲੈਂਡ ਆਏ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਨਿਊਜ਼ੀਲੈਂਡ ਦੀ ਯਾਤਰਾ ਦੇ ਲਈ ਵਿਦੇਸ਼ੀਆਂ ਦੀ ਖਿੱਚ ਬਰਕਰਾਰ ਰਹਿੰਦੀ ਹੈ। ਭਾਰਤੀਆਂ ਦਾ ਵੀ ਇਹ ਮੁਲਕ ਹੁਣ ਚਹੇਤਾ ਬਣਦਾ ਜਾ ਰਿਹਾ ਹੈ। ਭਾਵੇਂ ਕੋਈ ਕੱਚੇ ਤੌਰ ਉਤੇ ਆ ਰਿਹਾ ਹੋਵੇ, ਚਾਹੇ ਕੰਮ ਵਾਸਤੇ ਜਾਂ ਫਿਰ ਪੱਕੇ ਰਹਿਣ ਦੇ ਲਈ। ਅੰਕੜਾ ਵਿਭਾਗ ਵੱਲੋਂ ਜਾਰੀ ਅੰਕੜੇ ਦਸਦੇ ਹਨ ਕਿ ਨਵੰਬਰ 2023 ਦੇ ਵਿਚ 8759 ਭਾਰਤੀ ਲੋਕ ਵਿਜ਼ਟਰ ਵਜੋਂ ਨਿਊਜ਼ੀਲੈਂਡ ਆਏ ਸਨ। ਪਿਛਲੇ ਸਾਲ ਦੇ ਮੁਕਾਬਲੇ ਨਵੰਬਰ ਮਹੀਨੇ ਸਿਰਫ 5700 ਭਾਰਤੀ ਆਏ ਸਨ ਤੇ ਇਸ ਤਰ੍ਹਾਂ 3059 ਦੇ ਫਰਕ ਨਾਲ ਇਹ ਨਵੰਬਰ ਮਹੀਨੇ ਦੇ ਵਿਚ 53.7% ਦਾ ਵਾਧਾ ਹੈ।




ਸਾਲ 2023 ਦੇ ਨਵੰਬਰ ਮਹੀਨੇ ਦੇ ਅੰਤ ਤੱਕ 82,515 ਕੁੱਲ ਭਾਰਤੀ ਇਥੇ ਆ ਚੁੱਕੇ ਹਨ। ਪਿਛਲੇ ਸਾਲ ਨਵੰਬਰ ਮਹੀਨੇ ਤੱਕ 13,949 ਲੋਕ ਹੀ ਆਏ ਸਨ। ਇਸ ਤਰ੍ਹਾਂ ਪਿਛਲੇ ਸਾਲ ਦੇ ਮੁਕਾਬਲੇ ਨਵੰਬਰ ਮਹੀਨੇ ਤੱਕ ਇਹ ਵਾਧਾ 68,566 ਲੋਕਾਂ ਦਾ ਹੈ ਜੋ ਕਿ 491।54% ਬਣਦਾ ਹੈ।

ਦੂਜੇ ਮੁਲਕਾਂ ਦੇ ਲੋਕਾਂ ਬਾਰੇ ਜਾਰੀ ਅੰਕੜਿਆਂ ਦੇ ਉਤੇ ਵੇਖਿਆ ਜਾਵੇ ਤਾਂ ਆਸਟਰੇਲੀਆ ਤੋਂ ਨਵੰਬਰ ਮਹੀਨੇ 109,188 (ਨਵੰਬਰ ਤੱਕ (11 ਮਹੀਨੇ) ਕੁੱਲ 1,266,135), ਅਮਰੀਕਾ ਤੋਂ ਨਵੰਬਰ ਮਹੀਨੇ 38,107 (ਨਵੰਬਰ (11 ਮਹੀਨੇ) ਤੱਕ ਕੁੱਲ 322,721), ਇੰਗਲੈਂਡ ਤੋਂ ਨਵੰਬਰ ਮਹੀਨੇ 16,188 (ਨਵੰਬਰ (11 ਮਹੀਨੇ) ਤੱਕ ਕੁੱਲ 173,286) ਅਤੇ ਚੀਨ ਤੋਂ ਨਵੰਬਰ ਮਹੀਨੇ 20,063 (ਨਵੰਬਰ (11 ਮਹੀਨੇ) ਤੱਕ ਕੁੱਲ 136,479)।

ਇਸ ਤਰ੍ਹਾਂ ਨਵੰਬਰ ਮਹੀਨੇ ਹੁਣ ਤੱਕ ਦੇਸ਼ ਦੇ ਵਿਚ 303,429 ਲੋਕ ਪਹੁੰਚੇ ਸਨ ਤੇ ਪਿਛਲੇ ਸਾਲ ਇਹ ਸੰਖਿਆ 232,684 ਸੀ ਅਤੇ ਇਹ ਵਾਧਾ 30.4% ਦਾ ਹੈ। ਵਰਨਣਯੋਗ ਹੈ ਕਿ 29 ਸਤੰਬਰ 2021 ਤੋਂ ਲੈ ਕੇ 31 ਜੁਲਾਈ 2022 ਤੱਕ ਆਰ-21 ਰੈਜੀਡੈਂਸ ਵੀਜ਼ਾ ਖੁੱਲ੍ਹਿਆ ਸੀ ਅਤੇ ਇਸ ਅਧੀਨ 55000 ਦੇ ਕਰੀਬ ਭਾਰਤੀ ਲੋਕ ਵੀ ਪੱਕੇ ਹੋਏ ਸਨ। ਉਂਝ 217,500 ਤੋਂ ਵੱਧ ਲੋਕ ਇਸ ਅਧੀਨ ਪੱਕੇ ਹੋਏ ਹਨ।

ਕੋਵਿਡ ਦਾ ਕਹਿਰ ਜਿਸ ਨੇ ਅੰਕੜੇ ਬਦਲੇ: ਨਿਊਜ਼ੀਲੈਂਡ ਦੇ ਵਿਚ ਕੋਵਿਡ ਦਾ ਪਹਿਲਾ ਕੇਸ 20 ਫਰਵਰੀ 2020 ਨੂੰ ਆਇਆ ਸੀ। ਇਸ ਤੋਂ ਬਾਅਦ ਘਰੇਲੂ ਬੰਦਿਸ਼ਾਂ ਦੇ ਨਾਲ-ਨਾਲ ਸਰਹੱਦਾਂ ਵੀ ਬੰਦ ਹੋਣ ਲੱਗੀਆਂ ਸਨ। ਇਨ੍ਹਾਂ ਸਰਹੱਦਾਂ ਨੂੰ ਪੰਜ ਕ੍ਰਮਵਾਰ ਮਿਤੀਆਂ ਅਤੇ ਸ਼ਰਤਾਂ ਤਹਿਤ 27 ਫਰਵਰੀ 2022 ਤੋਂ ਲੈ ਕੇ 31 ਜੁਲਾਈ 2022 ਤੱਕ ਪੂਰੀ ਤਰ੍ਹਾਂ ਖੋਲ੍ਹਿਆ ਗਿਆ ਸੀ। ਪਹਿਲਾਂ ਪੂਰੀ ਤਰ੍ਹਾਂ ਸਰਹੱਦਾਂ ਖੋਲ੍ਹਣ ਦਾ ਸਮਾਂ ਅਕਤੂਬਰ ਮਹੀਨੇ ਤੈਅ ਕੀਤਾ ਗਿਆ ਸੀ, ਪਰ ਇਸਨੂੰ ਤਿੰਨ ਮਹੀਨੇ ਪਹਿਲਾਂ ਕਰ ਲਿਆ ਗਿਆ ਸੀ।

# ਗੁਰਬਚਨ ਸਿੰਘ ਭੁੱਲਰ ਦੀ ਪੁਸਤਕ ਬਾਬਾ ਸੋਹਣ ਸਿੰਘ ਭਕਨਾ ਲੋਕ ਅਰਪਣ

ਜਲੰਧਰ- ਨਾਮਵਰ ਵਿਦਵਾਨ ਗੁਰਬਚਨ ਸਿੰਘ ਭੁੱਲਰ ਦੀ ਕਲਮ ਤੋਂ ਲਿਖੀ ਪੁਸਤਕ, 'ਗ਼ਦਰ ਪਾਰਟੀ ਦੇ ਬਾਨੀ: ਬਾਬਾ ਸੋਹਣ ਸਿੰਘ ਭਕਨਾ' ਦੇਸ਼ ਭਗਤ ਯਾਦਗਾਰ ਕਮੇਟੀ ਨੇ ਅੱਜ ਦੇਸ਼ ਭਗਤ ਯਾਦਗਾਰ ਹਾਲ 'ਚ ਲੋਕ-ਅਰਪਣ ਕੀਤੀ।



ਇਸ ਮੌਕੇ ਗੁਰਬਚਨ ਸਿੰਘ ਭੁੱਲਰ ਨੇ ਆਪਣੇ ਭੇਜੇ ਸੁਨੇਹੇ 'ਚ ਕਿਹਾ ਕਿ,'ਮੈਂ ਇਹ ਕਿਤਾਬ ਸੁਹਿਰਦ ਪਾਠਕਾਂ, ਨੌਜਵਾਨ ਪੀੜ੍ਹੀ ਦੇ ਹੱਥਾਂ ਤੱਕ ਪੁੱਜਦੀ ਕਰਨ ਲਈ ਦੇਸ਼ ਭਗਤ ਯਾਦਗਾਰ ਕਮੇਟੀ ਨੂੰ ਵਧੀਆ ਵਸੀਲਾ ਸਮਝਦਿਆਂ ਇਹ ਨਜ਼ਰਾਨਾ ਭੇਂਟ ਕਰਨ ਦੀ ਖੁਸ਼ੀ ਲੈ ਰਿਹਾ ਹਾਂ।' ਉਹਨਾਂ ਦੱਸਿਆ ਕਿ ਜਦੋਂ ਅਮਰੀਕਾ 'ਚ ਗ਼ਦਰ ਪਾਰਟੀ ਦੇ ਗੜ੍ਹ ਕਰਕੇ ਜਾਣੇ ਜਾਂਦੇ ਕੈਲੇਫੋਰਨੀਆਂ ਸਮੇਤ ਹੋਰ ਥਾਵਾਂ ਦੀ ਮੈਂ ਨੇੜਿਓਂ ਜਾਣਕਾਰੀ ਇਕੱਤਰ ਕੀਤੀ ਤਾਂ ਮਹਿਸੂਸ ਹੋਇਆ ਕਿ ਗ਼ਦਰ ਪਾਰਟੀ ਦੇ ਇਤਿਹਾਸ ਅਤੇ ਇਸਦੇ ਸੂਝਵਾਨ ਅਤੇ ਸਿਦਕਵਾਨ ਨਾਇਕਾਂ ਬਾਰੇ ਲੋਕਾਂ ਨੂੰ ਜਾਣੂੰ ਕਰਾਉਣਾ ਬਹੁਤ ਜ਼ਰੂਰੀ ਹੈ।

ਉਹਨਾਂ ਦੱਸਿਆ ਕਿ ਬਾਬਾ ਸੋਹਣ ਸਿੰਘ ਭਕਨਾ ਦੇ ਪਰਿਵਾਰ 'ਚੋਂ ਪਸ਼ੌਰਾ ਸਿੰਘ ਢਿੱਲੋਂ ਨਾਲ ਇਸ ਫ਼ਿਕਰ ਅਤੇ ਸਰੋਕਾਰ ਬਾਰੇ ਜਦੋਂ ਗੱਲ ਸਾਂਝੀ ਕੀਤੀ ਤਾਂ ਉਹਨਾਂ ਨੇ ਵੀ ਗਰਮਜੋਸ਼ੀ ਨਾਲ ਹੁੰਗਾਰਾ ਭਰਿਆ। ਇਸ ਪੁਸਤਕ ਦੇ ਪ੍ਰਕਾਸ਼ਨ ਦੀਆਂ ਸੇਵਾਵਾਂ ਫ਼ਰਿਜਨੋ, ਕੈਲੀਫੋਰਨੀਆਂ ਵਾਸੀ ਸ਼ੁੱਭਚਿੰਤਕ ਪਸ਼ੌਰਾ ਸਿੰਘ ਢਿੱਲੋਂ, ਚਰਨਜੀਤ ਸਿੰਘ ਬਾਠ ਅਤੇ ਅਜੀਤ ਸਿੰਘ ਗਿੱਲ ਨੇ ਭੇਂਟ ਕਰਨ ਦੀ ਖੁਸ਼ੀ ਸਾਂਝੀ ਕੀਤੀ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਕਮੇਟੀ ਮੈਂਬਰ ਗੁਰਮੀਤ ਸਿੰਘ ਅਤੇ ਸੁਰਿੰਦਰ ਕੁਮਾਰੀ ਕੋਛੜ ਨੇ ਅੱਜ ਦਿੱਲੀ ਤੋਂ ਗੁਰਬਚਨ ਸਿੰਘ ਭੁੱਲਰ ਦੁਆਰਾ ਭੇਜੀ ਪੁਸਤਕ ਲੋਕ ਅਰਪਣ ਕਰਦਿਆਂ ਉਹਨਾਂ ਵੱਲੋਂ ਕਮੇਟੀ ਲਈ ਸੈਂਕੜੇ ਪੁਸਤਕਾਂ ਭੇਂਟ ਕਰਨ ਦਾ ਹਾਰਦਿਕ ਧੰਨਵਾਦ ਕੀਤਾ।

# ਅਵਾਸ ਨੀਤੀਆਂ ਵਿੱਚ ਤਬਦੀਲੀ ਕੈਨੇਡਾ ਦੇ ਬਦਲਦੇ ਆਰਥਿਕ-ਸਿਆਸੀ ਸਮੀਕਰਨ ਦਾ ਸਿੱਟਾ

**ਕੈਨੇਡਾ, (ਦਲਜੀਤ ਕੌਰ)-** ਬੀਤੇ ਸੋਮਵਾਰ ਕੈਨੇਡਾ ਦੇ ਇਮੀਗ੍ਰੇਸ਼ਨ, ਰਫਿਊਜੀਜ਼ ਅਤੇ ਸਿਟੀਜ਼ਨਸ਼ਿੱਪ ਮੰਤਰੀ ਮਾਰਕ ਮਿਲਰ ਨੇ ਵਿਦਿਆਰਥੀ ਵੀਜ਼ਿਆਂ ਨੂੰ ਸੀਮਤ ਕਰਨ ਲਈ 1 ਸਤੰਬਰ 2024 ਤੋਂ ਨਿੱਜੀ ਹਿੱਸੇਦਾਰੀ ਵਾਲੇ ਕਾਲਜਾਂ ਤੋਂ ਗਰੈਜੂਏਟ ਹੋਣ ਵਾਲੇ ਪੋਸਟ ਗਰੈਜੂਏਟ ਅੰਤਰ-ਰਾਸ਼ਟਰੀ ਵਿਦਿਆਰਥੀਆਂ ਨੂੰ ਵਰਕ ਪਰਮਿਟ ਨਾ ਦੇਣ, ਕਾਨੂੰਨ ਅਤੇ ਮੈਡੀਕਲ ਵਰਗੇ ਕਿੱਤਾਕਾਰੀ ਖੇਤਰਾਂ ਵਿੱਚ ਪੜ੍ਹਾਈ ਕਰਨ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਪਰਿਵਾਰਾਂ ਨੂੰ ਵਰਕ ਪਰਮਿਟ ਦੇਣ, ਆਉਣ ਵਾਲੇ ਦੋ ਸਾਲਾਂ ਤੱਕ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਸਟੱਡੀ ਪਰਮਿਟ ਤੇ ਰੋਕ ਲਗਾਉਣ ਆਦਿ ਕਈ ਤਬਦੀਲੀਆਂ ਕੀਤੀਆਂ ਹਨ।

ਇਸ ਸੰਬੰਧੀ 'ਮੌਂਟਰੀਅਲ ਯੂਥ ਸਟੂਡੈਂਟ ਆਰਗੇਨਾਈਜੇਸ਼ਨ' ਦੇ ਆਗੂ ਖੁਸ਼ਪਾਲ ਗਰੇਵਾਲ, ਮਨਦੀਪ, ਮਨਪ੍ਰੀਤ ਕੌਰ, ਵਰੁਣ ਖੰਨਾ ਅਤੇ ਹਰਿੰਦਰ ਮਹਿਰੋਕ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਕੈਨੇਡਾ ਵਿੱਚ ਇਮੀਗ੍ਰੇਸ਼ਨ ਨੀਤੀਆਂ ਵਿੱਚ ਤਬਦੀਲੀਆਂ ਕੋਈ ਨਵਾਂ ਵਰਤਾਰਾ ਨਹੀਂ ਹੈ। ਉਹਨਾਂ ਕਿਹਾ ਕਿ ਅਵਾਸ ਨੀਤੀਆਂ ਵਿੱਚ ਹੋਈਆਂ ਤਬਦੀਲੀਆਂ ਦੇ ਸਹੀ ਜਾਂ ਗਲਤ ਹੋਣਾ ਇੱਕ ਵੱਖਰੀ ਬਹਿਸ-ਵਿਚਾਰ ਦਾ ਵਿਸ਼ਾ ਹੋ ਸਕਦਾ ਹੈ ਪ੍ਰੰਤੂ ਵਿਦਿਆਰਥੀ ਜੱਥੇਬੰਦੀ ਮਾਇਸੋ ਦਾ ਸਰੋਕਾਰ ਇਹਨਾਂ ਤਬਦੀਲੀਆਂ ਪਿਛਲੇ ਕਾਰਨਾਂ ਨਾਲ ਵੱਧ ਜੁੜਿਆ ਹੋਇਆ ਹੈ। ਉਹਨਾਂ ਕਿਹਾ ਕਿ ਮਾਇਸੋ ਪਿਛਲੇ ਚਾਰ ਸਾਲ ਤੋਂ ਕੈਨੇਡਾ ਦੇ ਨਿੱਜੀ ਕਾਲਜਾਂ ਵੱਲੋਂ ਵਿਦਿਆਰਥੀਆਂ ਨਾਲ ਕੀਤੀ ਜਾਂਦੀ ਧੱਕੇਸ਼ਾਹੀ ਖਿਲਾਫ ਸੰਘਰਸ਼ ਕਰਦੀ ਆ ਰਹੀ ਹੈ। ਕੈਨੇਡਾ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਰਿਹਾਇਸ਼ੀ ਘਰਾਂ ਦੀ ਸਮੱਸਿਆ, ਸਿਹਤ ਸਹੂਲਤਾਂ, ਨਿੱਜੀ ਵਿਦਿਅਕ ਸੰਸਥਾਵਾਂ ਵਿੱਚ ਘੱਟ ਸਹੂਲਤਾਂ ਅਤੇ ਵੱਧ ਟਿਊਸ਼ਨ ਫੀਸਾਂ, ਭਾਰਤ-ਕੈਨੇਡਾ ਕੂਟਨੀਤਿਕ ਤਣਾਅ ਦਾ ਕੈਨੇਡਾ ਸਥਿਤ ਭਾਰਤੀ ਪ੍ਰਵਾਸੀਆਂ ਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਉੱਤੇ ਮਾੜਾ ਪ੍ਰਭਾਵ ਆਦਿ ਮੰਗਾਂ ਨੂੰ ਲੈ ਕੇ ਮਾਇਸੋ ਲਗਾਤਾਰ ਆਪਣੀ ਸੰਘਰਸ਼ ਤੇ ਚਿੰਤਾ ਜਾਹਰ ਕਰਦੀ ਆ ਰਹੀ ਹੈ। ਕੈਨੇਡੀਅਨ ਮੰਤਰੀ ਮਾਰਕ ਮਿਲਰ ਦੇ ਤਾਜ਼ਾ ਬਿਆਨ ਵਿੱਚ ਇਹਨਾਂ ਉਪਰੋਕਤ ਮੰਗਾਂ ਸਬੰਧੀ ਤੌਖਲੇ ਸ਼ਾਮਲ ਹਨ।

ਵਿਦਿਆਰਥੀ ਆਗੂਆਂ ਨੇ ਦੱਸਿਆ ਕਿ ਕੈਨੇਡਾ 'ਚ ਰਿਹਾਇਸ਼ੀ ਘਰਾਂ ਦੀ ਸਮੱਸਿਆ ਅੰਤਰ-ਰਾਸ਼ਟਰੀ ਵਿਦਿਆਰਥੀਆਂ ਕਰਕੇ ਪੈਦਾ ਨਹੀਂ ਹੋਈ ਬਲਕਿ ਇਹ ਸਮੱਸਿਆ ਕੈਨੇਡਾ ਦੀ ਰੀਅਲ ਅਸਟੇਟ ਮਾਰਕਿਟ ਉੱਤੇ ਵੱਡੇ ਮੁਨਾਫਾਖੋਰ ਕਾਰੋਬਾਰੀਆਂ ਦੀ ਇਜਾਰੇਦਾਰੀ ਕਾਰਨ ਹੈ। ਜਿੱਥੇ ਘਰ ਬੇਹੱਦ ਮਹਿੰਗੇ ਹਨ ਅਤੇ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹਨ। ਵੱਧਦੀ ਮਹਿੰਗਾਈ ਕਾਰਨ ਰਿਹਾਇਸ਼ੀ ਘਰਾਂ ਦੇ ਕਿਰਾਏ ਵੱਧ ਰਹੇ ਹਨ ਤੇ ਇਹ ਨਵੇਂ ਪ੍ਰਵਾਸੀਆਂ ਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਪਹੁੰਚ ਤੋਂ ਬਾਹਰ ਹੋ ਰਹੇ ਹਨ। ਦੂਸਰਾ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਸਥਾਨਕ ਵਿਦਿਆਰਥੀਆਂ ਦੇ ਮੁਕਾਬਲੇ ਬਰਾਬਰ ਸਿਹਤ ਸਹੂਲਤਾਂ ਹਾਸਲ ਨਹੀਂ ਹੁੰਦੀਆਂ ਜਿਸ ਕਾਰਨ ਕੌਮਾਂਤਰੀ ਵਿਦਿਆਰਥੀਆਂ ਦੇ ਬਿਮਾਰ ਹੋਣ ਜਾਂ ਮੌਤ ਹੋਣ ਦੀ ਸੂਰਤ ਵਿੱਚ ਕੈਨੇਡਾ ਦੇ ਸਿਹਤ ਢਾਚੇ ਉੱਤੇ ਸਵਾਲਿਆ ਚਿੰਨ੍ਹ ਲੱਗਦੇ ਰਹੇ। ਤੀਸਰਾ ਭਾਰਤ-ਕੈਨੇਡਾ ਕੂਟਨੀਤਿਕ ਸਬੰਧਾਂ ਵਿੱਚ ਤਣਾਅ ਕਰਕੇ ਭਾਰਤ ਨੇ ਕੈਨੇਡਾ ਦੇ 41 ਡਿਪਲੋਮੈਟ ਵਾਪਸ ਭੇਜਣ ਕਾਰਨ ਪਹਿਲਾਂ ਹੀ ਸਟੱਡੀ ਪਰਮਿਟਾਂ ਵਿੱਚ 86% ਦੀ ਗਿਰਾਵਟ ਆ ਚੁੱਕੀ ਹੈ। ਕੈਨੇਡਾ ਦੀਆਂ ਅਵਾਸ ਨੀਤੀਆਂ ਵਿੱਚ ਵਿੱਚ ਤਬਦੀਲੀ ਬਦਲਦੇ ਆਰਥਿਕ-ਸਿਆਸੀ ਕਾਰਨਾਂ ਕਰਕੇ ਹੈ। ਅੱਜ ਦੁਨੀਆਂ ਭਰ ਦੀਆਂ ਸਰਕਾਰਾਂ ਲਈ ਸੱਤਾ 'ਚ ਆਉਣ ਲਈ ਇਮੀਗ੍ਰੇਸ਼ਨ ਵਿਰੋਧੀ ਨੀਤੀ ਸਭ ਤੋਂ ਵੱਧ ਕਾਰਗਰ ਸਾਬਤ ਹੋ ਰਹੀ ਹੈ ਜੋ ਸਥਾਨਕ ਵੋਟ ਬੈਂਕ ਨੂੰ ਪੱਕਾ ਕਰਨ ਦਾ ਸਾਧਨ ਬਣਦੀ ਹੈ।

ਵਿਦਿਆਰਥੀ ਆਗੂਆਂ ਨੇ ਦੱਸਿਆ ਕਿ 'ਮਾਇਸੋ' ਵਿਦਿਆਰਥੀ ਵੀਜਿਆਂ ਦੇ ਹੱਕ ਜਾਂ ਵਿਰੋਧ ਦੀ ਸਿਆਸਤ ਦੀ ਬਜਾਇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਲੁੱਟ ਅਤੇ ਸ਼ੋਸ਼ਣ ਦਾ ਵਿਰੋਧ ਕਰਦੀ ਹੈ। ਮਾਰਕ ਮਿਲਰ ਵੱਲੋਂ ਰਿਹਾਇਸ਼ੀ ਤੇ ਸਿਹਤ ਸਹੂਲਤਾਂ ਦੀ ਸਮੱਸਿਆ ਅਤੇ ਨਿੱਜੀ ਵਿਦਿਅਕ ਸੰਸਥਾਵਾਂ ਨੂੰ 'ਬੁਰੇ ਕਿਰਦਾਰ' ਮੰਨਣਾਂ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਮਾਇਸੋ ਵੱਲੋਂ ਲਗਾਤਾਰ ਉਭਾਰੀਆਂ ਮੰਗਾਂ ਤੇ ਵਿਦਿਆਰਥੀ ਸੰਘਰਸ਼ ਜਾਇਜ਼ ਸਨ। ਉਹਨਾਂ ਕਿਹਾ ਕਿ ਮਾਇਸੋ ਪਿਛਲੇ ਚਾਰ ਵਰ੍ਹਿਆਂ ਤੋਂ ਲਗਾਤਾਰ ਇਸ ਗੱਲ ਦਾ ਪ੍ਰਚਾਰ-ਪ੍ਰਸਾਰ ਕਰਦੀ ਆ ਰਹੀ ਹੈ ਕਿ ਨਵੀਆਂ ਬਦਲਦੀਆਂ ਸੰਸਾਰ ਆਰਥਿਕ ਹਾਲਤਾਂ ਵਿੱਚ ਸਭ ਤੋਂ ਵੱਧ ਬੋਝ ਨਵੇਂ ਪ੍ਰਵਾਸੀਆਂ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਉੱਤੇ ਪਵੇਗਾ ਅਤੇ ਭਵਿੱਖ ਵਿੱਚ ਵਿਕਸਿਤ ਮੁਲਕਾਂ ਦੀਆਂ ਸਰਕਾਰਾਂ ਇਮੀਗ੍ਰੇਸ਼ਨ ਨੀਤੀਆਂ ਨੂੰ ਹੋਰ ਵੱਧ ਸਖਤ ਕਰ ਸਕਦੀਆਂ ਹਨ।

# ਤੇਲ ਦੀ ਬੱਚਤ ਖਾਤਿਰ ਖਰੀਦੀਆਂ ਬਿਜਲਈ ਕਾਰਾਂ 'ਤੇ ਹੁਣ ਸਰਕਾਰੀ ਰੋਡ ਟੈਕਸ ਦਾ ਕਰੰਟ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਨਿਊਜ਼ੀਲੈਂਡ ਦੇ ਵਿਚ ਨੈਸ਼ਨਲ ਪਾਰਟੀ ਦੀ ਅਗਵਾਈ ਵਿਚ ਬਣੀ ਸਰਕਾਰ ਨੂੰ ਬਣੇ ਅਜੇ 27 ਜਨਵਰੀ ਨੂੰ ਦੋ ਮਹੀਨੇ ਹੋਣੇ ਹਨ, ਪਰ ਖਜ਼ਾਨੇ ਦੀ ਖੁਸ਼ਕੀ ਚੁੱਕਣ ਦੇ ਲਈ ਟੈਕਸ ਲੱਗਣ ਦੀਆਂ ਸਕੀਮਾਂ ਬਣ ਗਈਆਂ ਹਨ। ਖਾਸ ਕਰ ਬਿਜਲਈ ਗੱਡੀਆਂ ਨੂੰ ਖਰੀਦਣ ਦੇ ਲਈ ਸਰਕਾਰ ਨੇ ਕਈ ਲੁਭਾਵਣੀਆ ਸਕੀਮਾਂ ਲੋਕਾਂ ਲਈ ਦਿੱਤੀਆਂ। ਰੀਬੇਟ ਦਿੱਤਾ ਗਿਆ ਅਤੇ ਬੱਸ ਲੇਨ ਦੇ ਵਿਚ ਜਾਣ ਦੀ ਇਜ਼ਾਜਤ ਤੱਕ ਦੇ ਦਿੱਤੀ। ਲੋਕਾਂ ਨੂੰ ਲਗਦਾ ਸੀ ਕਿ ਬਿਜਲਈ ਕਾਰਾਂ ਦੇ ਨਾਲ ਘੱਟ ਖਰਚਾ ਹੋਵੇਗਾ। ਲੋਕਾਂ ਦੇ ਘਰਾਂ ਦੇ ਵਿਚ ਬਿਜਲੀ ਦੇ ਬਿੱਲ ਤਾਂ ਫਿਰ ਵੀ ਵੱਧ ਆਉਣੇ ਹੀ ਸਨ ਪਰ ਪੈਟਰੋਲ ਪੰਪਾਂ ਦੇ ਚੱਕਰਾਂ ਦਾ ਛੁੱਟਕਾਰਾ ਜਰੂਰ ਸੀ। ਇਸ ਦੌਰਾਨ ਪ੍ਰਦੂਸ਼ਣ ਰਹਿਤ ਗੱਡੀਆਂ ਹੋਣ ਕਰਕੇ ਹੋਰ ਵੀ ਟੈਕਸ ਮਾਫ ਸਨ। ਪਰ ਹੁਣ ਸਰਕਾਰ ਨੇ 1 ਅਪ੍ਰੈਲ 2024 ਤੋਂ ਬਿਜਲਈ ਕਾਰਾਂ ਦੇ ਉਤੇ ਰੋਡ ਟੈਕਸ ਲਗਾ ਦੇਣਾ ਹੈ। ਗਹਿਰੀ ਗਿਣਤੀ ਮਿਣਤੀ ਦੇ ਵਿਚ ਹਿਸਾਬ ਲਾਇਆ ਇਹ ਜਾਪਦਾ ਹੈ ਕਿ ਪੈਟਰੋਲ ਵਾਲੀਆਂ ਗੱਡੀਆਂ ਦਾ ਪ੍ਰਤੀ ਹਜ਼ਾਰ ਕਿਲੋਮੀਟਰ ਖਰਚਾ ਟੈਕਸ ਹੋਵੇਗਾ ਜਦ ਕਿ ਪ੍ਰਤੀ 1000 ਕਿਲੋਮੀਟਰ ਬਿਜਲਈ ਕਾਰਾਂ ਨੂੰ ਜਿਆਦਾ ਟੈਕਸ ਦੇਣਾ ਪਵੇਗਾ।




ਤਬਦੀਲੀਆਂ ਦੇ ਨਤੀਜੇ ਵਜੋਂ 1 ਅਪ੍ਰੈਲ 2024 ਤੋਂ ਬੈਟਰੀ ਅਤੇ ਪਲੱਗਇਨ ਹਾਈਬ੍ਰਿਡ 'ਤੇ ਸੜਕ ਵਰਤੋਂ ਟੈਕਸ ਵਸੂਲ ਕੀਤਾ ਜਾਵੇਗਾ। ਬਿਜਲਈ ਕਾਰ ਨੂੰ 76 ਡਾਲਰ ਪ੍ਰਤੀ 1000 ਕਿਲੋਮਟਰ ਦੀ ਮੌਜੂਦਾ ਦਰ ਨਾਲ ਚਾਰਜ ਕੀਤਾ ਜਾਵੇਗਾ, ਜਦੋਂ ਕਿ ਬਿਜਲੀ ਅਤੇ ਪੈਟਰੋਲ ਵਾਲੀ ਸਾਂਝੀ ਕਾਰ ਉਤੇ ਪ੍ਰਤੀ 1000 ਕਿਲੋਮਟਰ 56 ਡਾਲਰ ਦਾ ਭੁਗਤਾਨ ਕਰਨਗੇ। ਦੂਜੇ ਪਾਸੇ ਪੈਟਰੋਲ ਅਤੇ ਗੈਰ-ਪਲੱਗਇਨ ਹਾਈਬ੍ਰਿਡ, ਫਿਊਲ ਐਕਸਾਈਜ਼ ਡਿਊਟੀ ਅਤੇ ਸੰਬੰਧਿਤ ਖਰਚਿਆਂ ਵਿੱਚ 89 ਸੈਂਟ ਪ੍ਰਤੀ ਲੀਟਰ ਦਾ ਭੁਗਤਾਨ ਕਰਦੇ ਹਨ। ਇਸਦਾ ਮਤਲਬ ਹੈ ਕਿ ਪੈਟਰੋਲ ਬਰਨਰ ਫਿਊਲ ਐਕਸਾਈਜ਼ ਡਿਊਟੀ ਵਿੱਚ 76 ਡਾਲਰ ਪ੍ਰਤੀ 1,000 ਕਿਲੋਮੀਟਰ ਤੋਂ ਘੱਟ ਦਾ ਭੁਗਤਾਨ ਕਰਦਾ ਹੈ ਜੇਕਰ ਉਹਨਾਂ ਦੀ ਬਾਲਣ ਕੁਸ਼ਲਤਾ (ਔਸਤਨ ਪ੍ਰਤੀ ਲੀਟਰ) 8।5 ਲੀਟਰ ਪ੍ਰਤੀ 100 ਕਿਲੋਮੀਟਰ ਤੋਂ ਬਿਹਤਰ ਹੈ।

ਉਦਾਹਰਣ ਲਈ, ਇੱਕ 2023 ਹੌਂਡਾ ਕੋਨਾ ਬਿਜਲਈ ਕਾਰ ਨਵੀਂ ਨੀਤੀ ਦੇ ਤਹਿਤ 100 ਕਿਲੋਮੀਟਰ ਮਾਈਲੇਜ ਲਈ ਸੜਕ ਵਰਤੋਂ ਟੈਕਸ ਵਿੱਚ 7.60 ਡਾਲਰ ਦਾ ਭੁਗਤਾਨ ਕਰੇਗੀ, ਜਦੋਂ ਕਿ ਉਸੇ ਵਾਹਨ ਦਾ ਪੈਟਰੋਲ ਸੰਸਕਰਣ 6।50 ਡਾਲਰ ਦਾ ਭੁਗਤਾਨ ਕਰੇਗਾ ਅਤੇ ਹਾਈਬ੍ਰਿਡ ਸੰਸਕਰਣ ਫਿਊਲ ਐਕਸਾਈਜ਼ ਡਿਊਟੀ ਵਿੱਚ ਸਿਰਫ 3.83 ਡਾਲਰ ਦਾ ਭੁਗਤਾਨ ਕਰੇਗਾ। ਇਹ ਬਿਜਲਈ ਮਾਲਕ ਲਈ ਹਰ ਸਾਲ ਇੱਕੋ ਜਿਹੀ ਦੂਰੀ ਕਰਨ ਵਾਲੇ ਹਾਈਬ੍ਰਿਡ ਦੇ ਮਾਲਕ ਨਾਲੋਂ ਸਾਲਾਨਾ ਲਗਭਗ 600 ਡਾਲਰ ਵਾਧੂ ਲਾਗਤ ਦੇ ਬਰਾਬਰ ਹੈ।

ਇਹ ਤਾਂ ਉਹ ਗੱਲ ਲਗਦੀ ਹੈ ਜਿਵੇਂ ਖੈਰ ਖਵਾਹ ਸੱਸ ਤਰੀਕੇ ਦੇ ਨਾਲ ਆਪਣੀ ਨੂੰਹ ਕੋਲੋਂ ਪਹਿਲਾਂ ਹੋਰ ਕੰਮ ਕਰਵਾਈ ਜਾਵੇ ਅਤੇ ਫਿਰ ਅੱਧਪਚੱਧਾ ਹੋਣ ਉਤੇ ਉਸ ਤੋਂ ਅਗਲਾ ਕੰਮ ਕਰਵਾਉਣਾ ਸ਼ੁਰੂ ਕਰ ਦੇਵੇ। ਸਰਕਾਰ ਇਸ ਸਕੀਮ ਤਹਿਤ 86 ਮਿਲੀਅਨ ਵਾਧੂ ਕਮਾਉਣਾ ਚਾਹੁੰਦੀ ਹੈ। ਇਸ ਵੇਲੇ ਪਾਰਲੀਮੈਂਟ ਤਾਂ ਬੰਦ ਹੈ ਪਰ ਦਰਸ਼ਕਾਂ ਦੇ ਲਈ ਕਈ ਸਕੀਮਾਂ ਹਨ। 30 ਜਨਵਰੀ ਨੂੰ ਚੁਣੇ ਹੋਏ ਸਾਂਸਦ 2 ਵਜੇ ਇਕੱਤਰ ਹੋਣਗੇ। 6 ਵਜੇ ਤੱਕ ਵਿਚਾਰਾਂ ਕਰਨਗੇ, ਫਿਰ ਡੇਢ ਘੰਟਾ ਰਾਤ ਦਾ ਪ੍ਰਸ਼ਾਦਾ ਛਕਣਗੇ ਅਤੇ ਫਿਰ ਢਾਈ ਕੁ ਘੰਟੇ ਹੋਰ ਗੱਲਾਂ ਬਾਤਾਂ ਕਰਕੇ ਗੁੱਡ ਨਾਈਟ ਕਹਿ ਕੇ ਨਿਕਲ ਜਾਣਗੇ।

# ਡਾ. ਜਸਵਿੰਦਰ ਸਿੰਘ ਤੇ ਡਾ. ਧਨਵੰਤ ਕੌਰ ਨੇ ਦੇਸ਼ ਭਗਤ ਯਾਦਗਾਰ ਹਾਲ ਨੂੰ ਕਿਤਾਬਾਂ ਭੇਂਟ ਕੀਤੀਆਂ



ਉੱਘੇ ਲੇਖਕ ਅਤੇ ਚਿੰਤਕ ਡਾ. ਜਸਵਿੰਦਰ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਉਹਨਾਂ ਦੇ ਸਰੀਕ-ਇ-ਹਯਾਤ ਉੱਘੀ ਸਾਹਿਤ ਚਿੰਤਕ ਡਾ. ਧਨਵੰਤ ਕੌਰ ਨੇ ਆਪਣੀਆਂ ਰਚੀਆਂ ਪੁਸਤਕਾਂ ਭਾਈ ਸੰਤੋਖ ਸਿੰਘ ਕਿਰਤੀ ਲਾਇਬ੍ਰੇਰੀ, ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਨੂੰ ਭੇਂਟ ਕੀਤੀਆਂ। ਲਾਇਬ੍ਰੇਰੀ ਕਮੇਟੀ ਦੇ ਕਨਵੀਨਰ ਡਾ. ਗੋਪਾਲ ਸਿੰਘ ਬੁੱਟਰ ਨੂੰ ਕਿਤਾਬਾਂ ਸੌਂਪਦਿਆਂ ਇਸ ਚਿੰਤਕ ਜੋੜੀ ਨੇ ਆਪਣੇ ਪਿਤਾ ਕਾ. ਚਰਨ ਸਿੰਘ ਤੇ ਉਨ੍ਹਾਂ ਦੇ ਨਜ਼ਦੀਕੀ ਸਾਥੀ ਬਾਬਾ ਬਚਨ ਸਿੰਘ ਮਹਿਤਪੁਰ, ਦੇਸ਼ ਭਗਤ ਯਾਦਗਾਰ ਕਮੇਟੀ ਨਾਲ ਭਾਵਨਾਤਮਕ ਸਬੰਧਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਸਾਡਾ ਇਸ ਅਜ਼ੀਮ ਅਦਾਰੇ ਨਾਲ ਬਹੁਤ ਡੂੰਘਾ ਸਨੇਹ ਅਤੇ ਸਤਿਕਾਰ ਦਾ ਰਿਸ਼ਤਾ ਹੈ। ਪ੍ਰੋ. ਬੁੱਟਰ ਨੇ ਇਸ ਚਿੰਤਕ ਜੋੜੀ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਉਹਨਾਂ ਦਾ ਧੰਨਵਾਦ ਕੀਤਾ।

# ਗਣਤੰਤਰ ਦਿਵਸ ਨੂੰ ਸਮਰਪਿਤ ਲੱਗੇ ਵਿਸ਼ੇਸ਼ ਸਵੈ ਇੱਛਤ ਖੂਨਦਾਨ ਕੈਂਪ ਵਿਚ 30 ਯੂਨਿਟ ਖੂਨ ਇਕੱਠਾ ਹੋਇਆ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਅੰਬੇਡਕਰ ਸੈਨਾ ਪੰਜਾਬ ਵੱਲੋਂ ਬਲੱਡ ਬੈਂਕ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ-ਕਲੇਰਾਂ ਦੇ ਸਹਿਯੋਗ ਨਾਲ ਗਣਤੰਤਰ ਦਿਵਸ ਨੂੰ ਸਮਰਪਿਤ ਨਿਸ਼ਕਾਮ ਲੋਕ ਸੇਵਾ ਹਿੱਤ ਦੂਜਾ ਸਵੈ-ਇਛੱਕ ਖੂਨਦਾਨ ਕੈਂਪ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ, ਭੀਮ ਰਾਓ ਕਲੋਨੀ ਬੰਗਾ ਵਿਖੇ ਲਗਾਇਆ ਗਿਆ। ਇਸ ਕੈਂਪ ਵਿਚ ਖੂਨਦਾਨੀ ਵਾਲੰਟੀਅਰਾਂ ਵੱਲੋਂ ਨਿਸ਼ਕਾਮ ਸੇਵਾ ਕਰਦੇ ਹੋਏ 30 ਯੂਨਿਟ ਖੂਨਦਾਨ ਕੀਤਾ ਗਿਆ। ਇਸ ਖੂਨਦਾਨ ਕੈਂਪ ਦਾ ਉਦਘਾਟਨ ਸੰਤ ਬਾਬਾ ਕੁਲਵੰਤ ਰਾਮ ਭਰੋ ਮਜਾਰਾ ਵਾਲਿਆਂ ਨੇ ਆਪਣੇ ਕਰ ਕਮਲਾਂ ਨਾਲ ਕੀਤਾ ਅਤੇ ਸਭ ਤੋਂ ਪਹਿਲਾਂ ਖੂਨਦਾਨ ਕਰਕੇ ਖੂਨਦਾਨੀਆਂ ਦੇ ਪ੍ਰੇਰਣਾ ਸਰੋਤ ਬਣੇ। ਡਾ. ਸੁਖਵਿੰਦਰ ਕੁਮਾਰ ਸੁੱਖੀ ਐਮ ਐਲ ਏ ਬੰਗਾ ਨੇ ਇਕੱਤਰ ਖੂਨਦਾਨੀਆਂ ਨੂੰ ਮਨੁੱਖੀ ਜੀਵਨ ਵਿਚ ਖੂਨਦਾਨ ਦੀ ਮਹੱਤਤਾ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਅਤੇ ਦੱਸਿਆ ਕਿ ਖੂਨਦਾਨ ਦੁਨੀਆਂ ਦਾ ਵੱਡਮੁੱਲਾ ਅਤੇ ਸਭ ਤੋਂ ਵੱਡਾ ਮਹਾਂਦਾਨ ਹੈ। ਜੋ ਅਤਿ ਕੀਮਤੀ ਮਨੁੱਖੀ ਜ਼ਿੰਦਗੀਆਂ ਬਚਾਉਣ ਕੰਮ ਆਉਂਦਾ ਹੈ। ਉਹਨਾਂ ਨੇ ਹਰ ਤਿੰਨ ਮਹੀਨੇ ਬਾਅਦ ਖੂਨਦਾਨ ਕਰਨ ਲਈ ਵੀ ਇਕੱਤਰ ਜਨ ਸਮੂਹ ਨੂੰ ਪ੍ਰੇਰਿਤ ਕੀਤਾ। ਪਤਵੰਤੇ ਸੱਜਣਾਂ ਵੱਲੋਂ ਸਵੈ-ਇੱਛਤ ਖੂਨਦਾਨ ਕੈਂਪ ਵਿਚ ਖੂਨਦਾਨੀ ਵਾਲੰਟੀਅਰਾਂ ਨੂੰ ਸਨਮਾਨ ਚਿੰਨ੍ਹ ਅਤੇ ਸਰਟੀਫਿਕੇਟ ਭੇਟ ਕਰਕੇ ਸਨਮਾਨਿਤ ਵੀ ਕੀਤਾ ਗਿਆ। ਖੂਨਦਾਨ ਕੈਂਪ ਮੌਕੇ ਸ. ਸਰਵਣ ਸਿੰਘ ਬੱਲ ਡੀ ਐਸ ਪੀ ਬੰਗਾ ਵਿਸ਼ੇਸ਼ ਮਹਿਮਾਨ ਸਨ। ਹਰਜਿੰਦਰ ਕੁਮਾਰ ਸੋਨੂੰ ਮੈਂਬਰ ਸੂਬਾ ਕਮੇਟੀ ਅੰਬਡੇਕਰ ਸੈਨਾ ਨੇ ਦੱਸਿਆ ਕਿ ਖੂਨਦਾਨ ਕੈਂਪ ਸੇਵਾ ਦਾ ਕਾਰਜ ਅੰਬੇਡਕਰ ਸੈਨਾ ਪੰਜਾਬ ਪ੍ਰਧਾਨ ਸੁਰਿੰਦਰ ਢੰਡਾ ਦੀ ਸਰਪ੍ਰਸਤੀ ਹੇਠ ਲਗਾਇਆ ਗਿਆ। ਉਹਨਾਂ ਨੇ ਖੂਨਦਾਨ ਕੈਂਪ ਨੂੰ ਸਫਲ ਕਰਨ ਲਈ ਸਮੂਹ ਖੂਨਦਾਨੀਆਂ ਦਾ ਅਤੇ ਤਕਨੀਕੀ ਸਹਿਯੋਗ ਲਈ ਬਲੱਡ ਬੈਂਕ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦਾ ਹਾਰਦਿਕ ਧੰਨਵਾਦ ਕੀਤਾ। ਇਸ ਸਵੈ-ਇਛੱਕ ਖੂਨਦਾਨ ਕੈਂਪ ਵਿਚ ਖੂਨਦਾਨੀਆਂ ਦੀ ਹੌਂਸਲਾ ਅਫਜਾਈ ਲਈ ਸਰਵ ਸ੍ਰੀ ਬਾਬਾ ਕੁਲਵੰਤ ਰਾਮ ਜੀ, ਡਾ. ਸੁਖਵਿੰਦਰ ਕੁਮਾਰ ਸੁੱਖੀ ਐਮ ਐਲ ਏ ਬੰਗਾ, ਸਰਵਣ ਸਿੰਘ ਬੱਲ ਡੀ ਐਸ ਪੀ ਬੰਗਾ, ਸੁਰਿੰਦਰ ਢੰਡਾ ਪ੍ਰਧਾਨ ਅੰਬਡੇਕਰ ਸੈਨਾ, ਹਰਜਿੰਦਰ ਕੁਮਾਰ ਸੋਨੂੰ ਮੈਂਬਰ ਸੂਬਾ ਕਮੇਟੀ ਅੰਬਡੇਕਰ ਸੈਨਾ, ਧਰਮਿੰਦਰ ਭੁੱਲਾਰਾਈ, ਰਜਿੰਦਰ ਘੇੜਾ, ਬਲਵਿੰਦਰ ਬੌਬੀ, ਤਰਲੋਕ ਰਾਮ, ਰਣਜੀਤ ਰਾਮ, ਸੰਜੀਵ ਕੁਮਾਰ, ਸਟੀਫਨ ਮੱਲ, ਧੰਨਪਤ ਰਾਏ, ਹਰਜਿੰਦਰ ਜੰਡਾਲੀ, ਮਨਜੀਤ ਸਿੰਘ ਬੇਦੀ ਇੰਚਾਰਜ ਬਲੱਡ ਬੈਂਕ, ਸੁਰਜੀਤ ਸਿੰਘ ਤੋਂ ਇਲਾਵਾ ਅੰਬੇਡਕਰ ਸੈਨਾ ਦੇ ਸਮੂਹ ਅਹੁਦੇਦਾਰ ਅਤੇ ਮੈਂਬਰ ਵੀ ਹਾਜ਼ਰ ਸਨ। ਇਸ ਮੌਕੇ ਖੂਨਦਾਨੀਆਂ ਲਈ ਵਿਸ਼ੇਸ਼ ਰਿਫਰੈਸ਼ਮੈਂਟ ਦਾ ਵੀ ਖਾਸ ਪ੍ਰਬੰਧ ਕੀਤਾ ਗਿਆ ਸੀ ।




# ਡਾਕਟਰ ਅੰਬੇਡਕਰ ਵੈੱਲਫੇਅਰ ਸੁਸਾਇਟੀ ਵੱਲੋਂ ਸੰਵਿਧਾਨ ਨੂੰ ਸਮਰਪਿਤ ਸਮਾਗਮ 26 ਜਨਵਰੀ ਨੂੰ ਹਦੀਆਬਾਦ ਵਿਖੇ ਮਨਾਇਆ ਜਾਵੇਗਾ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਡਾ ਬੀ ਆਰ ਅੰਬੇਡਕਰ ਵੈੱਲਫੇਅਰ ਸੁਸਾਇਟੀ ਹਦੀਆਬਾਦ ਫਗਵਾੜਾ ਵੱਲੋਂ ਭਾਰਤੀ ਸੰਵਿਧਾਨ ਦੇ ਲਾਗੂ ਹੋਣ ਤੋਂ 74 ਸਾਲ ਦੇ ਮੌਕੇ ਨੂੰ ਸਮਰਪਿਤ 26 ਜਨਵਰੀ ਦਿਨ ਸ਼ੁਕਰਵਾਰ ਵਿਸ਼ਾਲ ਸਮਾਗਮ ਕਰਵਾਇਆ ਜਾ ਰਿਹਾ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਰਾਮੇਸ਼ ਕੌਲ ਡਾ ਬੀ ਆਰ ਅੰਬੇਡਕਰ ਵੈੱਲਫੇਅਰ ਸੁਸਾਇਟੀ ਦੇ ਚੇਅਰਮੈਨ ਅਤੇ ਸਾਬਕਾ ਨਗਰ ਕੌਂਸਲ ਫਗਵਾੜਾ ਅਤੇ ਸੀਤਾ ਕੌਲ ਪ੍ਰਧਾਨ ਡਾ ਬੀ ਆਰ ਅੰਬੇਡਕਰ ਵੈੱਲਫੇਅਰ ਸੁਸਾਇਟੀ ਹਦੀਆਬਾਦ ਫਗਵਾੜਾ ਅਤੇ ਵਾਈਸ ਪ੍ਰਧਾਨ ਨਗਰ ਕੌਂਸਲ ਫਗਵਾੜਾ ਨੇ ਕੀਤਾ। ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਦੀ ਵਿਚਾਰਧਾਰਾ ਤੇ ਚਲਦਿਆਂ ਹੋਇਆਂ ਇਹ ਸੋਸਾਇਟੀ ਬਾਬਾ ਸਾਹਿਬ ਦੇ ਵਿਚਾਰਾਂ ਤੇ ਸਮਤਾ, ਸੁਤੰਤਰਤਾ, ਭਾਈਚਾਰੇ ਅਤੇ ਨਿਆਂ ਦੇ ਪ੍ਰਤੀਕ ਭਾਰਤੀ ਸੰਵਿਧਾਨ ਦੇ ਮੁਤਾਬਿਕ ਅੱਗੇ ਲਿਜਾਂਦੀ ਰਹੇਗੀ ਅਤੇ ਬਹੁਜਨ ਸਮਾਜ ਦੇ ਖਾਤਰ ਆਪਣੀ ਜ਼ਿੰਦਗੀ ਦਾ ਪੱਲ ਪੱਲ ਜਿਹੜੇ ਮਹਾਂਪੁਰਸ਼ਾਂ ਨੇ ਸੰਘਰਸ਼ ਕੀਤਾ।

NSB Insurance

NIRMAL SINGH BADHAN

for Insurance Call:
NIRMAL SINGH BADHAN
707-228-2020

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS



Call: 707-228-2020,
Fax: 707-260-2813

Lic #0144676
www.nsbinsures.com
1519 Gary CT., Rohnert Park, CA 94928

# ਇਮਤਿਹਾਨ ਜਾਰੀ ਹੈ

**ਰੀਵਿਊਕਾਰ: ਬਲਜਿੰਦਰ ਮਾਨ 98150-18947**
**ਲੇਖਕ : ਪ੍ਰਿੰਸੀਪਲ ਸੁਰਜੀਤ ਸਿੰਘ**
**ਪ੍ਰਕਾਸ਼ਕ: ਬੀ.ਆਰ. ਐਸ ਪਬਲੀਕੇਸ਼ਨ, ਪੰਨੇ: 128, ਮੁੱਲ : 200/-**

ਪ੍ਰਿੰਸੀਪਲ ਸੁਰਜੀਤ ਸਿੰਘ ਅਪਣੇ ਕਾਲਜ਼ ਦੇ ਜਮਾਨੇ ਅੱਛੀ ਵਾਰਤਾਕਾਰੀ ਕਰਦੇ ਰਹੇ ਹਨ। ਇਸ ਕਲਾ ਨੇ ਉਸਨੂੰ ਕਾਲਜ਼ ਦੀਆਂ ਸਰਗਰਮੀਆਂ ਵਿੱਚ ਚੰਗਾ ਮਾਣ ਸਨਮਾਨ ਦਿਵਾਇਆ। ਜਿਨ੍ਹਾਂ ਸਦਕਾ ਉਹ ਆਪਣੇ ਜਮਾਨੇ ਦਾ ਮਸ਼ਹੂਰ ਵਿਦਿਆਰਥੀ ਰਿਹਾ। ਬਾਅਦ ਵਿੱਚ ਅਧਿਆਪਕ ਬਣਿਆ ਅਤੇ ਪ੍ਰਿੰਸੀਪਲ ਤਕ ਦੀਆਂ ਤਰੱਕੀਆਂ ਨੂੰ ਮਾਣਦਾ ਹੋਇਆ ਬਾਲ ਜੀਵਨ ਨੂੰ ਸ਼ਿੰਗਾਰਦਾ ਰਿਹਾ। ਸਾਹਿਤਕਾਰੀ ਦਾ ਜ਼ਜਬਾ ਉਸ ਅੰਦਰ ਛੁਪਿਆ ਰਿਹਾ। ਸਮਾਂ ਆਇਆ ਤਾਂ ਉਸਨੇ 1984 ਦੇ ਦਹਾਕੇ ਵਿੱਚ ਇਹ ਪੁਸਤਕ ਦੀ ਰਚਨਾ ਕੀਤੀ। ਜਿਸਨੂੰ ਉਹ ਨਾਵਲ ਆਖਦਾ ਹੈ ਪਰ ਇਸਦਾ ਜ਼ਿਕਰ ਪੁਸਤਕ ਵਿਚ ਕਿਤੇ ਨਹੀਂ ਮਿਲਦਾ।

ਹੱਥਲੀ ਪੁਸਤਕ'ਇਮਤਿਹਾਨ ਜਾਰੀ ਹੈ' ਨੂੰ ਨਾਵਲ ਦੀ ਜਗ੍ਹਾ ਜੀਵਨੀ ਕਹੀਏ ਤਾਂ ਜਿਆਦਾ ਬਿਹਤਰ ਹੈ। ਲੇਖਕ ਖੁਦ ਇਸਦੀ ਹਰ ਰਚਨਾ ਨੂੰ 95 ਫੀਸਦੀ ਸੱਚੀ ਲਿਖਦਾ ਹੈ । ਕੁੱਝ ਨਾਵਾਂ ਨੂੰ ਬਦਲਿਆ ਗਿਆ ਹੈ। ਅਸਲ ਵਿੱਚ ਲੇਖਕ ਦਾ ਮਨੋਰਥ ਇਸ ਪੁਸਤਕ ਰਾਹੀਂ ਆਪਣੇ ਜੀਵਨ ਦੇ ਸੰਘਰਸ਼ ਨੂੰ ਪੇਸ਼ ਕਰਨਾ ਹੈ ਜੋ ਜੀਵਨ ਦੇ ਅੰਤ ਤਕ ਜਾਰੀ ਰਿਹਾ ਹੈ। ਇਸ ਪੁਸਤਕ ਵਿਚ ਬਹੁਤੀਆਂ ਘਟਨਾਵਾਂ ਖਾਲਸਾ ਕਾਲਜ ਮਾਹਿਲਪੁਰ ਨਾਲ ਸਬੰਧਤ ਹਨ। ਇੱਥੋਂ ਦੀਆਂ ਧਾਰਮਿਕ ਅਤੇ ਖੇਡ ਸਰਗਰਮੀਆਂ ਦੀ ਖੂਬ ਚਰਚਾ ਕੀਤੀ ਗਈ ਹੈ। ਮਾਹਿਲਪਰ ਨੂੰ ਫੁੱਟਬਾਲ ਦੀ ਨਰਸਰੀ ਕਰਕੇ ਜਾਣਿਆ ਜਾਂਦਾ ਹੈ ਜਿਸ ਕਰਕੇ ਉਹ ਇਹਨਾਂ ਮੁਕਾਬਲਿਆਂ,ਖਾਸ ਕਰਕੇ ਪ੍ਰਿੰਸੀਪਲ ਹਰਭਜਨ-ਟੂਰਨਾਮੈਂਟ ਦੇ ਯਾਦਗਾਰੀ ਮੁਕਾਬਲਿਆਂ ਦਾ ਵਿਸ਼ੇਸ਼ ਤੌਰ ਤੇ ਜ਼ਿਕਰ ਕਰਦਾ ਹੈ। ਕਾਲਜ ਦੇ ਜੀਵਨ ਵਿੱਚ ਵਾਪਰੀਆਂ ਪਿਆਰ ਦੀਆਂ ਘਟਨਾਵਾਂ ਨੂੰ ਵੀ ਬੜੀ ਬੇਵਾਕੀ ਨਾਲ ਪੇਸ਼ ਕੀਤਾ ਗਿਆ ਹੈ। ਪ੍ਰਿੰਸੀਪਲ ਹਰਦਿਆਲ ਸਿੰਘ ਬੇਦੀ ਦੁਆਰਾ ਕਾਲਜ ਨੂੰ ਸੁਚਾਰੂ ਢੰਗ ਨਾਲ ਚਲਾਉਂਣ ਦੀਆਂ ਵਿਉਂਤਾਂ ਨੂੰ ਵੀ ਕਾਫੀ ਸਲਾਹਿਆ ਗਿਆ ਹੈ।ਪ੍ਰਿੰਸੀਪਲ ਹਰਭਜਨ ਸਿੰਘ ਯਾਦਗਾਰੀ ਸਟੇਡੀਅਮ ਵਾਸਤੇ ਪੰਜਾਬ ਦੇ ਤਤਕਾਲੀਨ ਮੁੱਖ ਮੰਤਰੀ ਗੁਰਨਾਮ ਸਿੰਘ ਵਲੋਂ ਦੋ ਹਜ਼ਾਰ ਦੀ ਰਾਸ਼ੀ ਦਿੱਤੀ ਗਈ ਸੀ। ਇਸ ਤਰ੍ਹਾਂ ਇਹ ਨਾਵਲ ਪਿਛਲੀ ਸਦੀ ਦੇ ਅੰਤਲੇ ਦਾਹਕਿਆ ਦੇ ਸਮੇਂ ਦੀ ਤਰਜਮਾਨੀ ਕਰਦਾ ਹੋਇਆ ਦਿੱਲੀ ਅਤੇ ਪੰਜਾਬ ਦੇ ਫੁੱਟਬਾਲ ਮੁਕਾਬਲਿਆਂ ਦੇ ਦਰਸ਼ਨ ਕਰਵਾਉਂਦਾ ਹੈ। ਫੁੱਟਬਾਲਰ ਭਿੰਦਾ ਦਾ ਹਾਦਸੇ ਵਿੱਚ ਅੰਤ ਹੋਣਾ ਨਾਵਲ ਦਾ ਅੰਤ ਦੁਖਾਂਤਮਕ ਬਣਾ ਦਿੰਦਾ ਹੈ। ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਬਣੇ ਦਿੱਲੀ ਅਤੇ ਹੋਰਮਾੜੇ ਹਲਾਤਾਂ ਨੂੰ ਵੀ ਦਰਸਾਇਆ ਗਿਆ ਹੈ ਜਦਕਿ ਲੋਕਤੰਤਰ ਵਿੱਚ ਲੋਕਾਂ ਦੇ ਘਾਣ ਦਾ ਕੋਈ ਥਾਂ ਨਹੀਂ ਹੈ।

ਇਸ ਨਾਵਲ ਦਾ ਸਥਾਨ ਪਿੰਡ ਨੰਗਲ ਕਲਾਂ ਜਿਲ੍ਹਾ ਹੁਸ਼ਿਆਰਪੁਰ ਹੈ। ਜਿਸ ਦੁਆਲੇ ਸਭ ਚੰਗੀਆਂ ਮਾੜੀਆਂ ਘਟਨਾਵਾਂ ਵਾਪਰਦੀਆਂ ਹਨ। ਹੀਰਾ ਸਿੰਘ, ਸ਼ਿਗਾਰਾ ਸਿੰਘ ਅਤੇ ਬਾਕੀ ਪਾਤਰ ਦਰਸਾਉਂਦੇ ਹਨ ਕਿ ਵੀਹਵੀਂ ਸਦੀ ਦੇ ਅੰਤ ਤਕ ਵੀ ਛੂਆ ਛੂਤ ਪੰਜਾਬ ਦੇ ਪਿੰਡਾਂ ਵਿੱਚ ਦੇਖੀ ਜਾ ਸਕਦੀ ਸੀ। ਭਾਵੇਂ ਅੱਜ ਵੀ ਬਦਲੇ ਰੂਪ ਵਿੱਚ ਕਾਇਮ ਹੈ। ਪੰਜਾਬ ਦੀ ਸਿੱਖਿਆ, ਆਰਥਿਕਤਾ ,ਖੇਤੀ ,ਧਾਰਮਿਕ ਪਹਿਲੂ ਬੜੀ ਮਹੀਨ




ਨਜ਼ਰ ਨਾਲ ਵਿਚਾਰੇ ਤੇ ਨਿਖਾਰੇ ਗਏ ਹਨ। ਸਮਾਜਿਕ ਪਰਿਵਰਤਨ ਨੂੰ ਵੀ ਬਾਖੂਬੀ ਨਾਲ ਪੇਸ਼ ਕੀਤਾ ਗਿਆ ਹੈ। ਖਾਲਸਾ ਕਾਲਜ਼ ਦੇ ਉੱਚ ਪੱਧਰ ਦੇ ਖਿਡਾਰੀ ਜਰਨੈਲ ਸਿੰਘ, ਗੁਰਦੇਵ ਸਿੰਘ( ਦੋਨੋਂ ਅਰਜੁਨਾ ਅਵਾਰਡੀ), ਮਨਜੀਤ ਸਿੰਘ, ਸਤਵੀਰ ਸਿੰਘ, ਰਘੁਵੀਰ ਸਿੰਘ ਵਰਗੇ ਖਿਡਾਰੀਆਂ ਦੇ ਖੂਬ ਸੋਹਲੇ ਗਾਏ ਹਨ। ਇਹ ਨਵਲ ਸਾਨੂੰ ਪਿੰਡ ਨੰਗਲ ਕਲਾਂਅਤੇ ਪਾਲਦੀ ਆਦਿ ਪਿੰਡਾਂ ਦੀ ਵਿਰਾਸਤ ਸਮੇਤ ਮਾਹਿਲਪੁਰ ਦੇ ਇਤਿਹਾਸਕ ਪਹਿਲੂਆਂ ਬਾਰੇ ਕਾਫੀ ਗਿਆਨ ਕਰਵਾਉਂਦਾ ਹੈ। ਲੇਖਕ ਨੇ ਮੈਂਗੋ ਸੀਜ਼ਨ ਫੁੱਟਬਾਲ ਟੂਰਨਾਮੈਂਟ ਪਾਲਦੀ ਵਿੱਚ ਕਰਵਾਇਆ ਲਿਖਿਆ ਹੈ ਜਦਕਿ ਇਹ ਟੂਰਨਾਮੈਂਟ ਮਾਹਿਲਪੁਰ ਵਿੱਚ ਹੁੰਦਾ ਸੀ।

ਪ੍ਰਿੰ. ਸੁਰਜੀਤ ਸਿੰਘ ਨੇ ਆਪਣੇ ਜੀਵਨ ਸੰਘਰਸ਼ ਨੂੰ ਇਸ ਪੁਸਤਕ ਵਿਚ ਦਰਜ ਕਰਕੇ ਪਾਠਕਾਂ ਨੂੰ ਬੁਲੰਦ ਹੌਂਸਲੇ ਅੱਗੇ ਵਧਣ ਲਈ ਤਿਆਰ ਕੀਤਾ ਹੈ।ਉਨਾਂ ਦੀ ਇਛਾ ਹੈ ਕਿ ਹਰ ਮਨੁੱਕ ਆਪਣੇ ਜੀਵਨ ਕਾਲ ਵਿਚ ਸੰਘਰਸ਼ ਜਾਰੀ ਰੱਖੇ ਕਿਉਕਿ ਹਰ ਮੌਣਚ ਤੇ ਇਮਤਿਹਾਨ ਤਿਆਰ ਹੀ ਰਹਿੰਦੇ ਹਨ।

# 24 ਜਨਵਰੀ ਲਈ ਰਾਸ਼ਟਰੀ ਬਾਲਿਕਾ ਦਿਵਸ ਸਬੰਧੀ ਵਿਸ਼ੇਸ਼



ਕੁਲਦੀਪ ਚੰਦ
91-9417563054

24 ਜਨਵਰੀ ਨੂੰ ਰਾਸ਼ਟਰੀ ਬਾਲਿਕਾ ਦਿਵਸ ਮਨਾਇਆ ਜਾ ਰਿਹਾ ਹੈ ਜਿਸ ਦਾ ਉਦੇਸ਼ ਲੜਕੀਆਂ ਦੇ ਅਧਿਕਾਰਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨਾ, ਉਨ੍ਹਾਂ ਨੂੰ ਦੂਜਿਆਂ ਵਾਂਗ ਬਰਾਬਰ ਦੇ ਮੌਕੇ ਪ੍ਰਦਾਨ ਕਰਨਾ, ਦੇਸ਼ ਦੀਆਂ ਲੜਕੀਆਂ ਦੀ ਰੱਖਿਆ ਕਰਨਾ ਅਤੇ ਲਿੰਗ-ਅਧਾਰਤ ਪੱਖਪਾਤ ਨੂੰ ਦੂਰ ਕਰਨਾ ਹੈ। ਰਾਸ਼ਟਰੀ ਬਾਲਿਕਾ ਦਿਵਸ ਦੀ ਸ਼ੁਰੂਆਤ ਸਾਲ 2008 ਤੋਂ ਸ਼ੁਰੂ ਕੀਤੀ ਗਈ ਅਤੇ ਇਸਦਾ ਮੁੱਖ ਉਦੇਸ਼ ਲੜਕੀਆਂ ਵਿੱਚ ਵੱਧ ਰਹੀ ਗੈਰ ਬਰਾਬਰੀ ਨੂੰ ਉਜਾਗਰ ਕਰਨਾ, ਲੜਕੀਆਂ ਦੇ ਅਧਿਕਾਰਾਂ ਸਬੰਧੀ ਜਾਗਰੂਕਤਾ ਵਧਾਉਣਾ ਅਤੇ ਲੜਕੀਆਂ ਲਈ ਸਿੱਖਿਆ, ਸਿਹਤ ਅਤੇ ਖੁਰਾਕ ਦੀ ਮਹੱਤਤਾ ਸਬੰਧੀ ਜਾਗਰੂਕ ਕਰਨਾ ਅਤੇ ਲੜਕੀਆਂ ਪ੍ਰਤੀ ਸਮਾਜ ਦੇ ਨਜ਼ਰੀਏ ਅਤੇ ਰਵੱਈਏ ਨੂੰ ਬਦਲਣਾ ਹੈ। ਸਰਕਾਰ ਨੇ ਇਸਦੀ ਸ਼ੁਰੂਆਤ 24 ਜਨਵਰੀ ਤੋਂ ਕੀਤੀ ਕਿਉਂਕਿ 24 ਜਨਵਰੀ 1966 ਨੂੰ ਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਸਵਰਗੀ ਇੰਦਰਾ ਗਾਂਧੀ ਨੇ ਭਾਰਤ ਦੀ ਪਹਿਲੀ ਮਹਿਲਾ ਪ੍ਰਧਾਨ ਮੰਤਰੀ ਦੇ ਤੌਰ ਤੇ ਸੌਂਹ ਚੁੱਕੀ ਸੀ। ਭਾਵੇਂ ਅਸੀਂ 21ਵੀਂ ਸਦੀ ਵਿੱਚ ਪਹੁੰਚ ਗਏ ਹਾਂ ਪਰ ਕੁੜੀਆਂ ਬਾਰੇ ਬਹੁਤੇ ਲੋਕਾਂ ਦੀ ਸੋਚ ਅਜੇ ਵੀ ਸਦੀਆਂ ਪੁਰਾਣੀ ਹੈ। ਬੇਸ਼ੱਕ ਕਈ ਘਰਾਂ ਵਿੱਚ ਲੜਕੀਆਂ ਨੂੰ ਵੀ ਲੜਕਿਆਂ ਦੇ ਬਰਾਬਰ ਹੀ ਮਹੱਤਤਾ ਦਿਤੀ ਜਾਂਦੀ ਹੈ ਅਤੇ ਕਈ ਪਰਿਵਾਰਾਂ ਵਿੱਚ ਤਾਂ ਲੜਕੀਆਂ ਦੀ ਵੱਧ ਮਹੱਤਤਾ ਹੈ ਪਰ ਅਜਿਹੇ ਪਰਿਵਾਰਾਂ ਦੀ ਗਿਣਤੀ ਬਹੁਤ ਘੱਟ ਹੈ। ਸਾਡੇ ਦੇਸ਼ ਵਿੱਚ ਹਰ ਰੋਜ਼ ਨਿੱਕੀਆਂ ਮਾਸੂਮ ਬੱਚੀਆਂ ਦੇ ਨਾਲ ਬਲਾਤਕਾਰ ਹੋ ਰਹੇ ਹਨ, ਉਹਨਾਂ ਨੂੰ ਸਕੂਲਾਂ ਵਿੱਚ ਭੇਜਣ ਦੀ ਥਾਂ ਤੇ ਘਰਾਂ ਵਿੱਚ ਨੌਕਰਾਂ ਦੀ ਤਰ੍ਹਾਂ ਕੰਮ ਕਰਵਾਇਆ ਜਾਂਦਾ ਹੈ, ਨਵਜੰਮੀਆਂ ਬੱਚੀਆਂ ਨੂੰ ਕੂੜੇ ਦੇ ਢੇਰਾਂ ਅਤੇ ਨਾਲੇ-ਨਾਲੀਆਂ ਵਿੱਚ ਲਾਵਾਰਿਸ ਸੁੱਟਿਆ ਜਾ ਰਿਹਾ ਹੈ ਜਿੱਥੇ ਕਿ ਕੁੱਤੇ ਅਤੇ ਹੋਰ ਜੰਗਲੀ ਜਾਨਵਰ ਉਹਨਾਂ ਦਾ ਮਾਸ ਨੋਚ-ਨੋਚਕੇ ਖਾ ਰਹੇ ਹਨ। ਕਈ ਪਰਿਵਾਰਾਂ ਵਿੱਚ ਅਜੇ ਵੀ ਕੁੜੀਆਂ ਨੂੰ ਅਕਸਰ ਸਰਕਾਰੀ ਸਕੂਲਾਂ ਵਿੱਚ ਜਦਕਿ ਮੁੰਡਿਆਂ ਨੂੰ ਵਧੀਆਂ ਪ੍ਰਾਇਵੇਟ ਸਕੂਲਾਂ ਵਿੱਚ ਪੜ੍ਹਾਇਆਂ ਜਾਂਦਾ ਹੈ। ਇਸੇ ਤਰਾਂ ਹੀ ਸਿਹਤ ਸੰਭਾਲ ਦੇ ਮਾਮਲੇ ਵਿੱਚ ਵੀ ਕੁੜੀਆਂ ਨਾਲ ਅਕਸਰ ਵਿਤਕਰਾ ਕੀਤਾ ਜਾਂਦਾ ਹੈ। ਇੱਕ ਪਾਸੇ ਕੰਨਿਆ ਪੂਜਨ ਵਰਗੇ ਧਾਰਮਿਕ ਮੌਕਿਆਂ ਤੇ ਪੂਜਾ ਕਰਦੇ ਹਾਂ ਪਰ ਜਦੋਂ ਖੁਦ ਦੇ ਘਰ ਕੰਨਿਆ ਜਨਮ ਲੈਂਦੀ ਹੈ ਤਾਂ ਕਈ ਪਰਿਵਾਰਾਂ ਵਿੱਚ ਮਾਹੌਲ ਸੋਗਮਈ ਹੋ ਜਾਂਦਾ ਹੈ। ਜੇਕਰ ਬਾਲ ਲਿੰਗ ਅਨੁਪਾਤ ਦੇਖਿਆ ਜਾਵੇ ਤਾਂ ਬੇਹੱਦ ਨਿਰਾਸ਼ਾਜਨਕ ਹੈ। ਭਾਰਤ ਵਿਚ 2011 ਦੀ ਜਨਗਣਨਾ ਵਿੱਚ ਪ੍ਰਤੀ 1000 ਮੁੰਡਿਆਂ ਦੇ ਮੁਕਾਬਲੇ 919 ਕੁੜੀਆਂਰਹਿ ਗਈਆਂ ਹਨ। ਜੇਕਰ ਅੰਕੜੇ ਵੇਖੀਏ ਤਾਂ ਕੁੜੀਆਂ ਦੀ ਗਿਣਤੀ ਪੱਖੋਂ ਅਰੁਣਾਚਲ ਦੀ ਹਾਲਤ ਸਭ ਤੋਂ ਵਧੀਆ ਹੈ ਅਤੇ ਕੁੜੀਆਂ ਦੀ ਗਿਣਤੀ 972 ਹੈ ਜਦਕਿ ਸਭ ਤੋਂ ਮਾੜੀ ਹਾਲਤ ਹਰਿਆਣਾ ਦੀ ਹੈ ਅਤੇ ਕੁੜੀਆਂ ਦੀ ਗਿਣਤੀ 834 ਰਹਿ ਗਈ ਹੈ। ਸੰਯੁਕਤ ਰਾਸ਼ਟਰ ਦੀ ਇੱਕ ਰਿਪੋਰਟ ਅਨੁਸਾਰ ਦੁਨੀਆਂ ਵਿੱਚ ਲੱਗਭੱਗ 130 ਮਿਲੀਅਨ ਬੱਚੇ ਸਕੂਲ ਨਹੀਂ ਜਾਂਦੇ ਹਨ ਜਿਹਨਾਂ ਵਿੱਚੋਂ 60 ਫੀਸਦੀ ਲੜਕੀਆਂ ਹੀ ਹਨ। ਦੇਸ ਵਿੱਚ ਲੱਗਭੱਗ 11 ਫਿਸਦੀ ਸਕੂਲਾਂ ਅਤੇ 53 ਫਿਸਦੀ ਘਰਾਂ ਵਿੱਚ ਪਖਾਨਿਆਂ ਦੀ ਸਹੂਲਤ ਨਹੀਂ ਹੈ ਜਿਸਦਾ ਸਭ ਤੋਂ ਵੱਧ ਅਸਰ ਲੜਕੀਆਂ ਅਤੇ ਮਹਿਲਾਵਾਂ ਤੇ ਹੀ ਪੈਂਦਾ ਹੈ। ਬੱਚਿਆਂ ਵਿਰੁੱਧ ਅਪਰਾਧ ਸਰੀਰਕ, ਜਿਨਸੀ, ਜਾਂ ਭਾਵਨਾਤਮਕ ਹੋ ਸਕਦੇ ਹਨ ਅਤੇ ਇਸ ਵਿੱਚ ਕਤਲ, ਅਗਵਾ, ਜਿਨਸੀ ਸ਼ੋਸ਼ਣ, ਤਿਆਗਣਾ, ਤਸਕਰੀ ਆਦਿ ਸ਼ਾਮਲ ਹਨ। ਨਿਆਣਿਆਂ ਤੋਂ ਲੈ ਕੇ ਕਿਸ਼ੋਰਾਂ ਤੱਕ ਹਰ ਉਮਰ ਦੇ ਬੱਚੇ ਪੀੜਿਤ ਹੁੰਦੇ ਹਨ। ਸਿਰਫ਼ ਅਜਨਬੀ ਹੀ ਨਹੀਂ ਸਗੋਂ ਪਰਿਵਾਰ ਦੇ ਨਜ਼ਦੀਕੀ ਮੈਂਬਰ ਵੀ ਕਈ ਵਾਰ ਬੱਚਿਆਂ ਲਈ ਖਤਰਨਾਕ ਸਾਬਤ ਹੁੰਦੇ ਹਨ। ਪ੍ਰਾਪਤ ਰਿਪੋਰਟਾਂ ਅਨੁਸਾਰ ਸਾਲ 2021 ਵਿੱਚ ਬੱਚਿਆਂ ਵਿਰੁੱਧ ਅਪਰਾਧਾਂ ਦੇ ਲੱਗਭੱਗ 149404 ਕੇਸ ਦਰਜ ਕੀਤੇ ਗਏ ਸਨ। ਸਾਲ 2020 ਦੇ ਮੁਕਾਬਲੇ 2021 ਵਿੱਚ ਬੱਚਿਆਂ ਦੇ ਵਿਰੁੱਧ ਅਪਰਾਧਾਂ ਵਿੱਚ 16.2ਗ਼ ਦਾ ਵਾਧਾ ਹੋਇਆ ਹੈ। ਅਗਵਾ ਅਤੇ ਜਿਨਸੀ ਅਪਰਾਧ ਕ੍ਰਮਵਾਰ 85ਗ਼ ਸਾਲ 2020 ਅਤੇ 86ਗ਼ ਸਾਲ 2021 ਦੋਵਾਂ ਸਾਲਾਂ ਲਈ ਬੱਚਿਆਂ ਦੇ




ਵਿਰੁੱਧ ਅਪਰਾਧਾਂ ਦਾ ਵੱਡਾ ਹਿੱਸਾ ਬਣਾਉਂਦੇ ਹਨ। ਜਿਨਸੀ ਅਪਰਾਧ ਜਿਹਨਾਂ ਵਿੱਚ ਉਹ ਸਾਰੇ ਅਪਰਾਧ ਸ਼ਾਮਲ ਹਨ ਜੋ ਬਲਾਤਕਾਰ ਦੇ ਦਾਇਰੇ ਵਿੱਚ ਆਉਂਦੇ ਹਨ ਦੇ ਤਹਿਤ ਕੁੱਲ 61035 ਅਪਰਾਧ ਕੀਤੇ ਗਏ ਸਨ। ਬੱਚਿਆਂ ਵਿਰੁੱਧ ਹਰ ਪੰਜ ਵਿੱਚੋਂ 02 ਅਪਰਾਧ ਜਿਨਸੀ ਸਨ। ਪੋਕਸੋ ਐਕਟ ਦੇ ਤਹਿਤ ਲੜਕੀਆਂ ਦੇ ਖਿਲਾਫ ਅਪਰਾਧਿਕ ਕਾਰਵਾਈਆਂ ਦੀ ਗਿਣਤੀ 52836 ਸੀ ਜੋ ਕਿ 1038 ਦੇ ਮੁੰਡਿਆਂ ਦੇ ਮੁਕਾਬਲੇ ਲਗਭਗ 50 ਗੁਣਾ ਵੱਧ ਸੀ। ਸਾਲ 2021 ਵਿੱਚ ਭਾਰਤ ਵਿੱਚ ਕੁੜੀਆਂ ਵਿਰੁੱਧ ਜਿਨਸੀ ਅਪਰਾਧ ਬੱਚਿਆਂ ਵਿਰੁੱਧ ਕੀਤੇ ਗਏ ਕੁੱਲ ਅਪਰਾਧਾਂ ਦਾ ਲਗਭਗ 39 ਪ੍ਰਤੀਸ਼ਤ ਸੀ। ਬੱਚਿਆਂ ਵਿਰੁੱਧ ਅਪਰਾਧਾਂ ਦੀ ਸਥਿਤੀ ਬਾਰੇ ਰਿਪੋਰਟ ਨੇ ਖਾਸ ਤੌਰ ਤੇ ਪੂਰਬੀ ਰਾਜਾਂ ਵਿੱਚ ਗੰਭੀਰ ਚਿੰਤਾਜਨਕ ਸਥਿਤੀ ਦਾ ਵਰਨਣ ਕੀਤਾ ਹੈ। ਇਸ ਰਿਪੋਰਟ ਅਨੁਸਾਰ ਪੱਛਮੀ ਬੰਗਾਲ ਵਿੱਚ ਇੱਕ ਸਾਲ ਵਿੱਚ ਬੱਚਿਆਂ ਵਿਰੁੱਧ ਅਪਰਾਧਾਂ ਦੇ 9523 ਮਾਮਲੇ ਦਰਜ ਕੀਤੇ ਗਏ ਸਨ ਭਾਵ ਬੱਚਿਆਂ ਵਿਰੁੱਧ ਅਪਰਾਧ ਦੀਆਂ ਲਗਭਗ 26 ਘਟਨਾਵਾਂ ਹਰ ਰੋਜ਼ ਦਰਜ ਕੀਤੀਆਂ ਗਈਆਂ ਹਨ। ਗੰਭੀਰ ਚਿੰਤਾਜਨਕ ਹੈ ਕਿ ਅਪਰਾਧ ਪੀੜਿਤਾਂ ਵਿੱਚੋਂ 98.6 ਪ੍ਰਤੀਸ਼ਤ ਕੁੜੀਆਂ ਹੀ ਸਨ। ਉੜੀਸਾ ਵਿੱਚ ਬੱਚਿਆਂ ਵਿਰੁੱਧ ਅਪਰਾਧਾਂ ਦੇ 7899 ਮਾਮਲੇ ਸਾਹਮਣੇ ਆਏ ਜੋ ਰੋਜ਼ਾਨਾ ਔਸਤਨ 21 ਹਨ ਅਤੇ ਇਹ ਵੀ ਪੀੜਿਤ ਲੜਕੀਆਂ ਸਨ। ਸਾਲ 2017-2021 ਦੌਰਾਨ ਪੱਛਮੀ ਬੰਗਾਲ ਵਿੱਚ ਬੱਚਿਆਂ ਵਿਰੁੱਧ ਅਪਰਾਧਾਂ ਵਿੱਚ 45.4 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ। ਉੜੀਸਾ ਵਿੱਚ ਇਸ ਸਮੇਂ ਦੌਰਾਨ ਬੱਚਿਆਂ ਵਿਰੁੱਧ ਅਪਰਾਧਾਂ ਵਿੱਚ 148 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ ਜੋ ਕਿ ਦੇਸ਼ ਵਿੱਚ ਸਭ ਤੋਂ ਵੱਧ ਹੈ। ਬੱਚਿਆਂ ਵਿਰੁੱਧ ਅਪਰਾਧਾਂ ਦੇ ਮਾਮਲੇ ਵਿੱਚ ਪੱਛਮੀ ਬੰਗਾਲ ਅਤੇ ਉੜੀਸਾ ਦੋਵੇਂ ਚੋਟੀ ਦੇ ਪੰਜ ਰਾਜਾਂ ਦੀ ਸੂਚੀ ਵਿੱਚ ਵਿਸ਼ੇਸ਼ਤਾ ਰੱਖਦੇ ਹਨ, ਮਹਾਰਾਸ਼ਟਰ, ਮੱਧ ਪ੍ਰਦੇਸ਼ ਅਤੇ ਉੱਤਰ ਪ੍ਰਦੇਸ਼ ਦੂਜੇ ਨੰਬਰ ਤੇ ਹਨ ਜੋ ਕਿ ਦੇਸ਼ ਭਰ ਵਿੱਚ ਬੱਚਿਆਂ ਵਿਰੁੱਧ ਕੀਤੇ ਗਏ ਕੁੱਲ ਅਪਰਾਧਾਂ 47.1 ਪ੍ਰਤੀਸ਼ਤ ਦਾ ਅੱਧਾ ਹਿੱਸਾ ਹੈ। ਇਹ ਸਿਰਫ ਸਰਕਾਰੀ ਅੰਕੜੇ ਹਨ ਜਦਕਿ ਹਕੀਕਤ ਹੈ ਕਿ ਬਹੁਤੇ ਮਾਮਲੇ ਰਜਿਸਟਰਡ ਹੀ ਨਹੀਂ ਹੁੰਦੇ ਹਨ। ਪੰਜਾਬ ਜਿਸ ਨੂੰ ਵਿਕਸਿਤ ਸੂਬਾ ਮੰਨਿਆ ਜਾਂਦਾ ਹੈ ਵਿੱਚ ਵੀ ਬੱਚੀਆਂ ਸੁਰੱਖਿਅਤ ਨਹੀਂ ਹਨ। ਪੰਜਾਬ ਵਿੱਚ ਸਾਲ 2019 ਵਿੱਚ 1008 ਔਰਤਾਂ ਨਾਲ ਬਲਾਤਕਾਰ ਦੇ 1002 ਮਾਮਲੇ ਦਰਜ ਕੀਤੇ ਗਏ ਸਨ ਜਿਨ੍ਹਾਂ ਵਿੱਚੋਂ 426 ਕੇਸ 18 ਸਾਲ ਤੋਂ ਘੱਟ ਉਮਰ ਦੀਆਂ 430 ਲੜਕੀਆਂ ਨਾਲ ਸਬੰਧਤ ਸਨ। ਪੰਜਾਬ ਵਿੱਚ ਕੁੱਲ 1008 ਬਲਾਤਕਾਰ ਪੀੜਤਾਂ ਵਿੱਚੋਂ 6 ਸਾਲ ਤੋਂ ਘੱਟ ਉਮਰ ਦੀਆਂ ਬੱਚੀਆਂ ਨਾਲ 14 ਮਾਮਲੇ ਦਰਜ ਕੀਤੇ ਗਏ, 6 ਤੋਂ 12 ਸਾਲ ਦੀਆਂ ਬੱਚੀਆਂ ਨਾਲ 37, 12 ਤੋਂ 16 ਸਾਲ ਦੀਆਂ ਬੱਚੀਆਂ ਨਾਲ 178 ਅਤੇ 201 ਮਾਮਲੇ 6 ਤੋਂ 12 ਸਾਲ ਦਰਮਿਆਨ ਦੀਆਂ ਬੱਚੀਆਂ ਨਾਲ ਬਲਾਤਕਾਰ ਦੇ ਮਾਮਲੇ ਰਜਿਸਟਰਡ ਹੋਏ ਹਨ। ਇਨ੍ਹਾਂ ਤੋਂ ਇਲਾਵਾ 110 ਪੀੜਤਾਂ ਨਾਲ ਬਲਾਤਕਾਰ ਦੀ ਕੋਸ਼ਿਸ਼ ਦੇ 109 ਮਾਮਲੇ ਸਾਹਮਣੇ ਆਏ ਹਨ ਜਿਨ੍ਹਾਂ ਵਿੱਚੋਂ 58 ਮਹਿਲਾਵਾਂ 18 ਸਾਲ ਤੋਂ ਘੱਟ ਸਨ। ਪੰਜਾਬ ਵਿੱਚ ਬੱਚਿਆਂ ਵਿਰੁੱਧ ਅਪਰਾਧਾਂ ਦੇ ਅੰਕੜਿਆਂ ਦਾ ਵਿਸ਼ਲੇਸ਼ਣ ਦਰਸਾਉਂਦਾ ਹੈ ਕਿ ਬੱਚਿਆਂ ਦੇ ਅਗਵਾ ਦੀਆਂ ਘਟਨਾਵਾਂ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ। ਕੁੱਲ 1450 ਬੱਚਿਆਂ ਦੇ ਅਗਵਾ ਦੀਆਂ 1440 ਘਟਨਾਵਾਂ ਦਰਜ ਕੀਤੀਆਂ ਗਈਆਂ ਸਨ। ਇਨ੍ਹਾਂ ਵਿੱਚੋਂ 1372 ਪੀੜਤ ਨਾਬਾਲਗ ਲੜਕੀਆਂ ਸਨ। ਬੱਚਿਆਂ ਵਿਰੁੱਧ ਜਿਨਸੀ ਅਪਰਾਧਾਂ ਦੇ ਕੁੱਲ 751 ਕੇਸ ਸਨ। ਇੱਕ ਗੈਰ ਸਰਕਾਰੀ ਸੰਸਥਾ ਵਲੋਂ 357 ਸਕੂਲਾਂ ਵਿੱਚ ਸਰਵੇ ਕਰਵਾਇਆ ਜਿਸ ਅਨੁਸਾਰ 63 ਫੀਸਦੀ ਲੜਕੀਆਂ ਨੇ ਮੰਨਿਆ ਕਿ ਉਹਨਾਂ ਦਾ ਗੰਭੀਰ ਸਰੀਰਕ ਸੋਸ਼ਣ ਜਾਂ ਬਲਾਤਕਾਰ ਕੀਤਾ ਗਿਆ ਅਤੇ 29 ਫੀਸਦੀ ਨਾਲ ਸ਼ਰੀਰਕ ਛੇੜਖਾਨੀ ਕੀਤੀ ਗਈ। ਹਰ ਰੋਜ ਔਸਤਨ 106 ਮਹਿਲਾਵਾਂ ਅਤੇ ਲੜਕੀਆਂ ਬਲਾਤਕਾਰ ਦਾ ਸ਼ਿਕਾਰ ਬਣਦੀਆਂ ਹਨ ਅਤੇ ਇਨ੍ਹਾਂ ਵਿੱਚੋਂ ਜਿਆਦਾ ਗਿਣਤੀ 12 ਸਾਲ ਤੋਂ ਘੱਟ ਉਮਰ ਦੀਆਂ ਬੱਚੀਆਂ ਦੀ ਹੀ ਹੈ। ਬਾਲ ਸੁਰੱਖਿਆ ਨੂੰ ਮਜ਼ਬੂਤ ਕਰਨ ਦੀਆਂ ਕਈ ਪਹਿਲਕਦਮੀਆਂ ਦੇ ਬਾਵਜੂਦ ਬੱਚਿਆਂ ਵਿਸੇਸ਼ ਤੋਰ ਤੇ ਲੜਕੀਆਂ ਨਾਲ ਵਾਪਰ ਰਹੀਆਂ ਅਪਰਾਧਿਕ ਘਟਨਾਵਾਂ ਗੰਭੀਰ ਚਿੰਤਾ ਦਾ ਵਿਸਾ ਹਨ। ਲੜਕੀਆਂ ਨੂੰ ਸਸ਼ਕਤੀਕਰਨ ਅਤੇ ਸਿੱਖਿਆ ਤੇ ਜ਼ੋਰ ਦੇਣ ਦੇ ਬਾਵਜੂਦ ਅਪਰਾਧਾਂ ਦੀ ਗਿਣਤੀ ਦੇਸ਼ ਵਿੱਚ ਬੱਚੀਆਂ ਦੀ ਕਮਜ਼ੋਰੀ ਨੂੰ ਦਰਸਾਉਂਦੀ ਹੈ। ਇੱਕ ਪਾਸੇ ਦੇਸ਼ ਵਿੱਚ ਲੜਕੀਆਂ ਦੀ ਗਿਣਤੀ ਲੜਕਿਆਂ ਦੇ ਮੁਕਾਬਲੇ ਘਟਦੀ ਜਾ ਰਹੀ ਹੈ ਦੂਜੇ ਪਾਸੇ ਲੜਕੀਆਂ ਪ੍ਰਤੀ ਅਪਰਾਧ ਵੱਧ ਰਹੇ ਹਨ ਜੋਕਿ ਦੇਸ਼ ਦੇ ਵਿਕਾਸ ਵਿੱਚ ਵੱਡੀ ਰੁਕਾਵਟ ਹੈ। ਸਾਡੇ ਦੇਸ਼ ਵਿੱਚ ਲੜਕੀਆਂ ਦੀ ਸਾਖਰਤਾ ਦਰ ਅਜੇ ਤੱਕ ਸਿਰਫ 53.87 ਫਿਸਦੀ ਹੈ ਅਤੇ ਹਰ ਤੀਜੀ ਲੜਕੀ ਖੁਰਾਕ ਦੀ ਘਾਟ ਕਾਰਨ ਅਨੀਮਿਕ ਹੈ। ਲੱਗਭੱਗ 9 ਫਿਸਦੀ ਲੜਕੀਆਂ ਅਜੇ ਵੀ ਉਮਰ ਤੋਂ ਪਹਿਲਾਂ ਹੀ ਮਾਂ ਬਣਦੀਆਂ ਹਨ। ਸਿਹਤ ਸਬੰਧੀ ਸਮੇਂ ਸਮੇਂ ਤੇ ਕਰਵਾਏ ਜਾਂਦੇ ਸਰਵੇਖਣਾਂ ਵਿੱਚ ਸਪੱਸ਼ਟ ਪਤਾ ਚੱਲਦਾ ਹੈ ਕਿ ਲੜਕੀਆਂ ਲੜਕਿਆਂ ਦੇ ਮੁਕਾਬਲੇ ਸਿਹਤ ਪੱਖੋਂ ਕਮਜ਼ੋਰ ਹਨ। ਲੜਕੀਆਂ ਤੇ ਵੱਧਦੇ ਤੇਜਾਬੀ ਹਮਲੇ, ਆਨਰ ਕਿਲਿੰਗ ਦੇ ਮਾਮਲੇ ਦੇਸ਼ ਵਿੱਚ ਲੜਕੀਆਂ ਦੀ ਸੁਰੱਖਿਆ ਦੇ ਪੋਲ ਖੋਲਦੇ ਹਨ। ਲੜਕੀਆਂ ਦੀ ਭਲਾਈ ਲਈ ਸੱਖਤ ਕਨੂੰਨ ਅਤੇ ਯੋਜਨਾਵਾਂ ਹੋਣ ਦੇ ਬਾਬਜੂਦ ਲੜਕੀਆਂ ਨਾਲ ਪੱਖਪਾਤ ਤੇ ਅੱਤਿਆਚਾਰ ਦੀਆਂ ਘਟਨਾਵਾਂ ਦਿਨ ਪ੍ਰਤੀ ਦਿਨ ਵੱਧ ਰਹੀਆਂ ਹਨ। ਰੁਕਾਵਟਾਂ ਦੇ ਬਾਬਜੂਦ ਲੜਕੀਆਂ ਜੀਵਨ ਦੇ ਹਰੇਕ ਖੇਤਰ ਸਿਖਿਆ, ਖੇਡਾਂ, ਰਾਜਨੀਤੀ, ਪ੍ਰਤੀਯੋਗਤਾਵਾਂ ਆਦਿ ਵਿੱਚ ਅੱਗੇ ਵੱਧ ਰਹੀਆਂ ਹਨ। ਸਿਹਤਮੰਦ ਅਤੇ ਸਿੱਖਿਅਤ ਕੰਨਿਆਵਾਂ ਆਉਣ ਵਾਲੇ ਸਮੇਂ ਦੀ ਮੁੱਖ ਜ਼ਰੂਰਤ ਹਨ ਕਿਉਂਕਿ ਇਹੀ ਆਉਣ ਵਾਲੇ ਸਮਾਜ ਨੂੰ ਸਹੀ ਰਾਹ ਦਿਖਾ ਸਕਦੀਆਂ ਹਨ ਅਤੇ ਇੱਕ ਬੇਹਤਰੀਨ ਪਤਨੀ, ਮਾਂ, ਕਰਮਚਾਰੀ, ਨੇਤਾ ਅਤੇ ਹੋਰ ਖੇਤਰਾਂ ਵਿੱਚ ਇਹ ਆਪਣੇ ਯੋਗਦਾਨ ਰਾਹੀਂ ਦੇਸ਼ ਦੇ ਵਿਕਾਸ ਵਿੱਚ ਸਹਾਇਕ ਸਿੱਧ ਹੋਣਗੀਆਂ ਪਰ ਇਹ ਸਾਰਾ ਕੁਝ ਤਾਂ ਹੀ ਸੰਭਵ ਹੋਵੇਗਾ ਜਦੋਂ ਦੇਸ਼ ਵਿੱਚ ਬੱਚੀਆਂ ਸੁਰੱਖਿਅਤ ਹੋਣਗੀਆਂ ਅਤੇ ਉਨ੍ਹਾਂ ਨੂੰ ਵੀ ਵਿਕਸਿਤ ਹੋਣ ਦੇ ਬਰਾਬਰ ਮੌਕੇ ਮਿਲਣਗੇ। ਸਰਕਾਰ ਨੇ ਲੜਕੀਆਂ ਦੀ ਸੁਰੱਖਿਆ ਲਈ ਕਈ ਕਦਮ ਚੁੱਕੇ ਹਨ। ਭਾਰਤ ਸਰਕਾਰ ਲੜਕੀਆਂ ਨਾਲ ਸਨਮਾਨ ਅਤੇ ਬਰਾਬਰੀ ਵਾਲਾ ਵਿਵਹਾਰ ਕਰਨ ਦੇ ਹੱਕ ਵਿੱਚ ਹੈ। ਭਾਰਤ ਵਿੱਚ ਸਰਕਾਰ ਨੇ ਗਰਭ ਅਵਸਥਾ ਦੌਰਾਨ ਲਿੰਗ ਭੇਦਭਾਵ ਨੂੰ ਗ਼ੈਰਕਾਨੂੰਨੀ ਕਰਾਰ ਦਿੱਤਾ ਹੈ। ਸਰਕਾਰ ਸਿੱਖਿਆ ਅਤੇ ਬਰਾਬਰ ਮੌਕੇ ਨੂੰ ਉਤਸ਼ਾਹਿਤ ਕਰਨ ਲਈ 14 ਸਾਲ ਦੀ ਉਮਰ ਤੱਕ ਲੜਕੇ ਅਤੇ ਲੜਕੀਆਂ ਦੋਵਾਂ ਨੂੰ ਮੁਫਤ ਅਤੇ ਲੋੜੀਂਦੀ ਸਿੱਖਿਆ ਪ੍ਰਦਾਨ ਕਰਦੀ ਹੈ, ਅਨੈਤਿਕ ਰੀਤੀ-ਰਿਵਾਜਾਂ ਤੋਂ ਬਚਾਉਣ ਲਈ ਬਾਲ ਵਿਆਹ ਤੇ ਪਾਬੰਦੀ ਹੈ। ਰਾਸ਼ਟਰੀ ਬਾਲਿਕਾ ਦਿਵਸ ਦਾ ਟੀਚਾ ਲੜਕੀਆਂ ਦੀ ਸੁਰੱਖਿਆ, ਸਿਹਤ ਅਤੇ ਸਿੱਖਿਆ ਨੂੰ ਉਤਸ਼ਾਹਿਤ ਕਰਨਾ ਹੈ। ਸਰਕਾਰ ਵਲੋਂ ਲੜਕੀਆਂ ਦੀ ਭਲਾਈ ਲਈ ਕਈ ਯੋਜਨਾਵਾਂ ਚਲਾਈਆਂ ਜਾ ਰਹੀਆਂ ਹਨ ਜਿਨ੍ਹਾ ਵਿੱਚ ਸਬਲਾ, ਸੁਕੰਨਿਆ ਸਮਰਿਧੀ ਯੋਜਨਾ, ਪ੍ਰਧਾਨ ਮੰਤਰੀ ਸੁਖਿੱਅਤ ਮਾਤਰਤਵ ਯੋਜਨਾ, ਜਨਨੀ ਸੁਰਖਿੱਆ ਯੋਜਨਾ, ਜਨਨੀ ਸ਼ਿਸ਼ੂ ਸੁਰੱਖਿਆ ਕਾਰਿਆਕਰਮ, ਬੇਟੀ ਬਚਾਓ ਬੇਟੀ ਪੜ੍ਹਾਓ ਯੋਜਨਾ ਆਦਿ ਸਾਮਲ ਹਨ। ਲੜਕੀਆਂ ਦੀ ਸੁਰੱਖਿਆ ਲਈ ਕਈ ਕਨੂੰਨ ਬਣਾਏ ਗਏ ਹਨ ਪਰ ਅਸਲੀਅਤ ਇਹ ਹੈ ਕਿ ਇਹ ਕਨੂੰਨ ਵੀ ਅਸਰਦਾਇਕ ਸਾਬਿਤ ਨਹੀਂ ਹੋ ਰਹੇ ਹਨ। ਲੜਕੀਆਂ ਦੀ ਸੁਰੱਖਿਆ ਅਤੇ ਭਲਾਈ ਲਈ ਸਥਾਪਿਤ ਵਿਭਾਗ ਅਣਗਹਿਲੀ ਅਤੇ ਕੌੜੀ ਰਾਜਨੀਤੀ ਦਾ ਸਿਕਾਰ ਹੋ ਰਹੇ ਹਨ। ਭਾਰਤ ਵਿੱਚ ਲੜਕੀਆÐ ਦੀ ਸਿੱਖਿਆ ਨੂੰ ਉਤਸ਼ਾਹਿਤ ਕਰਨ ਲਈ ਕਈ ਮੁਹਿੰਮਾਂ ਚੱਲ ਰਹੀਆÐ ਹਨ। ਇਹਨਾਂ ਮੁਹਿੰਮਾਂ ਦਾ ਮੁੱਖ ਉਦੇਸ਼ ਭਾਰਤ ਵਿੱਚ ਇੱਕ ਬੱਚੀ ਨੂੰ ਦਰਪੇਸ਼ ਸਮੱਸਿਆਵਾਂ ਅਤੇ ਵਿਤਕਰੇ ਨੂੰ ਉਜਾਗਰ ਕਰਨਾ ਹੈ। ਲੜਕੀਆÐ ਨੂੰ ਸੁਰੱਖਿਅਤ ਅਤੇ ਯੋਗ ਵਾਤਾਵਰਨ ਮਿਲਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਨੂੰ ਆਪਣੇ ਸਾਰੇ ਕਾਨੂੰਨੀ ਅਧਿਕਾਰਾਂ ਅਤੇ ਜੀਵਨ ਦੇ ਤੱਥਾਂ ਤੋÐ ਜਾਣੂ ਹੋਣਾ ਚਾਹੀਦਾ ਹੈ। ਉਨ੍ਹਾਂ ਨੂੰ ਆਪਣੇ ਉਚਿਤ ਅਧਿਕਾਰ ਪ੍ਰਾਪਤ ਕਰਨ ਅਤੇ ਜੀਵਨ ਦੀਆÐ ਸਾਰੀਆÐ ਚੁਣੌਤੀਆÐ ਦਾ ਸਾਹਮਣਾ ਕਰਨ ਲਈ ਘਰੇਲੂ ਹਿੰਸਾ ਐਕਟ, ਬਾਲ ਵਿਆਹ ਰੋਕੂ ਕਾਨੂੰਨ, ਦਾਜ ਰੋਕੂ ਕਾਨੂੰਨ ਸਮੇਤ ਕਾਨੂੰਨਾਂ ਬਾਰੇ ਚੰਗੀ ਤਰ੍ਹਾਂ ਜਾਣੂ ਹੋਣਾ ਚਾਹੀਦਾ ਹੈ। ਸਰਕਾਰ ਵਲੋਂ ਸਾਲ 2021 ਵਿੱਚ ਬੇਟੀ ਬਚਾਓ ਬੇਟੀ ਪੜ੍ਹਾਓ ਯੋਜਨਾ ਦੀ ਸਾਲਗਿਰਾਹ ਮਨਾਈ ਗਈ, ਉੜੀਸਾ ਸਰਕਾਰ ਵਲੋਂ ਬਾਲ ਵਿਆਹ ਮੁੱਕਤ ਪਿੰਡਾਂ ਲਈ ਕੰਮ ਕਰਨ ਵਾਲੇ ਵਿਅੱਕਤੀਆਂ ਅਤੇ ਸੰਸਥਾਵਾਂ ਨੂੰ ਕੀਤਾ ਗਿਆ ਹੈ ਅਤੇ ਪੰਜਾਬ ਸਰਕਾਰ ਵਲੋਂ ਧੀਆਂ ਦੀ ਲੋਹੜੀ ਮਨਾਈ ਗਈ ਹੈ। 24 ਜਨਵਰੀ ਨੂੰ ਰਾਸ਼ਟਰੀ ਬਾਲਿਕਾ ਦਿਵਸ ਦੇ ਮੌਕੇ ਅਤੇ ਅਜ਼ਾਦੀ ਕਾ ਅੰਮ੍ਰਿਤ ਮਹੋਤਸਵ ਦੇ ਹਿੱਸੇ ਵਜੋਂ 2022 ਦੇ ਪ੍ਰਧਾਨ ਮੰਤਰੀ ਰਾਸਟਰੀ ਬਾਲ ਪੁਰਸਕਾਰ ਦੁਆਰਾ ਬੱਚਿਆਂ ਦੀਆਂ ਮਿਸਾਲੀ ਪ੍ਰਾਪਤੀਆਂ ਨੂੰ ਮਾਨਤਾ ਦੇਣ ਲਈ ਇੱਕ ਵਰਚੁਅਲ ਸਮਾਗਮ ਆਯੋਜਿਤ ਕੀਤਾ ਗਿਆ ਜਿਸ ਵਿੱਚ ਜੇਤੂਆਂ ਨੂੰ ਡਿਜੀਟਲ ਸਰਟੀਫਿਕੇਟ ਦਿਤੇ ਗਏ ਅਤੇ 100000/- ਰੁਪਏ ਦੇ ਨਕਦ ਇਨਾਮ ਜੇਤੂਆਂ ਨੂੰ ਦਿਤੇ ਗਏ। ਮਹਿਲਾ ਅਤੇ ਬਾਲ ਵਿਕਾਸ ਮੰਤਰਾਲੇ ਨੇ ਟੀਕਾਕਰਨ, ਜਨਮ ਰਜਿਸਟਰੇਸ਼ਨ, ਸਕੂਲ ਦਾਖਲਾ, ਅੱਠਵੀਂ ਜਮਾਤ ਤੱਕ ਰੱਖ-ਰਖਾਅ ਵਰਗੀਆਂ ਬੁਨਿਆਦੀ ਲੋੜਾਂ ਨੂੰ ਪੂਰਾ ਕਰਨ ਲਈ ਬੱਚੀਆਂ ਦੇ ਪਰਿਵਾਰ ਨੂੰ ਨਕਦ ਟਰਾਂਸਫਰ ਕਰਨ ਲਈ ਧਨਲਕਸ਼ਮੀ ਨਾਂ ਦੀ ਇੱਕ ਸਕੀਮ ਲਾਗੂ ਕੀਤੀ ਹੈ। ਰਾਸ਼ਟਰੀ ਬਾਲਿਕਾ ਦਿਵਸ ਦਾ ਉਦੇਸ਼ ਇੱਕ ਲੜਕੀ ਦੇ ਅਧਿਕਾਰਾਂ ਬਾਰੇ ਜਾਗਰੂਕਤਾ ਪੈਦਾ ਕਰਨਾ ਅਤੇ ਲੜਕੀਆਂ ਨੂੰ ਵਿਕਾਸ ਦੇ ਮੌਕੇ ਪ੍ਰਦਾਨ ਕਰਨਾ ਅਤੇ ਲਿੰਗ-ਅਧਾਰਤ ਪੱਖਪਾਤ ਨੂੰ ਦੂਰ ਕਰਨਾ ਹੈ। ਇਸ ਦਿਨ ਨੂੰ ਮਨਾਉਣ ਦਾ ਇੱਕ ਹੋਰ ਉਦੇਸ਼ ਲੋਕਾਂ ਨੂੰ ਲੜਕੀਆਂ ਦੀ ਸਿੱਖਿਆ ਬਾਰੇ ਜਾਗਰੂਕ ਕਰਨਾ ਹੈ। ਜੇਕਰ ਅਸੀਂ ਅਸਲ ਵਿੱਚ ਸਮਾਜ ਅਤੇ ਦੇਸ਼ ਦਾ ਵਿਕਾਸ ਕਰਨਾਂ ਚਾਹੁੰਦੇ ਹਾਂ ਤਾਂ ਲੜਕੀਆਂ ਦੇ ਵਿਕਾਸ ਅਤੇ ਭਲਾਈ ਲਈ ਅਸਰਦਾਇਕ ਯੋਜਨਾਵਾਂ ਬਣਾਉਣੀਆਂ ਅਤੇ ਸੱਖਤੀ ਨਾਲ ਲਾਗੂ ਕਰਨੀਆਂ ਚਾਹੀਦੀਆਂ ਹਨ ਤਾਂ ਜੋ ਸਮਾਜ ਅਤੇ ਦੇਸ ਵਿੱਚ ਲੜਕੀਆਂ ਲਈ ਖੁਸ਼ਗਵਾਰ ਮਾਹੌਲ ਬਣਾਇਆ ਜਾ ਸਕੇ ਨਹੀਂ ਤਾਂ ਅੱਜ ਦੇ ਦਿਨ ਦੀ ਵੀ ਕੋਈ ਖਾਸ ਮਹੱਤਤਾ ਨਹੀਂ ਰਹੇਗੀ ਅਤੇ ਅੱਜ ਦੇ ਦਿਨ ਸਬੰਧੀ ਕਰਵਾਏ ਜਾਣ ਵਾਲੇ ਸਮਾਗਮ ਇੱਕ ਖਾਨਾਪੂਰਤੀ ਹੀ ਬਣਕੇ ਰਹਿ ਜਾਣਗੇ।

## ਦਿੱਲੀ ਆ ਰਹੀ ਫਲਾਈਟ 'ਚ ਬੰਬ ਮਿਲਣ ਦੀ ਸੂਚਨਾ ਕਾਰਨ ਹੰਗਾਮਾ



**ਨਵੀਂ ਦਿੱਲੀ (ਬਿਊਰੋ)-** ੁਧਵਾਰ ਸ਼ਾਮ ਨੂੰ ਦਿੱਲੀ ਦੇ ਆਈਜੀਆਈ ਏਅਰਪੋਰਟ 'ਤੇ ਤਾਇਨਾਤ ਸਾਰੀਆਂ ਸੁਰੱਖਿਆ ਏਜੰਸੀਆਂ ਉਸ ਸਮੇਂ ਅਚਾਨਕ ਹਰਕਤ 'ਚ ਆ ਗਈਆਂ ਜਦੋਂ ਉਨ੍ਹਾਂ ਨੂੰ ਫੋਨ 'ਤੇ ਸੂਚਨਾ ਮਿਲੀ ਕਿ ਦਰਭੰਗਾ ਤੋਂ ਨਵੀਂ ਦਿੱਲੀ ਜਾ ਰਹੀ ਫਲਾਈਟ 'ਚ ਬੰਬ ਹੈ। ਬਾਅਦ ਵਿਚ ਇਹ ਜਾਣਕਾਰੀ ਝੂਠੀ ਨਿਕਲੀ, ਜਿਸ ਤੋਂ ਬਾਅਦ ਇਸ ਨੂੰ ਫਰਜ਼ੀ ਕਾਲ ਕਰਾਰ ਦਿੱਤਾ ਗਿਆ। ਸਭ ਕੁਝ ਠੀਕ ਪਾਏ ਜਾਣ ਤੋਂ ਬਾਅਦ ਸੁਰੱਖਿਆ ਏਜੰਸੀਆਂ ਨੇ ਸੁੱਖ ਦਾ ਸਾਹ ਲਿਆ ਹੈ। ਆਈਜੀਆਈ ਥਾਣਾ ਪੁਲਿਸ ਹੁਣ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਬੰਬ ਬਾਰੇ ਫਰਜ਼ੀ ਜਾਣਕਾਰੀ ਦੇਣ ਵਾਲਾ ਵਿਅਕਤੀ ਕੌਣ ਸੀ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਮੁਤਾਬਕ ਕੰਟਰੋਲ ਰੂਮ 'ਤੇ ਕਾਲ ਕਰਕੇ ਸੂਚਨਾ ਦਿੱਤੀ ਗਈ ਕਿ ਦਰਭੰਗਾ ਤੋਂ ਨਵੀਂ ਦਿੱਲੀ ਆ ਰਹੀ ਸਪਾਈਸ ਜੈੱਟ ਦੀ ਫਲਾਈਟ (ਐੱਸ. ਜੀ. 8946) 'ਚ ਬੰਬ ਹੈ। ਇਸ ਸੂਚਨਾ ਤੋਂ ਬਾਅਦ ਸ਼ਾਮ 5:50 ਵਜੇ ਏਅਰਪੋਰਟ ਦੀਆਂ ਸਾਰੀਆਂ ਏਜੰਸੀਆਂ ਨੂੰ ਪੂਰੀ ਤਰ੍ਹਾਂ ਅਲਰਟ 'ਤੇ ਰਹਿਣ ਦੇ ਨਿਰਦੇਸ਼ ਦਿੱਤੇ ਗਏ। ਜਿਵੇਂ ਹੀ ਜਹਾਜ਼ ਸ਼ਾਮ 6:06 ਵਜੇ ਲੈਂਡ ਹੋਇਆ, ਸਾਰੇ ਯਾਤਰੀਆਂ ਨੂੰ ਤੁਰੰਤ ਉਤਾਰ ਦਿੱਤਾ ਗਿਆ। ਇਸ ਤੋਂ ਬਾਅਦ ਜਹਾਜ਼ ਨੂੰ ਅਜਿਹੀ ਥਾਂ 'ਤੇ ਲਿਜਾਇਆ ਗਿਆ ਜਿੱਥੇ ਨੇੜੇ-ਤੇੜੇ ਕੋਈ ਹੋਰ ਜਹਾਜ਼ ਨਹੀਂ ਸੀ। ਇੱਥੇ ਜਹਾਜ਼ ਦੀ ਤਲਾਸ਼ੀ ਲਈ ਗਈ। ਚੰਗੀ ਤਰ੍ਹਾਂ ਖੋਜ ਕਰਨ ਤੋਂ ਬਾਅਦ ਇਹ ਜਾਣਕਾਰੀ ਝੂਠੀ ਨਿਕਲੀ।

### 26 ਜਨਵਰੀ 'ਤੇ ਵਿਸ਼ੇਸ਼

# ਡਾ. ਅੰਬੇਡਕਰ, ਲੋਕਤੰਤਰ ਅਤੇ ਵਰਤਮਾਨ ਸਥਿਤੀ



21 ਮਾਰਚ, 1920 ਨੂੰ ਮਹਾਰਾਸ਼ਟਰ ਦੇ ਕੋਹਲਾਪੁਰ ਵਿਖੇ ਅਛੂਤਾਂ ਦੀ ਇਕ ਵੱਡੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਛਤਰਪਤੀ ਸ਼ਿਵਾ ਜੀ ਦੇ ਵੰਸ਼ਜ ਅਤੇ ਰਿਆਸਤ ਕੋਹਲਾਪੁਰ ਦੇ ਮਹਾਰਾਜਾ ਰਾਜਰਿਸ਼ੀ ਛਤਰਪਤੀ ਸਾਹੂ ਜੀ ਮਹਾਰਾਜ ਨੇ ਅਛੂਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਸੀ:

"ਅੰਬੇਡਕਰ ਦੇ ਰੂਪ ਵਿਚ ਤੁਹਾਡਾ ਮੁਕਤੀਦਾਤਾ ਮਿਲ ਗਿਆ ਹੈ। ਮੈਨੂੰ ਵਿਸ਼ਵਾਸ ਹੈ ਕਿ ਉਹ ਤੁਹਾਡੀ ਗੁਲਾਮੀ ਦੀਆਂ ਜ਼ੰਜੀਰਾਂ ਤੋੜ ਦੇਵੇਗਾ। ਏਨਾ ਹੀ ਨਹੀਂ; ਮੇਰੀ ਜ਼ਮੀਰ ਕਹਿੰਦੀ ਹੈ ਕਿ, ਸਮਾਂ ਆਵੇਗਾ ਜਦੋਂ ਅੰਬੇਡਕਰ ਦਾ ਨਾਂ ਸਮੁੱਚੇ ਭਾਰਤ ਦੇ ਮੋਹਰੀ ਆਗੂ ਵਜੋਂ ਚਮਕੇਗਾ।"

(ਧਨੰਜੇ ਕੀਰ: ਡਾ. ਅੰਬੇਡਕਰ ਲਾਈਫ ਐਂਡ ਮਿਸ਼ਨ, ਪੰ. 42)

ਬਾਬਾ ਸਾਹਿਬ ਡਾ. ਅੰਬੇਡਕਰ ਸਮਾਜਿਕ ਕ੍ਰਾਂਤੀਕਾਰੀ ਸਨ। ਉਹ ਰੂੜ੍ਹੀਵਾਦੀ ਵਿਚਾਰਧਾਰਾ ਦਾ ਤਿਆਗ ਕਰਵਾ ਕੇ, ਸਦੀਆਂ ਤੋਂ ਪੀੜਤ ਅਛੂਤਾਂ ਅੰਦਰ ਇਕ ਨਵੀਂ ਸੋਚ, ਨਵੀਂ ਰੌਸ਼ਨੀ ਅਤੇ ਨਵੇਂ ਆਦਰਸ਼ ਕਾਇਮ ਕਰਨ ਦੀ ਭਾਵਨਾ ਦਾ ਸੰਚਾਰ ਕਰਨਾ ਚਾਹੁੰਦੇ ਸਨ। ਆਪਣੀਆਂ ਬੇਮਿਸਾਲ ਲਿਖਤਾਂ ਅਤੇ ਭਾਸ਼ਣਾਂ ਵਿਚ ਉਨ੍ਹਾਂ ਨੇ ਹਰ ਉਸ ਸਿਧਾਂਤ ਨੂੰ ਰੱਦ ਕੀਤਾ ਹੈ, ਜਿਹੜਾ ਤਰਕ ਦੀ ਕਸੌਟੀ ਤੇ ਪੂਰਾ ਨਹੀਂ ਉੱਤਰਦਾ ਅਤੇ ਜੋ ਨੈਤਿਕਤਾ ਦਾ ਵਿਰੋਧੀ ਹੈ। ਉਨ੍ਹਾਂ ਦਾ ਸੰਘਰਸ਼ ਹਰ ਉਸ ਪੀੜਤ ਵਿਅਕਤੀ ਲਈ ਸੀ ਜੋ ਪੀੜ੍ਹੀ ਦਰ ਪੀੜ੍ਹੀ ਸ਼ਾਸਕ ਅਤੇ ਪੁਰੋਹਿਤ ਵਰਗ ਦੇ ਜੋਰ, ਜਬਰ, ਜ਼ੁਲਮ ਅਤੇ ਅਨਿਆਏ ਦਾ ਸਾਹਮਣਾ ਕਰਦਾ ਆਇਆ ਸੀ। ਉਨ੍ਹਾਂ ਦਾ ਕਥਨ ਸੀ:

(ੳ) ਇਕ ਮਹਾਨ ਸਮਾਜਿਕ ਕ੍ਰਾਂਤੀ ਅਛੂਤਾਂ ਦਾ ਨਿਸ਼ਾਨਾ ਹੈ।

(ਅ) ਇਹ ਕ੍ਰਾਂਤੀ ਮਨੁੱਖ ਦੁਆਰਾ ਸਿਰਜੇ ਜਾਤੀ ਬੰਧਨਾਂ ਨੂੰ ਤੋੜ ਕੇ ਸਭ ਨੂੰ ਤਰੱਕੀ ਦੇ ਬਰਾਬਰ ਅਵਸਰ ਪ੍ਰਦਾਨ ਕਰਨ ਲਈ ਹੈ।

(ੲ) ਅਸੀਂ ਕਾਲੇ ਸਮਿਆਂ ਦੌਰਾਨ ਰਚੇ ਸ਼ਾਸਤਰਾਂ ਸਿਮ੍ਰਿਤੀਆਂ ਦੇ ਹੁਕਮ ਅਤੇ ਬੰਧਨ ਮੰਨਣ ਤੋਂ ਇਨਕਾਰ ਕਰਦੇ ਹੋਏ ਨਿਆਂ ਅਤੇ ਇਨਸਾਨੀ ਰੁਤਬਾ ਚਾਹੁੰਦੇ ਹਾਂ।

(ਵੋਲੀਅਮ 1, ਪੇਜ 16-17)

ਬੇਸ਼ੱਕ ਉਨ੍ਹਾਂ ਨੂੰ ਇਸ ਗੱਲ ਦਾ ਪੂਰਾ ਅਹਿਸਾਸ ਸੀ ਕਿ ਅਧਿਕਾਰਾਂ ਦੀ ਸੁਰੱਖਿਆ ਕੇਵਲ ਕਾਨੂੰਨ ਦੁਆਰਾ ਨਹੀਂ, ਬਲਕਿ ਸਮਾਜ ਦੀ ਸਮਾਜਿਕ ਅਤੇ ਨੈਤਿਕ ਚੇਤਨਾ ਦੁਆਰਾ ਹੁੰਦੀ ਹੈ, ਪਰ ਇਸਦੇ ਬਾਵਜੂਦ ਉਨ੍ਹਾਂ ਦਾ ਦ੍ਰਿੜ੍ਹ ਮੱਤ ਸੀ ਕਿ ਸਮਾਜ ਸੁਧਾਰ ਲਈ ਕਾਨੂੰਨੀ ਵਿਵਸਥਾ ਸਭ ਤੋਂ ਉੱਤਮ ਸਿਧਾਂਤ ਹੈ। ਡਾ. ਅੰਬੇਡਕਰ ਦੀ ਦ੍ਰਿਸ਼ਟੀ ਵਿਚ ਸੁਤੰਤਰਤਾ, ਸਮਾਨਤਾ, ਭਾਈਚਾਰੇ ਅਤੇ ਨਿਆਂ ਉੱਤੇ ਆਧਾਰਿਤ ਸਮਾਜ ਹੀ ਆਦਰਸ਼ਕ ਸਮਾਜ ਹੋ ਸਕਦਾ ਹੈ। ਇਹੀ ਕਾਰਨ ਹੈ ਕਿ ਉਨ੍ਹਾਂ ਨੇ ਭਾਰਤੀ ਸੰਵਿਧਾਨ ਦੇ ਮੁੱਖ ਸ਼ਿਲਪਕਾਰ ਵਜੋਂ ਆਪਣੇ ਕਥਨਾਂ ਵਿਚ ਸਮਾਜਿਕ ਲੋਕਤੰਤਰ ਦੀ ਸਥਾਪਤੀ ਉੱਤੇ ਸਭ ਤੋਂ ਵੱਧ ਜ਼ੋਰ ਦਿੱਤਾ ਹੈ। ਉਨ੍ਹਾਂ ਦਾ ਸਪਸ਼ਟ ਮੱਤ ਸੀ ਕਿ ਸਮਾਜਿਕ ਜੀਵਨ ਵਿਚ ਸੁਤੰਤਰਤਾ, ਸਮਾਨਤਾ ਅਤੇ ਨਿਆਂ ਦੀ ਪ੍ਰਾਪਤੀ ਨੂੰ ਮਾਨਤਾ ਦੇਣਾ ਹੀ ਸਹੀ ਅਰਥਾਂ ਵਿਚ ਲੋਕਤੰਤਰ ਹੈ। ਬਾਬਾ ਸਾਹਿਬ ਦਾ ਕਥਨ ਹੈ:

"ਸਮਾਜ ਹਮੇਸ਼ਾ ਸੁਧਾਰ ਭਾਵ ਪਰਿਵਰਤਨ ਦਾ ਵਿਰੋਧੀ ਹੁੰਦਾ ਹੈ, ਇਸ ਲਈ ਸੁਧਾਰ ਲਿਆਉਣ ਦਾ ਪੱਕਾ ਪ੍ਰਬੰਧ, ਉਸਨੂੰ ਕਾਨੂੰਨ ਦੁਆਰਾ ਸਮਰਥਨ ਦੇਣਾ ਹੈ। ਕਾਨੂੰਨ ਦੀ ਮਦਦ ਤੋਂ ਬਿਨਾਂ ਬੁਰਾਈਆਂ ਦਾ ਸੁਧਾਰ ਕਦੇ ਨਹੀਂ ਹੋ ਸਕਦਾ। ਕਾਨੂੰਨ ਦੀ ਲੋੜ ਅਤਿ ਜ਼ਰੂਰੀ ਤਦ ਹੁੰਦੀ ਹੈ ਜਦੋਂ ਬੁਰਾਈ ਵਿਸ਼ੇਸ਼ ਤੌਰ 'ਤੇ ਧਰਮ ਆਧਾਰਿਤ ਹੋਵੇ। (ਵੋਲੀਅਮ 1, ਪੈਜ 50)



ਡਾ. ਜੀ. ਸੀ. ਕੌਲ
ਐਮ. ਏ., ਪੀ. ਐਚ. ਡੀ.
91-94632-23223

26 ਜਨਵਰੀ ਦਾ ਭਾਰਤ ਦੇ ਆਧੁਨਿਕ ਇਤਿਹਾਸ ਵਿਚ ਵਿਸ਼ੇਸ਼ ਮਹੱਤਵ ਹੈ। 1950 ਈ. ਵਿਚ ਇਸ ਦਿਨ ਸੁਤੰਤਰ ਭਾਰਤ ਨੂੰ ਵਿਸ਼ਵ ਦੇ ਸਭ ਤੋਂ ਵੱਡੇ ਗਣਤੰਤਰ ਵਜੋਂ ਐਲਾਨਿਆ ਗਿਆ ਅਤੇ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੀ ਅਸੀਮ ਘਾਲਣਾ, ਬੇਮਿਸਾਲ ਸੋਚ, ਦੂਰ-ਅੰਦੇਸ਼ੀ, ਲਗਨ ਅਤੇ ਸਖ਼ਤ ਮਿਹਨਤ ਦੁਆਰਾ ਨਿਰਮਿਤ ਭਾਰਤੀ ਸੰਵਿਧਾਨ ਲਾਗੂ ਕੀਤਾ ਗਿਆ। ਸੰਵਿਧਾਨ ਦੀ ਪ੍ਰਸਤਾਵਨਾ ਵਿਚ ਤਥਾਗਤ ਬੁੱਧ ਦੇ ਆਜ਼ਾਦੀ, ਬਰਾਬਰੀ ਅਤੇ ਭਰਾਤ੍ਰੀਭਾਵ ਦੇ ਸਦੀਆਂ ਪੁਰਾਣੇ ਫ਼ਲਸਫ਼ੇ ਨੂੰ ਸ਼ਾਮਲ ਕਰਕੇ ਦੇਸ਼ ਵਿਚ ਸੰਸਦੀ ਲੋਕਤੰਤਰ ਦੀ ਵਿਵਸਥਾ ਸਥਾਪਿਤ ਕੀਤੀ ਗਈ। ਆਕਸਫੋਰਡ ਅਤੇ ਕੈਂਬਰਿਜ ਯੂਨੀਵਰਸਿਟੀਜ਼ ਵਿਚ ਪ੍ਰਾਧਿਆਪਕ ਵਜੋਂ ਕਾਰਜਸ਼ੀਲ ਰਹੇ ਪ੍ਰੋਫੈਸਰ (ਡਾ.) ਅਰਨੈਸਟ ਵਾਰਕਰ ਨੇ 1951 ਵਿਚ ਪ੍ਰਕਾਸ਼ਿਤ ਆਪਣੀ ਖੋਜ ਪੁਸਤਕ 'ਪ੍ਰਿੰਸੀਪਲਜ਼ ਆਫ਼ ਸੋਸ਼ਲ ਐਂਡ ਪੋਲੀਟੀਕਲ ਥਿਊਰੀ" ਨੂੰ ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਨੂੰ ਸਮਰਪਿਤ ਕੀਤਾ ਹੈ। ਇਸ ਪੁਸਤਕ ਦੀ ਭੂਮਿਕਾ ਵਿਚ ਉਹ ਲਿਖਦੇ ਹਨ:

"ਮੇਰੇ ਇਸ ਖੋਜ ਪ੍ਰਬੰਧ ਦਾ ਸਾਰ ਇਸਦੇ ਮੁਖਬੰਦ ਵਿਚ ਸਮਾਇਆ ਹੋਇਆ ਹੈ। ਭਾਰਤੀ ਜਨਤਾ ਦੁਆਰਾ ਆਪਣੀ ਸੁਤੰਤਰਤਾ ਦੀ ਸ਼ੁਰੂਆਤ ਕਰਨ ਤੋਂ ਪਹਿਲਾਂ ਇਨ੍ਹਾਂ ਸਰਬਉੱਤਮ ਮਾਨਵੀ ਮੁੱਲਾਂ ਨੂੰ ਸਵੀਕਾਰ ਕੀਤਾ ਗਿਆ ਹੈ, ਇਸਦਾ ਮੈਨੂੰ ਫਖਰ ਹੈ।"

(ਉਧ੍ਰਿ ਡਾ. ਅੰਬੇਡਕਰ, ਖੰਡ 40, ਪੰਨਾ 138)

ਹਜ਼ਾਰਾਂ ਸਾਲਾਂ ਤੋਂ ਅਨੇਕ ਸੰਪ੍ਰਦਾਇਆਂ, ਫਿਰਕਿਆਂ ਅਤੇ ਜਾਤੀਆਂ ਵਿਚ ਵੰਡੇ ਹੋਏ ਸਮੁੱਚੇ ਭਾਰਤੀਆਂ ਨੂੰ ਇਕ ਲੜੀ ਵਿਚ ਪ੍ਰੋਣ ਲਈ ਡਾ. ਅੰਬੇਡਕਰ ਵੱਲੋਂ ਕੀਤਾ ਗਿਆ ਇਹ ਇਕ ਬੇਮਿਸਾਲ ਕਾਰਨਾਮਾ ਸੀ। ਇਹੀ ਕਾਰਨ ਹੈ ਕਿ ਦੁਨੀਆਂ ਭਰ ਦੇ ਮਹਾਨ ਸਮਾਜ-ਸ਼ਾਸਤ੍ਰੀਆਂ ਅਤੇ ਰਾਜਨੀਤਿਕ ਵਿਗਿਆਨੀਆਂ ਨੇ ਭਾਰਤੀ ਸੰਵਿਧਾਨ ਦੇ ਮੁੱਖ ਸ਼ਿਲਪਕਾਰ ਵਜੋਂ ਡਾ. ਅੰਬੇਡਕਰ ਸਾਹਿਬ ਦੀ ਭਰਪੂਰ ਪ੍ਰਸੰਸਾ ਕੀਤੀ ਹੈ। ਮਹਾਰਾਸ਼ਟਰ ਰਾਜ ਸਾਹਿਤ ਅਤੇ ਸੰਸਕ੍ਰਿਤੀ ਮੰਡਲ, ਮੁੰਬਈ ਦੁਆਰਾ ਡਾ. ਅੰਬੇਡਕਰ ਗੌਰਵ ਗ੍ਰੰਥ ਸੰਮਤੀ ਦੇ ਵਿਦਵਾਨ ਲੇਖਕ ਸ਼ਾਂਤਾਰਾਮ ਸ਼ੰਕਰ ਰੇਗੇ ਵੱਲੋਂ ਪ੍ਰਕਾਸ਼ਿਤ 'ਡਾ. ਅੰਬੇਡਕਰ: ਸੰਵਿਧਾਨ ਦੇ ਸ਼ਿਲਪੀ' ਗ੍ਰੰਥ ਦੇ ਪੰਨਾ 358 ਤੇ ਲਿਖੇ ਇਹ ਸ਼ਬਦ ਵਾਚਣਯੋਗ ਹਨ:

"ਭਾਰਤੀ ਸੰਵਿਧਾਨ ਦੇ ਸ਼ਿਲਪਕਾਰ (ਨਿਰਮਾਤਾ) ਡਾ. ਅੰਬੇਡਕਰ ਦੇ ਕਰਤ੍ਰਿਤਵ (ਕਾਰਜ) ਦਾ ਇਸਤੋਂ ਵੱਡਾ ਸਨਮਾਨ ਹੋਰ ਕੀ ਹੋ ਸਕਦਾ ਹੈ।"

ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਵਿਚ ਦਰਜ ਸੁਤੰਤਰਤਾ, ਸਮਾਨਤਾ ਅਤੇ ਭਾਈਚਾਰਾ, ਇਹ ਤਿੰਨੇ ਸ਼ਬਦ ਬਾਬਾ ਸਾਹਿਬ ਦੀ ਆਪਣੀ ਸਮਾਜਿਕ ਵਿਚਾਰਧਾਰਾ ਦੇ ਪ੍ਰਮੁੱਖ ਤੱਤ ਹਨ। 3 ਅਕਤੂਬਰ 1954 ਨੂੰ ਆਲ ਇੰਡੀਆ ਰੇਡੀਓ ਤੋਂ ਪ੍ਰਕਾਸ਼ਿਤ ਵਾਰਤਾ 'ਮੇਰਾ ਜੀਵਨ ਫਲਸਫਾ' ਵਿਚ ਉਹ ਇਸ ਸੰਦਰਭ ਵਿਚ ਕਹਿੰਦੇ ਹਨ:

"ਮੇਰੀ ਸਮਾਜਿਕ ਫਿਲਾਸਫ਼ੀ, ਤਿੰਨ ਸ਼ਬਦਾਂ ਸੁਤੰਤਰਤਾ, ਸਮਾਨਤਾ ਅਤੇ ਭਾਈਚਾਰੇ ਵਿਚ ਨਿਹਿਤ ਕਹੀ ਜਾ ਸਕਦੀ ਹੈ, ਪਰ ਕੋਈ ਇਹ ਨਾ ਸਮਝੇ ਕਿ ਮੈਂ ਇਹ ਫਲਸਫਾ, ਫਰਾਂਸ ਦੀ ਕ੍ਰਾਂਤੀ ਤੋਂ ਉਧਾਰ ਲਿਆ ਹੈ। ਬਿਲਕੁਲ ਨਹੀਂ। ਮੇਰੇ ਦਰਸ਼ਨ ਦੀਆਂ ਜੜ੍ਹਾਂ ਬੁੱਧ ਧਰਮ ਵਿਚ ਹਨ ਨਾ ਕਿ ਰਾਜਨੀਤੀ ਵਿਗਿਆਨ ਵਿਚ। ਮੈਂ ਇਹ ਫਲਸਫਾ ਆਪਣੇ ਗੁਰੂ ਬੁੱਧ ਦੀਆਂ ਸਿੱਖਿਆਵਾਂ ਵਿਚੋਂ ਪ੍ਰਾਪਤ ਕੀਤਾ ਹੈ।"

(ਵੋਲੀਅਮ 17 (3) ਪੈਜ 503)

25 ਨਵੰਬਰ 1949 ਨੂੰ ਭਾਰਤੀ ਸੰਵਿਧਾਨ ਦੇ ਨਿਰਮਾਣ ਉਪਰੰਤ ਸੰਵਿਧਾਨ ਸਭਾ ਦੀ ਆਖਰੀ ਬੈਠਕ ਵਿਚ ਬਾਬਾ ਸਾਹਿਬ ਡਾ. ਅੰਬੇਡਕਰ ਵੱਲੋਂ ਦਿੱਤੇ ਗਏ ਅਤਿ ਮਹੱਤਵਪੂਰਨ ਅਤੇ ਭਾਵਪੂਰਤ ਭਾਸ਼ਣ ਨੂੰ ਵਾਚਣ, ਸਮਝਣ ਅਤੇ ਭਾਰਤੀ ਲੋਕਤੰਤਰ ਦੀਆਂ ਅਜੋਕੀਆਂ ਸਥਿਤੀਆਂ ਅਧੀਨ ਵਿਚਾਰਨ ਦੀ ਬੇਹੱਦ ਅਵੱਸ਼ਕਤਾ ਹੈ। ਮਾਨਵੀ ਮੁੱਲਾਂ ਅਤੇ ਮਾਨਵਵਾਦੀ ਵਿਚਾਰਧਾਰਾ ਵਿਚ ਵਿਸ਼ਵਾਸ ਰੱਖਣ ਵਾਲੇ ਭਾਰਤੀਆਂ ਸਮੇਤ ਵਿਸ਼ਵ ਦੇ ਹਰ ਮਨੁੱਖ ਦੇ ਜਾਇਜ਼ ਹੱਕਾਂ, ਉਸਦੀ ਸੁਤੰਤਰਤਾ ਅਤੇ ਨਿਆਂ ਆਧਾਰਿਤ ਭਾਈਚਾਰਾ ਕਾਇਮ ਕਰਨ ਦੇ ਸੰਦਰਭ ਵਿਚ ਡਾ. ਅੰਬੇਡਕਰ ਦੇ ਇਸ ਭਾਸ਼ਣ ਦੀ ਸਾਰਥਕਤਾ ਹੀ ਇਸ ਤੱਥ ਵਿਚ ਨਿਹਿਤ ਹੈ ਕਿ ਇਹ ਸਮੁੱਚੇ ਵਿਸ਼ਵ ਨੂੰ 'ਏਕਤਾ' ਦੀ ਲੜੀ ਵਿਚ ਪ੍ਰੋਏ ਜਾਣ ਦੀ ਸਮਰੱਥਾ ਰੱਖਦਾ ਹੈ। ਬਾਬਾ ਸਾਹਿਬ ਦਾ ਇਹ ਭਾਸ਼ਣ ਲੋਕਤੰਤਰ ਵਿਚ ਵਿਸ਼ਵਾਸ ਰੱਖਣ ਵਾਲੇ ਦੁਨੀਆਂ ਭਰ ਦੇ ਦੇਸ਼ਾਂ ਦੇ ਵਿਦਿਅਕ ਅਦਾਰਿਆਂ ਦੀਆਂ ਪਾਠ-ਪੁਸਤਕਾਂ ਵਿਚ ਸਿਲੇਬਸ ਵਜੋਂ ਸ਼ਾਮਲ ਕੀਤੇ ਜਾਣ ਦੀ ਹੈਸੀਅਤ ਰੱਖਦਾ ਹੈ।

ਡਾ. ਅੰਬੇਡਕਰ ਨੇ ਆਪਣੇ ਇਸ ਤਵਾਰੀਖੀ ਭਾਸ਼ਣ ਵਿਚ ਮਨੁੱਖੀ ਹੱਕਾਂ ਦੀ ਸੁਰੱਖਿਆ ਅਤੇ ਲੋਕਤੰਤਰ ਨੂੰ ਸਫਲ ਤੇ ਸਾਰਥਕ ਬਣਾਉਣ ਲਈ ਤਿੰਨ ਪ੍ਰਮੁੱਖ ਨੁਕਤਿਆਂ 'ਤੇ ਜ਼ੋਰ ਦਿੱਤਾ ਹੈ। ਬੇਸ਼ੱਕ 55 ਮਿੰਟ ਦਾ ਇਹ ਭਾਸ਼ਣ ਭਾਰਤੀ ਸੰਵਿਧਾਨ ਦੀ ਸਿਰਜਣਾ ਅਤੇ ਉਸ ਉਪਰੰਤ ਭਾਰਤ ਵਿਚ ਸੰਸਦੀ ਲੋਕਤੰਤਰ ਦੀ ਸਫਲਤਾ ਲਈ ਸਥਾਪਿਤ ਕੀਤੇ ਜਾਣ ਵਾਲੇ ਉੱਚੇ ਆਦਰਸ਼ਾਂ, ਟੀਚਿਆਂ ਅਤੇ ਉਦੇਸ਼ਾਂ ਨਾਲ ਸਬੰਧਤ ਹੈ, ਪਰ ਵਿਸ਼ਵ ਭਰ ਦੇ ਸਮਾਜ-ਸ਼ਾਸਤਰੀ, ਰਾਜਨੀਤਿਕ ਵਿਗਿਆਨੀ, ਸਿਆਸੀ ਆਗੂ ਅਤੇ ਚਿੰਤਕ ਵੀ ਇਸ ਤੋਂ ਸੇਧ ਪ੍ਰਾਪਤ ਕਰ ਸਕਦੇ ਹਨ।

ਬਾਬਾ ਸਾਹਿਬ ਦੇ ਇਸ ਭਾਸ਼ਣ ਵਿਚ ਪਹਿਲਾ ਖਾਸ ਨੁਕਤਾ ਇਹ ਸੀ ਕਿ ਜੇਕਰ ਸਹੀ ਅਰਥਾਂ ਵਿਚ ਭਾਰਤ ਵਿਚ ਜਮਹੂਰੀਅਤ ਕਾਇਮ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਆਪਣੇ ਸਮਾਜਿਕ ਤੇ ਆਰਥਿਕ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਨਾਮਿਲਵਰਤਣ, ਸਿਵਲ ਨਾਫ਼ਰਮਾਨੀ, ਸਤਿਆਗ੍ਰਹਿ ਅਤੇ ਹਿੰਸਾਤਮਕ ਇਨਕਲਾਬ ਦੇ ਢੰਗ-ਤਰੀਕਿਆਂ ਨੂੰ ਤਿਆਗ ਕੇ ਵਿਧਾਨਕ ਤਰੀਕੇ ਅਪਣਾਉਣੇ ਚਾਹੀਦੇ ਹਨ। ਉਨ੍ਹਾਂ ਨੇ ਇਸ ਤੱਥ ਨੂੰ ਵੀ ਸਵੀਕਾਰਿਆ ਕਿ ਜਦੋਂ ਸੰਵਿਧਾਨਕ ਅਵਸਰ ਪ੍ਰਾਪਤ ਨਹੀਂ ਸਨ ਤਦ ਆਰਥਿਕ ਅਤੇ ਸਮਾਜਿਕ ਉਦੇਸ਼ਾਂ ਦੀ ਪੂਰਤੀ ਲਈ ਇਨ੍ਹਾਂ ਗੈਰ-ਵਿਧਾਨਕ ਢੰਗਾਂ ਨੂੰ ਅਪਣਾਉਣ ਦਾ ਸਮਰਥਨ ਕੀਤਾ ਜਾਂਦਾ ਰਿਹਾ ਹੈ। ਪਰ ਹੁਣ ਜਦੋਂ ਸੰਵਿਧਾਨ ਲਾਗੂ ਹੋਣ ਉਪਰੰਤ ਸੰਵਿਧਾਨਕ ਤਰੀਕੇ ਪ੍ਰਾਪਤ ਹੋ ਗਏ ਹਨ, ਤਾਂ ਸਾਨੂੰ ਹੁਣ ਕ੍ਰਾਂਤੀ ਦੇ ਇਸ ਖੂਨੀ ਮਾਰਗ ਦਾ ਤਿਆਗ ਕਰਨਾ ਹੋਵੇਗਾ। ਡਾ. ਅੰਬੇਡਕਰ ਨੇ ਕਿਹਾ:

"ਹੁਣ ਸੰਵਿਧਾਨਕ ਢੰਗ ਪ੍ਰਾਪਤ ਹਨ, ਇਸ ਲਈ ਇਨ੍ਹਾਂ ਗੈਰ-ਸੰਵਿਧਾਨਕ ਢੰਗਾਂ ਦਾ ਸਮਰਥਨ ਨਹੀਂ ਕੀਤਾ ਜਾ ਸਕਦਾ। ਅਸਲ ਵਿਚ ਇਹ ਮਾਰਗ ਅਰਾਜਕਤਾ ਫੈਲਾਉਣ ਦੀ ਸ਼ੁਰੂਆਤ ਹੈ। ਜਿੰਨੀ ਛੇਤੀ ਇਨ੍ਹਾਂ ਨੂੰ ਤਿਆਗ ਦੇਵਾਂਗੇ, ਉਨਾ ਹੀ ਇਹ ਸਾਡੇ ਹਿਤ ਵਿਚ ਹੋਵੇਗਾ।"

(ਵੋਲੀਅਮ 13, ਪੈਜ 1215)

ਗਣਤੰਤਰ ਦੀ ਸਫਲਤਾ ਲਈ ਦੂਸਰੇ ਮਹੱਤਵਪੂਰਨ ਨੁਕਤੇ ਵਿਚ ਬਾਬਾ ਸਾਹਿਬ ਨੇ ਰਾਜਨੀਤੀ ਵਿਚ 'ਹੀਰੋ ਵਰਸ਼ਿਪ' ਅਰਥਾਤ ਨਾਇਕ ਪੂਜਾ ਦਾ ਜ਼ੋਰਦਾਰ ਵਿਰੋਧ ਕੀਤਾ। ਉਨ੍ਹਾਂ ਦਾ ਮੱਤ ਸੀ ਕਿ ਬਾਕੀ ਦੇਸ਼ਾਂ ਦੀ ਤੁਲਨਾ ਵਿਚ ਭਾਰਤ ਨੂੰ ਵਧੇਰੇ ਸਾਵਧਾਨ ਰਹਿਣ ਦੀ ਲੋੜ ਹੈ, ਕਿਉਂਕਿ ਭਾਰਤ ਵਿਚ ਭਗਤੀ ਅਤੇ ਭਗਤੀ ਮਾਰਗ ਵਿਚ ਨਾਇਕ ਪੂਜਾ ਦੂਸਰੇ ਦੇਸ਼ਾਂ ਦੀ ਰਾਜਨੀਤੀ ਦੇ ਮੁਕਾਬਲੇ ਤੇ ਵੱਧ ਹੈ। ਬੇਸ਼ੱਕ ਧਰਮ ਵਿਚ ਭਗਤੀ ਆਤਮਾ ਦੀ ਮੁਕਤੀ ਦਾ ਸਾਧਨ ਹੋ ਸਕਦੀ ਹੈ, ਪਰ ਰਾਜਨੀਤੀ ਵਿਚ ਭਗਤੀ ਜਾਂ ਨਾਇਕ ਪੂਜਾ ਆਵਸ਼ਕ ਤੌਰ 'ਤੇ ਬਰਬਾਦੀ ਅਤੇ ਅੰਤ ਵਿਚ ਤਾਨਾਸ਼ਾਹੀ ਦਾ ਰਸਤਾ ਹੋ ਨਿਬੜੇਗੀ। ਉਨ੍ਹਾਂ ਨੇ ਲੋਕਤੰਤਰ ਨੂੰ ਕਾਇਮ ਰੱਖਣ ਲਈ ਵਿਸ਼ਵ ਪ੍ਰਸਿੱਧ ਰਾਜਨੀਤਿਕ ਵਿਗਿਆਨੀ ਜੌਹਨ ਸਟੂਅਰਟ ਦੇ ਚਿਤਾਵਨੀ ਭਰੇ ਕਥਨ ਦਾ ਹਵਾਲਾ ਦਿੰਦਿਆਂ ਕਿਹਾ:

"ਵਿਅਕਤੀ, ਬੇਸ਼ੱਕ ਕਿੰਨਾ ਵੀ ਮਹਾਨ ਹੋਵੇ, ਲੋਕਾਂ ਨੂੰ ਆਪਣੀ ਆਜ਼ਾਦੀ ਉਸਦੇ ਪੈਰਾਂ ਵਿਚ ਅਰਪਿਤ ਨਹੀਂ ਕਰਨੀ ਚਾਹੀਦੀ। ਇਸਦੇ ਨਾਲ ਉਸ (ਨਾਇਕ) 'ਤੇ ਏਨਾ ਵਿਸ਼ਵਾਸ ਨਾਂ ਕੀਤਾ ਜਾਵੇ ਕਿ ਉਹ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਕੇ ਲੋਕਾਂ ਦੀਆਂ ਸੰਸਥਾਵਾਂ ਨੂੰ ਹੀ ਉਲਟ-ਪੁਲਟ (ਮਲੀਆ ਮੇਟ) ਕਰ ਦੇਣ।"

(ਵੋਲੀਅਮ 13, ਪੇਜ 1215)

ਡਾ. ਅੰਬੇਡਕਰ ਨੇ ਸਫਲ ਲੋਕਤੰਤਰ ਦੀ ਸਥਾਪਤੀ ਲਈ ਤੀਸਰੇ, ਜਿਸ ਮਹੱਤਵਪੂਰਨ ਨੁਕਤੇ 'ਤੇ ਆਪਣੇ ਭਾਸ਼ਣ ਵਿਚ ਜ਼ੋਰ ਦਿੱਤਾ ਉਹ ਸੀ, ਕਿ ਸਾਨੂੰ ਸਿਰਫ਼ ਰਾਜਨੀਤਿਕ ਲੋਕਤੰਤਰ ਨਾਲ ਹੀ ਸੰਤੁਸ਼ਟ ਨਹੀਂ ਹੋ ਜਾਣਾ ਚਾਹੀਦਾ। ਉਨ੍ਹਾਂ ਦਾ ਇਹ ਦ੍ਰਿੜ੍ਹ ਮੱਤ ਸੀ ਕਿ ਰਾਜਨੀਤਿਕ ਲੋਕਤੰਤਰ ਨੂੰ ਸਮਾਜਿਕ ਲੋਕਤੰਤਰ ਵਿਚ ਬਦਲਣਾ ਚਾਹੀਦਾ ਹੈ। ਸਮਾਜਿਕ ਲੋਕਤੰਤਰ ਜੀਵਨ ਦਾ ਅਜਿਹਾ ਮਾਰਗ ਹੈ ਜੋ ਸੁਤੰਤਰਤਾ, ਸਮਾਨਤਾ ਅਤੇ ਭਾਈਚਾਰੇ ਦੇ ਸਿਧਾਂਤਾਂ ਨੂੰ ਸਮਾਜਿਕ ਜੀਵਨ ਵਿਚ ਮਾਨਤਾ ਦਿੰਦਾ ਹੈ। ਸਮਾਜਿਕ ਲੋਕਤੰਤਰ ਤੋਂ ਬਿਨਾਂ ਰਾਜਨੀਤਿਕ ਲੋਕਤੰਤਰ ਅਧੂਰਾ ਹੈ। ਸਮਾਜਿਕ ਲੋਕਤੰਤਰ ਦੇ ਤਿੰਨੇ ਤੱਤ ਇਕ ਦੂਜੇ ਦੇ ਪੂਰਕ ਹਨ, ਇਕ ਦੂਜੇ ਤੋਂ ਵੱਖ ਨਹੀਂ ਹਨ। ਇਨ੍ਹਾਂ ਤਿੰਨਾਂ ਵਿਚੋਂ ਕਿਸੇ ਇਕ ਨੂੰ ਅਲੱਗ ਕਰਨ ਦਾ ਮਤਲਬ ਲੋਕਤੰਤਰ ਦੇ ਉਦੇਸ਼ ਨੂੰ ਹੀ ਤਿਆਗਣਾ ਹੈ। ਬਾਬਾ ਸਾਹਿਬ ਦੀ ਦ੍ਰਿਸ਼ਟੀ ਵਿਚ ਇਨ੍ਹਾਂ ਨੂੰ ਵੱਖ ਕਰਨ ਦਾ ਭਾਵ ਲੋਕਤੰਤਰ ਦੇ ਮੂਲ ਟੀਚਿਆਂ ਦੀ ਹਾਰ ਅਤੇ ਅਸਫਲਤਾ ਹੈ।

ਭਾਰਤੀ ਸਮਾਜ ਦੀ ਸਰੰਚਨਾ ਦਾ ਵਿਸ਼ਲੇਸ਼ਣ ਕਰਦਿਆਂ ਬਾਬਾ ਸਾਹਿਬ ਨੇ ਕਿਹਾ ਕਿ ਸਮਾਜਿਕ ਪੱਧਰ 'ਤੇ ਭਾਰਤੀ ਸਮਾਜ ਦਰਜਾਵਾਰ ਨਾਬਰਾਬਰੀ ਭਾਵ ਅਸਮਾਨਤਾ ਦੇ ਸਿਧਾਂਤ 'ਤੇ ਖੜ੍ਹਾ ਹੈ, ਜਿਸਦਾ ਭਾਵ ਹੈ, ਕੇਵਲ ਕੁਝ ਵਿਅਕਤੀਆਂ ਦੀ ਤਰੱਕੀ ਤੇ ਵਿਕਾਸ ਅਤੇ ਬਾਕੀਆਂ ਦਾ ਪਤਨ। ਕੁਝ ਲੋਕ ਉੱਚੇ ਪੱਧਰ ਅਤੇ ਬਾਕੀ ਨੀਵੇਂ ਪੱਧਰ ਦਾ ਜੀਵਨ ਬਤੀਤ ਕਰ ਰਹੇ ਹਨ। ਆਰਥਿਕ ਖੇਤਰ ਵਿਚ ਕੁਝ ਲੋਕਾਂ ਦੇ ਕੋਲ ਬਹੁਤ ਜ਼ਿਆਦਾ ਸੰਪਤੀ ਹੈ ਅਤੇ ਕਈ ਬੇਹੱਦ ਗਰੀਬੀ ਵਿਚ ਜੀਵਨ ਬਸਰ ਕਰ ਰਹੇ ਹਨ। ਡਾ. ਅੰਬੇਡਕਰ ਨੇ ਸੰਵਿਧਾਨ ਸਭਾ ਦੇ ਮੈਂਬਰਾਂ ਨੂੰ ਇਸ ਆਰਥਿਕ ਵਖਰੇਵੇਂ (ਵਿਸੰਗਤੀ) ਪ੍ਰਤੀ ਚੇਤੰਨ ਕਰਦਿਆਂ ਕਿਹਾ:

(ੳ) "26 ਜਨਵਰੀ 1950 ਨੂੰ ਅਸੀਂ ਵਿਰੋਧਾਭਾਸ਼ੀ ਜੀਵਨ ਵਿਚ ਪ੍ਰਵੇਸ਼ ਕਰ ਰਹੇ ਹੋਵਾਂਗੇ। ਰਾਜਨੀਤੀ ਵਿਚ ਬਰਾਬਰੀ ਹੋਵੇਗੀ ਪਰ ਸਮਾਜਿਕ ਅਤੇ ਆਰਥਿਕ ਜੀਵਨ 'ਚ ਅਸਮਾਨਤਾ ਹੋਵੇਗੀ।"

(ਅ) "ਵਿਰੋਧਭਾਸੀ ਦਾ ਇਹ ਜੀਵਨ ਜੀਣਾ ਅਸੀਂ ਕਦੋਂ ਤੱਕ ਜਾਰੀ ਰੱਖਾਂਗੇ? ਸਮਾਜਿਕ ਅਤੇ ਆਰਥਿਕ ਜੀਵਨ ਵਿਚ ਜੇ ਸਮਾਨਤਾ ਲੰਮੇ ਸਮੇਂ ਤੱਕ ਪ੍ਰਾਪਤ ਨਹੀਂ ਹੁੰਦੀ ਤਾਂ ਸਾਡੇ ਰਾਜਨੀਤਿਕ ਲੋਕਤੰਤਰ ਲਈ ਇਕ ਵੱਡਾ ਖਤਰਾ ਬਣ ਜਾਵੇਗਾ।"

(ਵੋਲੀਅਮ 13, ਪੈਜ 1216)

ਡਾ. ਅੰਬੇਡਕਰ ਇਕ ਦੂਰਅੰਦੇਸ਼ ਸਮਾਜ ਵਿਗਿਆਨੀ ਸਨ। ਉਨ੍ਹਾਂ ਨੂੰ ਇਸ ਗੱਲ ਦਾ ਪੂਰਾ ਅਹਿਸਾਸ ਸੀ ਕਿ ਰਾਜਨੀਤਿਕ ਲੋਕਤੰਤਰ ਵਿਚ ਇਕ ਵਿਅਕਤੀ ਅਤੇ ਇਕ ਵੋਟ ਦਾ ਸਿਧਾਂਤ ਉਸ ਵੇਲੇ ਤੱਕ ਕੋਈ ਮਹੱਤਤਾ ਨਹੀਂ ਰੱਖਦਾ, ਜਦ ਤੱਕ ਸਮਾਜਿਕ ਅਤੇ ਆਰਥਿਕ ਵਿਵਸਥਾ ਅਧੀਨ ਸਮਾਜਿਕ ਜੀਵਨ ਵਿਚ ਇਕ ਵਿਅਕਤੀ, ਇਕ ਕੀਮਤ ਦੇ ਸਿਧਾਂਤ ਨੂੰ ਲਾਗੂ ਨਹੀਂ ਕੀਤਾ ਜਾਂਦਾ। ਸੰਵਿਧਾਨ ਸਭਾ ਦੀ ਆਖਰੀ ਬੈਠਕ ਵਿਚ ਮੈਂਬਰਾਂ ਨੂੰ ਸੁਚੇਤ ਕਰਦਿਆਂ ਉਨ੍ਹਾਂ ਨੇ ਕਿਹਾ ਸੀ ਕਿ 'ਸਾਨੂੰ ਛੇਤੀ ਤੋਂ ਛੇਤੀ ਇਹ ਵਿਰੋਧਾਭਾਸ ਖਤਮ ਕਰਨੇ ਹੋਣਗੇ। ਜੇ ਇਹ ਨਹੀਂ ਹੁੰਦਾ ਤਾਂ ਅਸਮਾਨਤਾ ਤੋਂ ਪੀੜਤ ਲੋਕ ਇਸ ਰਾਜਨੀਤਿਕ ਲੋਕਤੰਤਰ ਦੇ ਢਾਂਚੇ ਨੂੰ ਢਹਿ-ਢੇਰੀ ਕਰ ਦੇਣਗੇ, ਜਿਹੜਾ ਕਿ ਇਸ ਸਭਾ ਨੇ ਬੜੀ ਮਿਹਨਤ ਨਾਲ ਤਿਆਰ ਕੀਤਾ ਹੈ।

ਡਾ. ਅੰਬੇਡਕਰ ਸਾਹਿਬ ਦਾ ਪੂਰਾ ਜੀਵਨ-ਸੰਘਰਸ਼, ਸਦੀਆਂ ਤੋਂ ਪੀੜਤ, ਲਤਾੜੇ ਅਤੇ ਪਿਛਾੜੇ ਹੋਏ ਦੱਬੇ-ਦਰੜੇ ਲੋਕਾਂ ਪ੍ਰਤੀ ਸਮਰਪਿਤ ਸੀ। ਉਨ੍ਹਾਂ ਨੇ ਆਪਣੇ ਇਸ ਇਤਿਹਾਸਕ ਭਾਸ਼ਣ ਦੁਆਰਾ ਇਕ ਵਾਰੀ ਫਿਰ ਬਹੁਗਿਣਤੀ ਪੀੜਤ ਅਤੇ ਸਤਾਏ ਹੋਏ ਭਾਰਤੀਆਂ ਦੇ ਮਸਲਿਆਂ ਨੂੰ ਉਭਾਰਦਿਆਂ ਮੈਂਬਰਾਂ ਨੂੰ ਚੇਤੰਨ ਕਰਨ ਦਾ ਪੁਰਜ਼ੋਰ ਯਤਨ ਕੀਤਾ। ਉਨ੍ਹਾਂ ਨੇ ਕਿਹਾ ਕਿ 'ਲੰਮੇ ਸਮੇਂ ਤਕ ਇਸ ਦੇਸ਼ ਦੀ ਰਾਜਨੀਤਿਕ ਸੱਤਾ ਮੁੱਠੀ ਭਰ ਲੋਕਾਂ ਦੀ ਇਜਾਰੇਦਾਰੀ ਰਹੀ ਹੈ। ਬਹੁਗਿਣਤੀ ਲੋਕ ਕੇਵਲ ਭਾਰ ਢੋਣ ਵਾਲੇ ਜਾਨਵਰ ਹੀ ਨਹੀਂ, ਸਗੋਂ ਸ਼ਿਕਾਰ ਬਣ ਗਏ ਹਨ। ਇਸ ਇਜਾਰੇਦਾਰੀ ਨੇ ਉਨ੍ਹਾਂ ਨੂੰ ਬਿਹਤਰੀ ਦੇ ਸਾਰੇ ਅਵਸਰਾਂ ਤੋਂ ਇਲਾਵਾ ਮਨੁੱਖੀ ਜੀਵਨ ਦੇ ਮਹੱਤਵ ਨੂੰ ਜਾਨਣ ਤੋਂ ਵੀ ਵੰਚਿਤ ਕਰ ਦਿੱਤਾ ਹੈ। ਇਹੀ ਕਾਰਨ ਹੈ ਕਿ ਹੁਣ ਦਲਿਤ ਵਰਗ ਨਹੀਂ ਚਾਹੁੰਦੇ ਕਿ ਉਨ੍ਹਾਂ ਨੂੰ ਹੋਰ ਅਧੀਨ ਰੱਖਿਆ ਜਾਵੇ। ਡਾ. ਅੰਬੇਡਕਰ ਨੇ ਸਪਸ਼ਟ ਕਿਹਾ;

"ਦਲਿਤ ਵਰਗ ਆਪਣੇ ਉਪਰ ਹੋਣ ਵਾਲੇ ਅਤਿਆਚਾਰਾਂ ਅਤੇ ਆਪਣੇ ਉਪਰ ਚਲਾਈ ਜਾਣ ਵਾਲੀ ਹਕੂਮਤ ਤੋਂ ਅੱਕ-ਥੱਕ ਗਏ ਹਨ। ਉਹ ਆਪ ਆਪਣੇ ਸ਼ਾਸਕ ਬਣਨ ਲਈ ਕਾਹਲੇ ਅਤੇ ਬੇਚੈਨ ਹਨ। ਦਲਿਤ ਵਰਗਾਂ ਵਿਚ ਪੈਦਾ ਹੋਏ ਇਸ ਅਹਿਸਾਸ ਨੂੰ ਵਰਗ-ਸੰਘਰਸ਼ ਜਾਂ ਵਰਗ-ਯੁੱਧ ਬਣਨ ਦਾ ਮੌਕਾ ਨਹੀਂ ਦੇਣਾ ਚਾਹੀਦਾ। ਇਸ ਨਾਲ ਘਰ ਦੀ ਵੰਡ ਹੋਵੇਗੀ ਅਤੇ ਉਹ ਦਿਨ ਨਿਸ਼ਚੇ ਹੀ ਤਬਾਹੀ ਦਾ ਹੋਵੇਗਾ।"

(ਵੋਲੀਅਮ 13, ਪੇਜ 1218)

ਆਪਣੇ ਇਸ ਮਹੱਤਵਪੂਰਨ ਭਾਸ਼ਣ ਵਿਚ ਬਾਬਾ ਸਾਹਿਬ ਡਾ. ਅੰਬੇਡਕਰ ਨੇ ਸੰਸਦੀ ਲੋਕਤੰਤਰ ਦੀ ਸਫਲਤਾ ਅਤੇ ਸਹੀ ਅਰਥਾਂ ਵਿਚ 'ਲੋਕਾਂ ਦੀ ਹਕੂਮਤ, ਲੋਕਾਂ ਵੱਲੋਂ ਸਾਜੀ ਅਤੇ ਲੋਕਾਂ ਵਾਸਤੇ ਹਕੂਮਤ' ਕਾਇਮ ਕਰਨ ਦੇ ਲਈ ਉਪਰੋਕਤ ਵਿਸ਼ੇਸ਼ ਮੁੱਦਿਆਂ ਤੇ ਜ਼ੋਰ ਦਿੰਦਿਆਂ ਸੰਵਿਧਾਨ ਸਭਾ ਨੂੰ ਸੁਚੇਤ ਕਰਨ ਦਾ ਯਤਨ ਵੀ ਕੀਤਾ। ਉਨ੍ਹਾਂ ਨੇ ਭਾਰਤ ਵਿਚ ਪ੍ਰਚੱਲਿਤ ਜਾਤੀ-ਪ੍ਰਥਾ ਨੂੰ ਰਾਸ਼ਟਰ ਵਿਰੋਧੀ ਦਰਸਾਉਂਦਿਆਂ ਇਸਨੂੰ ਸਮਾਜਿਕ ਏਕਤਾ ਦੇ ਰਸਤੇ ਵਿਚ ਸਭ ਤੋਂ ਵੱਡੀ ਰੁਕਾਵਟ ਦੱਸਿਆ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਜੇ ਭਾਰਤ ਨੂੰ ਵਾਸਤਵਿਕ ਰੂਪ ਵਿਚ ਇਕ ਰਾਸ਼ਟਰ ਬਣਾਉਣਾ ਹੈ ਤਾਂ ਇਨ੍ਹਾਂ ਸਮੱਸਿਆਵਾਂ ਅਤੇ ਮੁਸ਼ਕਿਲਾਂ ਤੇ ਕਾਬੂ ਪਾਉਣਾ ਹੀ ਪਵੇਗਾ।

ਅੱਜ ਭਾਰਤੀ ਗਣਤੰਤਰ ਦੀ ਸਥਾਪਤੀ ਤੋਂ 74 ਸਾਲ ਉਪਰੰਤ ਵੀ ਬਾਬਾ ਸਾਹਿਬ ਦੀ ਸੋਚ, ਉਨ੍ਹਾਂ ਦਾ ਨਿਰੰਤਰ ਸੰਘਰਸ਼, ਸਖ਼ਤ ਮਿਹਨਤ ਅਤੇ ਉਨ੍ਹਾਂ ਦੇ ਸੁਪਨੇ ਪੂਰੀ ਤਰ੍ਹਾਂ ਸਾਕਾਰ ਨਹੀਂ ਹੋਏ। ਲੋਕਤੰਤਰ 'ਤੇ ਸੰਪ੍ਰਦਾਇਕ ਅਤੇ ਧਨੀ ਲੋਕਾਂ ਦੀ ਇਜਾਰੇਦਾਰੀ ਅਤੇ ਦੇਸ਼ ਦੇ ਸਮੁੱਚੇ ਆਰਥਿਕ ਤੇ ਕੁਦਰਤੀ ਸਰੋਤਾਂ ਉਪਰ ਕੁਝ ਇਕ ਕਾਰਪੋਰੇਟ ਘਰਾਣਿਆਂ ਦਾ ਕਬਜ਼ਾ ਹੋ ਚੁੱਕਾ ਹੈ। ਸਿਆਸੀ ਪਾਰਟੀਆਂ ਨਾਇਕ ਪੂਜਾ ਦੇ ਮੱਕੜਜਾਲ ਵਿਚ ਬੁਰੀ ਤਰ੍ਹਾਂ ਉਲਝ ਕੇ ਰਹਿ ਗਈਆਂ ਹਨ। ਸਮਾਜਿਕ ਅਤੇ ਆਰਥਿਕ ਅਸਮਾਨਤਾ, ਜਾਤ-ਪਾਤ, ਮਜ਼ਹਬੀ ਕੱਟੜਤਾ, ਭਾਈ-ਭਤੀਜਾਵਾਦ, ਭ੍ਰਿਸ਼ਟਾਚਾਰ, ਮਹਿੰਗਾਈ, ਬੇਰੁਜ਼ਗਾਰੀ, ਇਖਲਾਕੀ ਗਿਰਾਵਟ, ਆਪਣੀ ਡਿਊਟੀ ਨਾ ਕਰਨ ਦੀ ਰੁਚੀ, ਨਿੱਜੀ ਸਵਾਰਥ, ਵੋਟ ਦੀ ਰਾਜਨੀਤੀ, ਮਾਇਆ ਦੀ ਭੁੱਖ, ਨਸ਼ਾਖੋਰੀ ਅਤੇ ਲੋਕ ਹਿੱਤਾਂ ਨਾਲੋਂ ਟੁੱਟ ਚੁੱਕੀ ਅਫਸਰਸ਼ਾਹੀ ਅਤੇ ਰਾਜਨੀਤੀ ਨੇ ਆਮ ਆਦਮੀ ਦਾ ਜੀਵਨ ਬਰਬਾਦ ਕਰਕੇ ਰੱਖ ਦਿੱਤਾ ਹੈ।

ਲੋਕਤੰਤਰ ਅਤੇ ਵਿਕਾਸਸ਼ੀਲ ਭਾਰਤ ਦਾ ਫਾਇਦਾ ਆਮ ਆਦਮੀ ਨੂੰ ਪ੍ਰਾਪਤ ਨਹੀਂ ਹੋਇਆ। ਵਰਤਮਾਨ ਗਣਤੰਤਰ ਅਧੀਨ ਆਮ ਆਦਮੀ ਦੇ ਜੀਵਨ ਵਿਚ ਹਾਲੇ ਕੋਈ ਇਨਕਲਾਬੀ ਪਰਿਵਰਤਨ ਨਹੀਂ ਆਇਆ, ਸਗੋਂ ਭਾਰਤ ਵਿਚ ਦਿਨੋਂ-ਦਿਨ ਸੰਸਦੀ ਲੋਕਤੰਤਰ ਦੇ ਪਰਦੇ ਹੇਠ ਤਾਨਾਸ਼ਾਹੀ ਪ੍ਰਭਾਵੀ ਹੋ ਰਹੀ ਹੈ। ਆਮ ਆਦਮੀ ਦੀ ਤਰੱਕੀ ਅਤੇ ਲੋਕਤੰਤਰ ਦੀ ਸਫਲਤਾ ਅਤੇ ਪ੍ਰਾਪਤੀਆਂ ਸਬੰਧੀ ਡਾ. ਅੰਬੇਡਕਰ ਸਾਹਿਬ ਵੱਲੋਂ ਪ੍ਰਗਟਾਏ ਗਏ ਸ਼ੰਕੇ ਅੱਜ ਵੀ ਉਸੇ ਤਰ੍ਹਾਂ ਕਾਇਮ ਹਨ। ਰਾਜਨੀਤਿਕ ਲੋਕਤੰਤਰ ਨੂੰ ਆਰਥਿਕ ਅਤੇ ਸਮਾਜਿਕ ਲੋਕਤੰਤਰ ਵਿਚ ਪਰਿਵਰਤਿਤ ਕਰਨ ਨਾਲ ਹੀ ਆਮ ਆਦਮੀ ਲਈ ਇਕ ਨਵੇਂ ਯੁੱਗ ਦੀ ਸ਼ੁਰੂਆਤ ਹੋ ਸਕਦੀ ਹੈ, ਜਿਸਦੀ ਤੁਰੰਤ ਅਵੱਸ਼ਕਤਾ ਹੈ। 26 ਜਨਵਰੀ ਅਰਥਾਤ ਗਣਤੰਤਰ ਦਿਵਸ ਤਦ ਹੀ ਸਾਰਥਕ ਹੋ ਸਕਦਾ ਹੈ ਜਦ ਹਰੇਕ ਭਾਰਤੀ ਨਾਗਰਿਕ, ਸਹੀ ਅਰਥਾਂ ਵਿਚ ਵਿਵਹਾਰਕ ਤੌਰ 'ਤੇ ਲੋਕਤੰਤਰ ਅਧੀਨ ਬਰਾਬਰ ਵਿਕਾਸ ਅਤੇ ਖੁਸ਼ਹਾਲੀ ਦਾ ਆਨੰਦ ਮਾਨਣ ਦੇ ਯੋਗ ਹੋਵੇਗਾ।

# ਬਸੰਤ ਪੰਚਮੀ ਬਨਾਮ ਬਸੰਤ ਰੁੱਤ



ਸਰਵਜੀਤ ਸਿੰਘ ਸੈਕਰਾਮੈਂਟੋ
sarbjits@gmail.com

ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਮੁਤਾਬਕ, ਚੰਦ ਦੇ ਮਾਘ ਮਹੀਨੇ ਦੀ ਸੁਦੀ ਪੰਚਮੀ ਨੂੰ ਮਨਾਏ ਜਾਣ ਵਾਲੇ ਤਿਉਹਾਰ ਨੂੰ ਬਸੰਤ ਪੰਚਮੀ ਕਿਹਾ ਜਾਂਦਾ ਹੈ। ਭਾਵੇ ਇਸ ਨੂੰ ਬਸੰਤ ਰੁੱਤ ਦੀ ਆਰੰਭ ਮੰਨਿਆ ਜਾਂਦਾ ਹੈ ਪਰ ਇਸ ਦਾ ਬਸੰਤ ਰੁੱਤ ਨਾਲ ਕੋਈ ਸਬੰਧ ਨਹੀਂ ਹੈ। ਰੁੱਤਾਂ ਦਾ ਸਬੰਧ ਸੂਰਜ ਨਾਲ ਹੈ ਨਾ ਕਿ ਚੰਦ ਨਾਲ। ਰੁੱਤ ਸਦਾ ਹੀ ਇਕ ਖਾਸ ਸਮੇਂ ਤੇ ਆਰੰਭ ਹੁੰਦੀ ਹੈ, ਪਰ ਬਸੰਤ ਪੰਚਮੀ ਹਰ ਸਾਲ ਵੱਖ-ਵੱਖ ਸਮੇਂ ਤੇ ਆਉਂਦੀ ਹੈ। ਜਿਵੇ ਪਿਛਲੇ ਸਾਲ (2022 ਈ:) 5 ਫਰਵਰੀ ਅਤੇ ਇਸ ਸਾਲ (2023 ਈ:) ਵਿਚ 26 ਜਨਵਰੀ ਨੂੰ ਅਤੇ ਅਗਲੇ ਸਾਲ ਭਾਵ 2024 ਵਿੱਚ 14 ਫਰਵਰੀ ਨੂੰ ਆਵੇਗੀ। ਬਸੰਤ ਪੰਚਮੀ ਆਮ ਤੌਰ ਤੇ 20 ਜਨਵਰੀ ਤੋਂ 17 ਫਰਵਰੀ ਦੇ ਦਰਮਿਆਨ ਆਉਂਦੀ ਹੈ।

ਬਸੰਤ ਪੰਚਮੀ, ਜਿਸ ਨੂੰ 'ਸ੍ਰੀ ਪੰਚਮੀ' ਜਾਂ 'ਸਰਸਵਤੀ ਪੂਜਾ' ਵੀ ਕਿਹਾ ਜਾਂਦਾ ਹੈ, ਦਾ ਸਬੰਧ ਦੇਵੀ ਸਰਸਵਤੀ ਨਾਲ ਮੰਨਿਆ ਜਾਂਦਾ ਹੈ। ਸਰਸਵਤੀ ਹਿੰਦੂ ਮੱਤ ਵਿੱਚ ਗਿਆਨ, ਸੰਗੀਤ ਅਤੇ ਕਲਾ ਦੀ ਦੇਵੀ ਮੰਨੀ ਜਾਂਦੀ ਹੈ। ਬਸੰਤ ਪੰਚਮੀ ਨੂੰ ਦੇਵੀ ਸਰਸਵਤੀ ਦਾ ਜਨਮ ਦਿਨ ਮਨਾਇਆ ਜਾਂਦਾ ਹੈ। 'ਹਿੰਦੂ ਮਿਥਿਹਾਸ ਕੋਸ਼' ਵਿੱਚ ਦਰਜ ਕਹਾਣੀ ਮੁਤਾਬਕ ਸਰਸਵਤੀ ਨੂੰ ਬ੍ਰਹਮਾ ਦੀ ਪਤਨੀ ਮੰਨਿਆ ਗਿਆ ਹੈ। ਭਾਰਤ ਦੇ ਕਈ ਹਿੱਸਿਆਂ ਵਿੱਚ ਬਹੁਤ ਹੀ ਉਤਸ਼ਾਹ ਅਤੇ ਖੁਸ਼ੀ ਨਾਲ ਬਸੰਤ ਪੰਚਮੀ ਦੇ ਦਿਨ ਸਰਸਵਤੀ ਦੀ ਪੂਜਾ ਕੀਤੀ ਜਾਂਦੀ ਹੈ।ਇਸ ਦਿਨ ਦੇ ਇਸ਼ਨਾਨ ਅਤੇ ਦਾਨ ਦਾ ਹਿੰਦੂ ਧਰਮ ਵਿੱਚ ਬਹੁਤ ਮਹੱਤਵ ਮੰਨਿਆ ਜਾਂਦਾ ਹੈ।ਬਸੰਤ ਪੰਚਮੀ ਵਾਲੇ ਦਿਨ ਕਈ ਥਾਂਵਾਂ ਉੱਤੇ ਸੰਗੀਤ ਸੰਮੇਲਨ ਅਤੇ ਕਵੀ-ਦਰਬਾਰ ਵੀ ਕਰਵਾਏ ਜਾਂਦੇ ਹਨ। ਜਿਥੇ ਇਸ ਦਿਨ ਪਤੰਗ ਬਾਜ਼ੀ ਦੇ ਮੁਕਾਬਲੇ ਹੁੰਦੇ ਹਨ, ਉਥੇ ਹੀ ਅੱਜ-ਕੱਲ ਚੀਨੀ ਡੋਰ ਕਾਰਨ ਦਰਦਨਾਕ ਹਾਦਸੇ ਵੀ ਵਾਪਰਦੇ ਹਨ।

ਬਸੰਤ, ਧਰਤੀ ਦੇ ਸੂਰਜ ਦੁਵਾਲੇ ਇਕ ਚੱਕਰ, ਜਿਸ ਨੂੰ ਸਾਲ ਕਹਿੰਦੇ ਹਨ, ਵਿੱਚ ਚਾਰ ਰੁੱਤਾਂ ਵਿੱਚੋਂ ਸਭ ਤੋਂ ਸੁਹਾਵਣੀ ਰੁੱਤ। ਆਪਣੇ ਦੇਸ਼ ਵਿਚ ਮੰਨੀਆਂ ਜਾਂਦੀਆਂ 6 ਰੁੱਤਾਂ ਵਿੱਚੋਂ ਇਕ ਰੁੱਤ, ਜੋ ਨਵੇ ਸਾਲ ਦੇ ਆਰੰਭ ਵਿਚ ਆਉਂਦੀ ਹੈ। ਬਸੰਤ ਰੁੱਤ ਨੂੰ ਪ੍ਰਕਿਰਤੀ ਵਿੱਚ ਇੱਕ ਨਵੀਂ ਚੇਤਨਾ ਦਾ ਸੂਚਕ ਮੰਨਿਆ ਜਾਂਦਾ ਹੈ, ਕਿਉਂਕਿ ਇਸ ਰੁੱਤ ਦੀ ਦਸਤਕ ਤੋਂ ਪਹਿਲਾਂ ਕੜਾਕੇ ਦੀ ਪੈ ਰਹੀ ਠੰਢ ਦਾ ਪ੍ਰਭਾਵ ਘਟ ਜਾਂਦਾ ਹੈ, ਦਰਖ਼ਤਾਂ ਦੀਆਂ ਨਵੀਆਂ ਕਰੂੰਬਲਾਂ ਫੁਟ ਪੈਂਦੀਆਂ ਹਨ। ਬਸੰਤ ਰੁੱਤ ਦੀ ਆਮਦ ਸਰਦ ਰੁੱਤ ਦੇ ਖਤਮ ਹੋਣ ਦੀ ਸੂਚਕ ਵੀ ਮੰਨੀ ਜਾਂਦੀ ਹੈ। ਪੰਜਾਬੀ ਅਖਾਣ ਵੀ ਇਸ ਦੀ ਤਸਦੀਕ ਕਰਦਾ ਹੈ। "ਆਈ ਬਸੰਤ-ਪਾਲਾ ਉਡੰਤ"।

ਉੱਤਰੀ ਅਰਧ ਗੋਲੇ ਵਿੱਚ, ਜਦੋਂ ਦਿਨ ਅਤੇ ਰਾਤ ਬਰਾਬਰ (ਅਰਚਹ ਓਤੁਨਿੋਣ) ਹੁੰਦੇ ਹਨ, ਉਸ ਦਿਨਤੋਂ ਬਸੰਤ ਰੁੱਤ ਦਾ ਆਰੰਭ ਮੰਨਿਆ ਜਾਂਦਾ ਹੈ।ਜੇ ਸਾਲ ਦੀ ਵੰਡ ਚਾਰ ਰੁੱਤਾਂ ਵਿੱਚ ਕੀਤੀ ਜਾਵੇ ਤਾਂ ਇਸ ਤਰ੍ਹਾਂ ਹੁੰਦੀ ਹੈ। ਬਸੰਤ 20 ਮਾਰਚ ਤੋਂ 20 ਜੂਨ, ਗਰਮੀ 21 ਜੂਨ ਤੋਂ 21 ਸਤੰਬਰ, ਪਤਝੜ 22 ਸਤੰਬਰ ਤੋਂ 20 ਦਸੰਬਰ ਅਤੇ ਸਿਆਲ 21 ਦਸੰਬਰ ਤੋਂ 19 ਮਾਰਚ।ਆਪਣੇ ਦੇਸ਼ ਵਿੱਚ ਸਾਲ ਵੀ ਵੰਡ 6 ਰੁੱਤਾਂ ਵਿੱਚ ਕੀਤੀ ਗਈ ਹੈ। ਗੁਰਬਾਣੀ ਵਿੱਚ ਵੀ 6 ਰੁੱਤਾਂ ਦਾ ਹੀ ਜਿਕਰ ਹੈ। ਉਸ ਮੁਤਾਬਕ ਚੇਤ-ਵੈਸਾਖ ਬਸੰਤ ਰੁੱਤ, ਜੇਠ- ਹਾੜ ਗ੍ਰੀਖਮ ਰੁੱਤ, ਸਾਵਣ-ਭਾਦੋਂ ਬਰਸੁ ਰੁੱਤ, ਅੱਸੂ-ਕੱਤਕ ਸਰਦ ਰੁੱਤ, ਮੱਘਰ-ਪੋਹ ਸਿਸੀਅਰ ਰੁੱਤ ਅਤੇ ਮਾਘ-ਫੱਗਣ ਹਿਮਕਰ ਰੁੱਤ।




ਇਕ ਹੋਰ ਵਸੀਲੇ ਮੁਤਾਬਕ 6 ਰੁੱਤਾਂ ਦੀ ਵੰਡ ਇਉਂ ਕੀਤੀ ਗਈ ਹੈ, ਬਸੰਤ ਰੁੱਤ (Spirng) 18 ਫਰਵਰੀ ਤੋਂ 20 ਅਪ੍ਰੈਲ, ਗਰਮੀ (Summer) 21 ਅਪ੍ਰੈਲ ਤੋਂ 20 ਜੂਨ, ਬਰਸਾਤ (Monsoon) 21 ਜੂਨ ਤੋਂ 22 ਅਗਸਤ, ਪੱਤਝੜ (Autumn) 23 ਅਗਸਤ ਤੋਂ 22 ਅਕਤੂਬਰ, ਸਰਦ ਰੁੱਤ (Preiwnter) 23 ਅਕਤੂਬਰ ਤੋਂ 20 ਦਸੰਬਰ ਅਤੇ ਹਿਮਕਰ ਭਾਵ ਅੱਤ ਦੀ ਸਰਦੀ (Winter) 21 ਦਸੰਬਰ ਤੋਂ 17 ਫਰਵਰੀ।

ਗਰੈਗੋਰੀਅਨ ਕੈਲੰਡਰ (Troipcal year) ਜਿਸ ਦੇ ਸਾਲ ਦੀ ਲੰਬਾਈ ਧਰਤੀ ਦੇ ਸੂਰਜ ਦੁਵਾਲੇ ਇਕ ਚੱਕਰ ਦੇ ਸਮੇਂ ਬਰਾਬਰ ਹੈ, ਮੁਤਾਬਕ ਕੀਤੀ ਗਈ ਉਪ੍ਰੋਕਤ ਵੰਡ ਜਿਆਦਾ ਢੁੱਕਵੀਂ ਹੈ। ਬਾਣੀ ਦੀ ਪਾਵਨ ਪੰਗਤੀ "ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ" (ਪੰਨਾ1108) ਵਿੱਚ"ਰਥੁ ਫਿਰੇ" ਦਾ ਭਾਵ ਸੂਰਜ ਦੇ ਰੱਥ ਤੋਂ ਹੈ। ਜਦੋਂ ਸੂਰਜ ਉਤਰਾਇਣ ਨੂੰ ਜਾ ਰਿਹਾ ਹੁੰਦਾ ਹੈ ਉੱਤਰੀ ਅਰਧ ਗੋਲੇ ਵਿੱਚ ਦਿਨ ਵੱਡਾ ਹੋ ਰਿਹਾ ਹੁੰਦਾ ਹੈ, ਤਾਂ 21 ਜੂਨ ਨੂੰ ਦਿਨ ਵੱਧਣੋ ਰੁਕ ਜਾਂਦਾ ਹੈ ਅਤੇ ਸੂਰਜ ਦਖਰਾਇਣ ਨੂੰ ਮੁੜ ਪੈਂਦਾ ਹੈ। ਉਸ ਦਿਨ ਤੋਂ ਉੱਤਰੀ ਭਾਰਤ ਵਿਚ ਵਰਖਾ ਰੁੱਤ ਦਾ ਆਰੰਭ ਮੰਨਿਆ ਜਾਂਦਾ ਹੈ। ਗੁਰੂ ਨਾਨਕ ਸਾਹਿਬ ਜੀ ਦੇ ਸਮੇਂ ਇਹ ਘਟਨਾ 16 ਹਾੜ ਨੂੰ ਵਾਪਰਦੀ ਸੀ। ਬਿਕ੍ਰਮੀ ਕੈਲੰਡਰ ਦੇ ਸਾਲ ਦੀ ਲੰਬਾਈ, ਅਸਲ ਸਾਲ ਦੀ ਲੰਬਾਈ ਵਿੱਚ ਅੰਤਰ ਹੋਣ ਕਾਰਨ ਹੁਣ ਇਹ ਘਟਨਾ 7 ਹਾੜ ਨੂੰ ਵਾਪਰਦੀ ਹੈ। ਜੇ ਅਜੇ ਵੀ ਸਾਲ ਦੀ ਲੰਬਾਈ ਨੂੰ ਨਾ ਸੋਧਿਆ ਗਿਆ ਤਾਂ ਇਹ ਫਰਕ ਵੱਧਦਾ ਹੀ ਜਾਵੇਗਾ।

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦਾ ਤਾਂ ਆਲਮ ਹੀ ਨਿਰਾਲਾ ਹੈ। ਬਾਣੀ ਵਿੱਚ ਦਰਜ ਬਸੰਤ ਰਾਗ ਤੇ ਅਧਾਰਿਤ 'ਬਸੰਤ ਦੀ ਚੌਕੀ' ਦਾ ਆਰੰਭ ਸ਼੍ਰੀ ਦਰਬਾਰ ਸਾਹਿਬ ਵਿਖੇ ਲੋਹੜੀ ਵਾਲੀ ਰਾਤ ਅਤੇ ਬਾਕੀ ਗੁਰੂ ਅਸਥਾਨਾਂ 'ਤੇ ਮਾਘ ਦੀ ਸੰਗਰਾਂਦ ਤੋਂ ਕੀਤਾ ਜਾਂਦਾ ਹੈ, ਅਤੇ ਸਮਾਪਤੀ ਹੌਲੇ ਮਹੱਲੇ 'ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਕੀਤੀ ਜਾਂਦੀ ਹੈ। ਇਸ ਮੁਤਾਬਕ ਤਾਂ ਬਸੰਤ ਰੁੱਤ ਦਾ ਆਰੰਭ ਸੂਰਜੀ ਪੋਹ ਦੇ ਆਖਰੀ ਦਿਨ ਜਾਂ ਮਾਘ ਦੀ ਸੰਗਰਾਂਦ ਵਾਲੇ ਦਿਨ ਤੋਂ ਅਤੇ ਸਮਾਪਤੀ ਚੇਤ ਵਦੀ ਏਕਮ, ਭਾਵ ਹੋਲੇ ਮਹੱਲੇ ਵਾਲੇ ਦਿਨ ਹੁੰਦੀ ਹੈ। ਚੰਦ ਦੀ ਤਾਰੀਖ ਹੋਣ ਕਾਰਨ ਹੋਲੇ ਦੀ ਤਾਰੀਖ ਵੀ ਹਰ ਸਾਲ ਬਦਲ ਜਾਂਦੀ ਹੈ। ਜੋ ਹਰ ਸਾਲ ਤਕਰੀਬਨ 1 ਮਾਰਚ ਤੋਂ 28 ਮਾਰਚ ਦੇ ਦਰਮਿਆਨ ਆਉਂਦੀ ਹੈ। ਜੇ ਇਸ ਨੂੰ ਮੰਨ ਲਿਆ ਜਾਵੇ ਤਾਂ ਗ੍ਰੀਖਮ ਰੁੱਤ ਦਾ ਆਰੰਭ ਵੀ 1 ਮਾਰਚ ਤੋਂ 28 ਮਾਰਚ ਦੇ ਦਰਮਿਆਨ ਹੀ ਹੋਵੇਗਾ।

ਜਿਵੇ ਕਿ ਉੱਪਰ ਵੇਖ ਆਏ ਹਾਂ, ਇਹ ਮੰਨਣ ਯੋਗ ਨਹੀਂ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ, ਰਾਮਕਲੀ ਰਾਗ ਵਿਚ ਪੰਚਮ ਪਾਤਸ਼ਾਹ ਜੀ ਵੱਲੋਂ ਉਚਾਰੀ ਗਈ ਪਾਵਨ ਪੰਗਤੀ, "ਰੁਤਿ ਸਰਸ ਬਸੰਤ ਮਾਹ ਚੇਤੁ ਵੈਸਾਖ ਸੁਖ ਮਾਸੁ ਜੀਉ" (ਪੰਨਾ927) ਵਿੱਚ ਸਪੱਸ਼ਟ ਤੌਰ ਤੇ ਦਰਜ ਹੈ ਕਿ ਬਸੰਤ ਦੀ ਰੁਤ ਚੇਤ-ਵੈਸਾਖ ਦੇ ਮਹੀਨਿਆਂ ਵਿੱਚ ਹੁੰਦੀ ਹੈ। ਫੇਰ ਪਤਾ ਨਹੀਂ ਕਿਉ ਸ਼੍ਰੋਮਣੀ ਕਮੇਟੀ ਬਸੰਤ ਰਾਗ ਦਾ ਗਾਇਨ 30 ਪੋਹ ਜਾਂ ਇਕ ਮਾਘ ਤੋਂ ਆਰੰਭ ਕਰਦੀ ਹੈ ਅਤੇ ਸਮਾਪਤੀ 18 ਫੱਗਣ ਤੋਂ 15 ਚੇਤ ਦਰਮਿਆਨ ਕਰਦੀ ਹੈ। ਪਰ, ਜਦੋਂ ਅਸੀਂ ਗੁਰਬਾਣੀ ਪੜ੍ਹਦੇ ਹਾਂ ਤਾਂ ਮਾਘ ਅਤੇ ਫੱਗਣ ਦੇ ਮਹੀਨੇ ਵਿੱਚ ਹਿਮਕਰ ਰੁੱਤ ਭਾਵ ਬਰਫ਼ਾਨੀ ਰੁੱਤ ਹੁੰਦੀ ਹੈ। "ਹਿਮਕਰ ਰੁਤਿਮਨਿਭਾਵਤੀਮਾਘੁਫਗਣੁ ਗੁਣਵੰਤ ਜੀਉ" (ਪੰਨਾ929)

"ਬਸੰਤ ਦੀ ਚੌਕੀ" ਮਾਘ-ਫੱਗਣ ਦੇ ਮਹੀਨੇ ਲਾਉਣ ਦੀ ਮਰਯਾਦਾ ਕਦੋਂ ਅਤੇ ਕਿਸ ਨੇ ਬਣਾਈ ਹੈ? ਇਹ ਸਵਾਲ, ਸਕੱਤਰ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਸਕੱਤਰ ਧਰਮ ਪ੍ਰਚਾਰ ਕਮੇਟੀ, ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਸਾਹਿਬਾਨ, ਕਈ ਹਜ਼ੂਰੀ ਰਾਗੀ ਜਥਿਆਂ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਿਦਵਾਨਾਂ ਨੂੰ ਪੁੱਛ ਚੁੱਕੇ ਹਾਂ। ਕਿਸੇ ਨੇ ਵੀ ਤਸੱਲੀ ਬਖ਼ਸ਼ ਜਵਾਬ ਨਹੀ ਦਿੱਤਾ। ਖੈਰ, ਉਪ੍ਰੋਕਤ ਚਰਚਾ ਤੋਂ ਸਹਿਜੇ ਹੀ ਇਹ ਨਤੀਜਾ ਕੱਢਿਆ ਜਾ ਸਕਦਾ ਹੈ ਕਿ ਰੁੱਤਾਂ ਦਾ ਸਬੰਧ ਸੂਰਜ ਦੁਵਾਲੇ ਧਰਤੀ ਦੀ ਚਾਲ ਨਾਲ ਹੈ ਨਾ ਕਿ ਧਰਤੀ ਦੁਵਾਲੇ ਚੰਦ ਦੀ ਚਾਲ ਨਾਲ।

ਧਰਤੀ ਤੇ ਰੁੱਤਾਂ ਦੀ ਅਦਲਾ ਬਦਲੀ ਰੁੱਤੀ ਸਾਲ (Troipcal Year) ਦੀ ਲੰਬਾਈ ਮੁਤਾਬਕ ਹੁੰਦੀ ਹੈ,ਨਾ ਕਿ ਬਿਕ੍ਰਮੀ ਸਾਲ (Sidereal Year) ਮੁਤਾਬਕ। ਬਸੰਤ ਪੰਚਮੀ, ਸਰਸਵਤੀ ਦੀ ਪੂਜਾ ਦਾ ਤਿਉਹਾਰ ਹੈ ਨਾ ਕਿ ਬਸੰਤ ਰੁੱਤ ਦਾ ਆਰੰਭ। ਗੁਰਬਾਣੀ ਮੁਤਾਬਕ ਬਸੰਤ ਰੁੱਤ ਚੇਤ ਅਤੇ ਵੈਸਾਖ ਦੇ ਮਹੀਨੇ ਵਿੱਚ ਹੁੰਦੀ ਹੈ ਨਾਕਿ ਮਾਘ-ਫੱਗਣ ਵਿੱਚ,ਜਦੋਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ "ਬਸੰਤ ਦੀ ਚੌਕੀ" ਭਾਵ ਬਸੰਤ ਰਾਗ ਦਾ ਕੀਰਤਨ ਕੀਤਾ ਜਾਂਦਾ ਹੈ।

# 26 ਜਨਵਰੀ ਨੂੰ ਦਿਲਬਰ ਜੀ ਦੀ ਸਾਲਾਨਾ ਬਰਸੀ 'ਤੇ ਵਿਸ਼ੇਸ਼!





ਤਰਲੋਚਨ ਸਿੰਘ ਦੁਪਾਲ ਪੁਰ
91-78146-92724

ਹਰੇਕ ਸਾਲ 26 ਜਨਵਰੀ ਦੇ ਗਣਤੰਤਰ ਦਿਵਸ ਮੌਕੇ ਜਾਂ 15 ਅਗਸਤ ਵਾਲ਼ੇ ਦਿਨ ਮੁੱਖ ਰੂਪ ਵਿੱਚ ਰਾਜਧਾਨੀ ਦਿੱਲੀ ਵਿਚ ਜਸ਼ਨੇ-ਆਜ਼ਾਦੀ ਮਨਾਏ ਜਾਂਦੇ ਹਨ। ਹੋਰ ਕਈ ਤਰਾਂ ਦੇ ਪ੍ਰੋਗਰਾਮਾਂ ਦੇ ਨਾਲ-ਨਾਲ ਆਲ ਇੰਡੀਆ ਰੇਡੀਓ ਤੋਂ ਇਕ ਗੀਤ ਵਾਰ-ਵਾਰ ਸੁਣਾਇਆ ਜਾਂਦਾ ਹੈ-

'ਸਾਬਰਮਤੀ ਕੇ ਸੰਤ ਤੂੰ ਨੇ ਕਰ ਦੀਆ ਕਮਾਲ।
ਲੇ ਦੀ ਹਮੇਂ ਆਜ਼ਾਦੀ, ਬਿਨਾ ਖੜਗ ਬਿਨਾਂ ਢਾਲ।'

ਇਹ ਸਤਰਾਂ ਸੁਣ ਕੇ ਭਾਰਤੀ ਜੰਗੇ-ਆਜ਼ਾਦੀ ਇਤਿਹਾਸ ਦੀ ਚੱਲਵੀਂ ਜਿਹੀ ਜਾਣਕਾਰੀ ਰੱਖਣ ਵਾਲ਼ੇ ਕਿਸੇ ਵੀ ਵਿਅਕਤੀ ਦਾ ਸਿਰ ਚਕਰਾ ਜਾਂਦਾ ਹੈ। ਆਜ਼ਾਦੀ ਦੀ ਕੀਮਤ ਜਿਨ੍ਹਨੂੰ ਚੁਕਾਉਣੀ ਪਈ ਇਹ ਤਾਂ ਉਹੀ ਦੱਸ ਸਕਦੇ ਹਨ ਜਿਨ੍ਹਾਂ ਫਾਂਸੀਆਂ ਦੇ ਰਸੇ ਚੁੰਮੇ, ਕਾਲੇ ਪਾਣੀਆਂ ਦੀਆਂ ਕੁੰਭੀ ਨਰਕ ਵਰਗੀਆਂ ਸਜ਼ਾਵਾਂ ਭੋਗੀਆਂ,ਘਰ-ਘਾਟ ਜਾਇਦਾਦਾਂ ਕੁਰਕ ਕਰਵਾਈਆਂ ਅਤੇ ਅੰਗਰੇਜ ਪੁਲਿਸ ਦੇ ਤਸੀਹੇ ਝੱਲੇ। ਲੇਕਿਨ ਬਹੁਗਿਣਤੀ ਵੱਲੋਂ ਹਿੱਕ ਦੇ ਜ਼ੋਰ ਨਾਲ ਹੀ ਇਤਿਹਾਸ ਨੂੰ ਪੁੱਠਾ ਗੇੜਾ ਦੇਣ ਦਾ ਬਦਨੀਤੀ ਭਰਿਆ ਯਤਨ ਕੀਤਾ ਗਿਆ ਅਤੇ ਕੀਤਾ ਜਾ ਰਿਹਾ ਹੈ।ਕਲਗੀਧਰ ਦੇ ਜਾਏ, ਜਿਨ੍ਹਾਂ ਨੂੰ ਗੁੜ੍ਹਤੀ ਹੀ ਅਣਖ ਤੇ ਆਜ਼ਾਦੀ ਵਾਲ਼ੀ ਦਿੱਤੀ ਗਈ, ਜਿਨ੍ਹਾਂ ਸਿਰਾਂ'ਤੇ ਕਫ਼ਨ ਬੰਨ੍ਹ ਕੇ ਆਜ਼ਾਦੀ ਸੰਗਰਾਮ ਲੜਿਆ, ਉਨ੍ਹਾਂ ਸੂਰਮਿਆਂ ਦੇ ਇਤਿਹਾਸ, ਵੀਰ ਗਾਥਾਵਾਂ ਉੱਤੇ ਲਿੱਪਾ-ਪੋਚੀ ਕਰ ਕੇ, ਗੁਮਨਾਮ ਜਿਹੇ 'ਸੂਰਮਿਆਂ' ਦੀਆਂ ਫ਼ਿਲਮਾਂ ਬਣਾਈਆਂ ਜਾ ਰਹੀਆਂ ਹਨ। ਕੈਨੇਡਾ ਅਮਰੀਕਾ ਗਏ ਗੁਰੂ ਕੇ ਲਾਲ ਗ਼ਦਰੀ ਬਾਬੇ, ਜਿਨ੍ਹਾਂ ਨੇ ਪ੍ਰਵਾਸੀ ਸੁੱਖਾਂ ਨੂੰ ਲੱਤ ਮਾਰਦਿਆਂ ਦੇਸ਼ ਜਾ ਕੇ ਆਜ਼ਾਦੀ ਦੀ ਚਿੰਗਾੜੀ ਮਘਾਈ, ਅੱਜ ਉਨ੍ਹਾਂ ਨੂੰ ਦੇਸ਼ ਭਗਤਾਂ ਦੀ ਸੂਚੀ ਵਿੱਚ ਹੀ ਥਾਂ ਨਹੀਂ ਦਿੱਤਾ ਜਾ ਰਿਹਾ!

ਭਾਰਤ ਦੀ ਬਹੁਗਿਣਤੀ ਵਲੋਂ ਸਿੱਖਾਂ ਪੰਜਾਬੀਆਂ ਨਾਲ ਕੀਤੀਆਂ ਗਈਆਂ ਕਮੀਨਗੀ ਭਰੀਆਂ ਬੇਇਨਸਾਫ਼ੀਆਂ ਅਤੇ ਜਿਆਦਤੀਆਂ ਦਾ ਸੱਚਾ ਬਿਰਤਾਂਤ ਦੁਹਰਾਉਣ ਦੀ ਥਾਂ ਅਜਿਹੀਆਂ ਬੇਇਨਸਾਫੀਆਂ ਦੀ ਤਰਜਮਾਨੀ ਕਰਦਾ ਇਕ ਸ਼ੇਅਰ ਹੀ ਕਾਫੀ ਹੈ;

'ਯਕ ਚਾਕ ਹੋ ਤੋ ਸੀਂ ਲੂੰ ਗਿਰੇਬਾਂ ਹਮ ਦਮ ਅਪਨਾਂ। ਜ਼ਾਲਮ ਨੇ ਫਾੜ ਡਾਲਾ ਹੈ ਤਾਰ ਤਾਰ ਕਰਕੇ!'

ਛੱਬੀ ਜਨਵਰੀ ਜਾਂ ਪੰਦਰਾਂ ਅਗਸਤ ਨੂੰ ਆਯੋਜਿਤ ਕੀਤੇ ਜਾਂਦੇ ਦਿੱਲੀ ਵਾਲੇ ਸਮਾਗਮਾਂ ਦੀ ਗੱਲ ਪਹਿਲਾਂ ਲਿਖੀ ਜਾ ਚੁੱਕੀ ਹੈ। ਇਨ੍ਹਾਂ ਦਿਨਾਂ ਦੇ ਜਸ਼ਨਾਂ ਵਿਚ ਜਿੱਥੇ ਭਾਰਤੀ ਪ੍ਰਧਾਨ ਮੰਤਰੀ, ਰਾਸ਼ਟਰਪਤੀ ਸਮੇਤ ਹਾਜ਼ਰ ਹੁੰਦੇ ਹਨ, ਉੱਥੇ ਕਿਸੇ ਨਾ ਕਿਸੇ ਵਿਦੇਸ਼ੀ ਸਰਕਾਰ ਦੇ ਮੁਖੀਏ ਨੂੰ ਵੀ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਕੀਤਾ ਜਾਂਦਾ ਹੈ। ਉਸ ਵਿਦੇਸ਼ੀ ਮੁਖੀਏ ਨੂੰ ਮਹਾਤਮਾ ਗਾਂਧੀ ਦੀ'ਸਮਾਧ' ਉੱਤੇ ਵੀ ਲਿਜਾਇਆ ਜਾਂਦਾ ਹੈ, ਜਿੱਥੇ ਉਹ ਆਪਣੇ ਵਲੋਂ ਕੁੱਝ ਫੁੱਲ ਰੱਖ ਕੇ ਹੱਥ ਜੋੜਦਾ ਹੈ !ਇਸ ਮੌਕੇ ਦੀ ਖਿੱਚੀ ਗਈ ਫ਼ੋਟੋ ਦੂਸਰੇ ਦਿਨ ਅਖ਼ਬਾਰਾਂ ਵਿਚ ਉਚੇਚੇ ਤੌਰ 'ਤੇ ਛਾਪੀ ਜਾਂਦੀ ਹੈ!

ਅਜਿਹੀ ਹੀ ਇਕ ਫ਼ੋਟੋ ਦੇਖ ਕੇ ਸ਼ਾਇਦ ਸੰਨ 76 ਜਾਂ 77 ਵਿਚ ਸਤਿਕਾਰ ਯੋਗ ਉਸਤਾਦ ਢਾਡੀ ਸਵਰਗੀ ਗਿਆਨੀ ਦਇਆ ਸਿੰਘ ਦਿਲਬਰ ਹੁਣਾ ਨੇ 'ਫੁੱਲ' ਸਿਰਲੇਖ ਵਾਲੀ ਲੰਬੀ ਕਵਿਤਾ ਲਿਖੀ।ਕਦੀ ਕਦੀ ਉਹ ਸਟੇਜ ਉੱਤੇ ਸਰੋਤਿਆਂ ਵਲੋਂ ਮੰਗ ਕਰਨ 'ਤੇ ਇਹ ਕਵਿਤਾ ਬੋਲਦੇ ਹੁੰਦੇ ਸਨ। ਉਨ੍ਹਾਂ ਦੀ ਜਾਦੂਮਈ ਅੰਦਾਜ਼ਿ-ਬਿਆਨੀ, ਇਸ ਕਵਿਤਾ ਦੇ ਸ਼ਬਦਾਂ ਉੱਤੇ ਸੋਨੇ 'ਤੇ ਸੁਹਾਗੇ ਦਾ ਕੰਮ ਕਰਦੀ ਸੀ।

ਇਹ ਵੀ ਕਵੀ ਦੀ ਮੌਜ ਹੈ ਕਿ ਉਸ ਨੇ ਕਿਸ ਵੇਲੇ, ਕਿਸ ਵਿਸ਼ੇ 'ਤੇ ਅਤੇ ਕਿੱਥੋਂ ਤੱਕ ਲਿਖਣਾ ਹੈ।ਉਸ ਦੀ ਮੌਜ ਵਿਚ ਖਲੁਲ ਨਹੀਂ ਪਾਇਆ ਜਾ ਸਕਦਾ। ਪਾਠਕ ਦੇਖਣਗੇ ਕਿ ਕਵਿਤਾ ਗੁਰੂ ਕੇ ਬਾਗ ਦੇ ਮੋਰਚੇ ਦੇ ਸ਼ਹੀਦਾਂ ਦੀ ਗੱਲ ਕਰਕੇ ਖ਼ਤਮ ਹੋ ਜਾਂਦੀ ਹੈ। ਦਿਲਬਰ ਜੀ ਨਾਲ ਮੇਰੇ ਪ੍ਰਵਾਰ ਦੇ ਬਹੁਤ ਗੂੜ੍ਹੇ ਸਬੰਧ ਰਹੇ ਹਨ।

ਮੇਰੇ ਅਤੇ ਮੇਰੀਆਂ ਦੋ ਭੈਣਾ ਦੇ ਅਨੰਦ ਕਾਰਜਾਂ ਮੌਕੇ ਦਿਲਬਰ ਸਾਹਬ ਜਥੇ ਸਮੇਤ ਆਉਂਦੇ ਰਹੇ।ਮੈਂ ਅਕਸਰ ਉਨ੍ਹਾਂ ਨੂੰ ਬੇਨਤੀ ਕਰਨੀ ਕਿ ਪੰਜਾਬ ਵਿਚ ਝੁੱਲੀ ਕਾਲ਼ੀ ਬੋਲ਼ੀ ਹਨ੍ਹੇਰੀ ਨੂੰ ਵੀ 'ਫੁੱਲ' ਸਿਰਲੇਖ ਵਾਲ਼ੀ ਇਸ ਕਵਿਤਾ ਵਿਚ ਦਰਜ ਕਰੋ।

ਪੰਜਾਬ ਦੇ ਇਸ ਦੌਰ ਬਾਰੇ ਉਨ੍ਹਾਂ ਹੋਰ ਬੜਾ ਕੁੱਝ ਗ਼ਜ਼ਬ ਦਾ ਲਿਖਿਆ, ਪਰ ਰੱਬ ਜਾਣੇ ਉਹ ਇਸ ਕਵਿਤਾ ਨੂੰ ਹੋਰ ਅੱਗੇ ਕਿਉਂ ਨਹੀਂ ਵਧਾ ਸਕੇ! ਅੱਜ ਦੇ ਦਿਨ 26 ਜਨਵਰੀ 2006 ਨੂੰ ਦਿਲਬਰ ਸਾਹਬ ਸਾਨੂੰ ਆਖਰੀ ਫਤਹਿ ਬੁਲਾ ਗਏ ! ਖੈਰ,ਪਾਠਕਾਂ ਦੀ ਨਜ਼ਰ ਹੈ ਸ਼ਹੀਦਾਂ ਦੀ ਲੜੀ ਵਾਲ਼ੀ ਉਹ ਇਤਿਹਾਸਕ ਕਵਿਤਾ 'ਫੁੱਲ':-

'ਕਿਸੇ ਲੀਡਰ ਨੇ ਗਾਂਧੀ ਦੀ ਮੜ੍ਹੀ ਉੱਤੇ,
ਚਾੜ੍ਹੇ ਗਾਂਧੀ ਦੇ ਫੁੱਲਾਂ ਨੂੰ ਪਿਆਰ ਦੇ ਫੁੱਲ।
ਫ਼ਖਰ ਨਾਲ ਅਖ਼ਬਾਰਾਂ ਨੇ ਖ਼ਬਰ ਛਾਪੀ,
ਮੁੜ-ਮੁੜ ਪੜ੍ਹੇ ਮੈਂ ਓਸ ਅਖ਼ਬਾਰ ਦੇ ਫੁੱਲ।
ਇਹ ਅਜ਼ਾਦਾਂ ਨੂੰ ਸਦਾ ਨਸੀਬ ਹੁੰਦੇ,
ਆਦਰ-ਮਾਣ ਤੇ ਸ਼ਰਧਾ ਸਤਿਕਾਰ ਦੇ ਫੁੱਲ।
ਅੱਖਾਂ ਸਾਹਮਣੇ ਬਣ ਤਸਵੀਰ ਆ ਗਏ,
ਉਹ ਗ਼ੁਲਾਮਾਂ ਦੀ ਖਿੜੀ ਗੁਲਜ਼ਾਰ ਦੇ ਫੁੱਲ।
ਹਾਰੇ ਜੂਏ ਵਿਚ ਬੈਠੇ ਗ਼ੁਲਾਮ ਪਾਂਡੂ,
ਅੱਖਾਂ ਸਾਹਮਣੇ ਕੁਚਲ਼ੇ ਗਏ ਪਿਆਰ ਦੇ ਫੁੱਲ।
ਪਰ ਭਗਵਾਨ ਨੇ ਝੱਟ ਕਬੂਲ ਕਰ ਲਏ,
ਭੇਟਾਂ ਚਰਨਾਂ 'ਚ ਕੀਤੇ ਮੁਟਿਆਰ ਦੇ ਫੁੱਲ।
ਲੰਕਾ ਵਿਚ ਮੈਂ ਬਣੇ ਅੰਗਿਆਰ ਦੇਖੇ,
ਰਾਮ ਚੰਦਰ ਦੀ ਸੋਹਣੀ ਜਿਹੀ ਨਾਰ ਦੇ ਫੁੱਲ।
ਫਿਰ ਬਾਬਰ ਬਾਦਸ਼ਾਹ ਦੇ ਹੱਥੀਂ ਸੜੇ ਵੇਖੇ,
ਗੁਰੂ ਨਾਨਕ ਨੇ ਹਿੰਦੀ ਬਹਾਰ ਦੇ ਫੁੱਲ।
ਅੱਜ ਤੱਕ ਰਾਵੀ 'ਚੋਂ ਕਿਸੇ ਨੇ ਨਹੀਂ ਲੱਭੇ,
(ਅਰਜਨ ਦੇਵ ਜਿਹੇ ਸ਼ਾਂਤੀ ਅਵਤਾਰ ਦੇ ਫੁੱਲ।

(ਬਾਕੀ ਅਗਲੇ ਸਫੇ 'ਤੇ)

# ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ




ਵਿਨੋਦ ਫ਼ਕੀਰਾ, ਸਟੇਟ ਐਵਾਰਡੀ,
098721 973266

ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਮਿਤੀ 23 ਪੋਹ, ਸੰਮਤ 1723 ਬਿ. ਨੂੰ ਸ੍ਰੀ ਪਟਨਾ ਸਾਹਿਬ, ਬਿਹਾਰ ਵਿਖੇ ਮਾਤਾ ਗੁਜਰੀ ਜੀ ਅਤੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਘਰ ਹੋਇਆ। ਆਪ ਜੀ ਨੇ ਆਪਣੇ ਜੀਵਨ ਦੇ ਮੁੱਢਲੇ ਕੁੱਝ ਸਾਲ ਪਟਨਾ ਸਾਹਿਬ ਵਿਖੇ ਬਤੀਤ ਕੀਤੇ। ਬਚਪਨ ਵਿੱਚ ਆਪ ਜੀ ਨੂੰ ਘੋੜ-ਸਵਾਰੀ, ਤੀਰ-ਅੰਦਾਜ਼ੀ ਅਤੇ ਸ਼ਸਤਰਾਂ ਦੀ ਸਿਖਲਾਈ ਦਿੱਤੀ ਗਈ। ਆਪ ਆਪਣੇ ਹਾਣੀਆਂ ਦੀਆਂ ਜੋਟੀਆਂ ਬਣਾ ਕੇ ਨਕਲੀ ਯੁੱਧ ਖੇਡਣ ਦਾ ਅਭਿਆਸ ਕਰਨ ਦੀਆਂ ਖੇਡਾਂ ਖੇਡਦੇ। ਆਪ ਜੀ ਦੇ ਆਸ-ਪਾਸ ਰਹਿਣ ਵਾਲੇ ਸਾਰੇ ਧਰਮਾਂ ਦੇ ਲੋਕ ਆਪ ਜੀ ਨੂੰ ਬਹੁਤ ਪਿਆਰ ਕਰਦੇ ਸਨ।

ਆਪ ਜੀ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸੱਦੇ ਤੇ ਪਰਿਵਾਰ ਸਮੇਤ ਪਟਨਾ ਸਾਹਿਬ ਤੋਂ ਸ੍ਰੀ ਅਨੰਦਪੁਰ ਸਾਹਿਬ ਆ ਗਏ। ਇੱਥੇ ਆਪ ਜੀ ਨੇ ਮੁਣਸ਼ੀ ਸਾਹਿਬ ਚੰਦ ਕੋਲੋਂ ਅਤੇ ਮਦਰੱਸੇ ਵੱਲੋਂ ਬਣਾਈ ਪਾਠਸ਼ਾਲਾ ਵਿੱਚ ਸੰਸਕ੍ਰਿਤ ਅਤੇ ਫ਼ਾਰਸੀ ਦੀ ਪੜ੍ਹਾਈ ਕੀਤੀ। ਆਪ ਜੀ ਨੂੰ ਗੁਰਬਾਣੀ ਦਾ ਗਿਆਨ ਮਾਤਾ ਗੁਜਰ ਕੌਰ ਜੀ ਅਤੇ ਮੁਣਸ਼ੀ ਸਾਹਿਬ ਚੰਦ ਨੇ ਦਿੱਤਾ। ਕੁਰਾਨ ਸ਼ਰੀਫ ਆਪ ਜੀ ਨੇ ਕਾਜ਼ੀ ਪੀਰ ਮੁਹੰਮਦ ਪਾਸੋਂ ਪੜ੍ਹਿਆ। ਆਪ ਜੀ ਨੇ 6 ਮਹੀ-ਨਿਆਂ ਵਿੱਚ ਹੀ ਆਦਿ ਗ੍ਰੰਥ ਸਾਹਿਬ ਦੇ ਗੂਹੜ ਭਾਵ ਸਮਝ ਕੇ ਅਧਿਐਨ ਕਰਨ ਦੇ ਨਾਲ-ਨਾਲ ਕੰਠ ਵੀ ਕਰ ਲਿਆ।

ਆਪਣੀ ਸ਼ਹਾਦਤ ਦੇਣ ਲਈ ਅਨੰਦਪੁਰ ਸਾਹਿਬ ਤੋਂ ਤੁਰਨ ਤੋਂ ਪਹਿਲਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਹੁਕਮ ਕਰ ਗਏ ਸਨ ਕਿ" ਸਾਡੇ ਪਿੱਛੋਂ ਗੁਰਿਆਈ ਦੀ ਜੁ ਗੋਬਿੰਦ ਰਾਏ ਜੀ ਸੰਭਾਲਣਗੇ" , ਜਿਸ ਨੂੰ ਆਪ ਜੀ ਨੇ ਨੌਵੇਂ ਗੁਰ ਜੀ ਦੀ ਸ਼ਹੀਦੀ ਵਾਲੇ ਦਿਨ (11 ਮੱਘਰ, ਸੰਮਤ 1732 ਬਿ.) ਤੋਂ ਹੀ ਸੰਭਾਲ ਲਿਆ ਸੀ।

ਨਾਹਨ (ਸਰਮੌਰ) ਦੇ ਰਾਜਾ ਮੇਦਨੀ ਪ੍ਰਕਾਸ਼ ਨੇ ਗੁਰੂ ਜੀ ਨੂੰ ਆਪਣੀ ਰਿਆਸਤ ਵਿੱਚ ਕਿਲ੍ਹਾ ਬਣਾਉਣ ਲਈ ਕਿਹਾ । ਗੁਰੂ ਜੀ ਨੇ ਸੰਨ 1685 ਈ. ਵਿੱਚ ਜਮਨਾ ਦਰਿਆ ਦੇ ਕੰਢੇ ਕਿਲ੍ਹਾ ਤਿਆਰ ਕੀਤਾ ਜਿਸ ਦਾ ਨਾਮ ਪਾਉਂਟਾ ਸਾਹਿਬ ਰੱਖਿਆ। ਪਾਉਂਟਾ ਸਾਹਿਬ ਦੇ ਨਜ਼ਦੀਕ ਹੋਏ ਭੰਗਾਣੀ ਦੇ ਯੁੱਧ ਵਿੱਚ ਪੀਰ ਬੁੱਧੂ ਸ਼ਾਹ ਜੀ ਆਪਣੇ ਸੈਂਕੜੇ ਸ਼ਰਧਾਲੂਆਂ ਦੇ ਨਾਲ ਸ਼ਾਮਲ ਹੋਏ, ਜਿਸ ਵਿੱਚ ਉਨ੍ਹਾਂ ਦੇ ਦੋ ਪੁੱਤਰ ਅਤੇ ਇੱਕ ਭਰਾ ਸ਼ਹੀਦ ਹੋ ਗਏ। ਗੁਰੂ ਜੀ ਨੇ ਪੀਰ ਜੀ ਦੀ ਸੇਵਾ ਤੋਂ ਖੁਸ਼ ਹੋ ਕੇ ਮਨ ਦੀ ਮੁਰਾਦ ਮੰਗਣ ਲਈ ਕਿਹਾ ਤਾਂ ਪੀਰ ਜੀ ਨੇ ਗੁਰੂ ਜੀ ਪਾਸੋਂ ਉਨ੍ਹਾਂ ਦੇ ਕੇਸ ਵਾਹੁਣ ਉਪਰੰਤ ਕੇਸਾਂ ਸਮੇਤ ਕੰਘੇ ਦੀ ਮੰਗ ਕੀਤੀ । ਗੁਰੂ ਜੀ ਨੇ ਉਨ੍ਹਾਂ ਦੀ ਇਹ ਮੰਗ ਪੂਰੀ ਕਰਨ ਦੇ ਨਾਲ-ਨਾਲ ਉਨ੍ਹਾਂ ਨੂੰ ਅਗੰਮੀ ਰਹਿਮਤਾਂ ਨਾਲ ਨਿਵਾਜਿਆ ਅਤੇ ਅਥਾਹ ਪਿਆਰ ਦਿੱਤਾ। ਇਤਿਹਾਸ ਦੇ ਇਹ ਪੰਨੇ ਦੱਸਦੇ ਹਨ ਕਿ ਸਭ ਧਰਮਾਂ ਦੇ ਲੋਕ ਗੁਰੂ ਜੀ ਨੂੰ ਕਿੰਨਾ ਪਿਆਰ ਅਤੇ ਸਤਿਕਾਰ ਦਿੰਦੇ ਸਨ ਅਤੇ ਗੁਰੂ ਜੀ ਅੰਦਰ ਸਭਨਾਂ ਨੂੰ ਕਲਾਵੇ ਵਿੱਚ ਲੈ ਕੇ ਜ਼ੁਲਮ ਦਾ ਨਾਸ਼ ਕਰਨ ਲਈ ਕਿੰਨਾ ਉਮਾਹ ਸੀ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਦੀ ਪ੍ਰੀਖਿਆ ਲੈਣ ਉਪਰੰਤ ਉਹਨਾਂ ਨੂੰ ਨਾਨਕ ਜ਼ੋਤ ਦਾ ਵਾਰਿਸ ਬਣਾਇਆ ਸੀ। ਇਸੇ ਸਫ਼ਰ ਦੇ ਅਖੀਰਲੇ ਪੜਾਅ ਵਿੱਚ ਸ੍ਰੀ ਗੁਰੂ ਗੋਬਿੰਦ ਸਿਘ ਜੀ ਗੁਰੂ ਜੋਤ ਦਾ ਵਾਰਸ, ਆਦਰਸ਼ (ਸਚਿਆਰ) ਮਨੁੱਖਾਂ ਦੇ ਸਮੂਹ ਨੂੰ ਥਾਪਣਾ ਚਾਹੁੰਦੇ ਸਨ। ਇਸ ਉਦੇਸ਼ ਦੀ ਪੂਰਤੀ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਮਤ 1756 ਦੀ ਵੈਸਾਖੀ (ਸੰਨ 1699 ਈ.) ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਭਾਰੀ ਇੱਕਠ ਸਾਹਮਣੇ 5 ਸਿਰਾਂ ਦੀ ਮੰਗ ਕੀਤੀ ਉਸ ਵੇਲ੍ਹੇ ਪੰਜ ਸਿੱਖ ਭਾਈ ਦਇਆ ਰਾਮ, ਭਾਈ ਧਰਮ ਦਾਸ, ਭਾਈ ਹਿੰਮਤ ਰਾਏ, ਭਾਈ ਮੋਹਕਮ ਚੰਦ, ਭਾਈ ਸਾਹਿਬ ਚੰਦ ਸੀਸ ਦੇਣ ਲਈ ਗੁਰੂ ਜੀ ਦੇ ਸਨਮੁੱਖ ਹਾਜ਼ਰ ਹੋਏ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਨੂੰ ਅੰਮ੍ਰਿਤ ਦੀ ਦਾਤ ਬਖ਼ਸ਼ ਕੇ ਉਨ੍ਹਾਂ ਦੇ ਨਾਮ ਨਾਲ ਸਿੰਘ ਲਗਾ ਕੇ ਨਿਵਾਜਿਆ ਅਤੇ ਪੰਜ ਪਿਆਰਿਆਂ ਦੀ ਪਦਵੀ ਦੇ ਕੇ ਖ਼ਾਲਸਾ ਪੰਥ ਦੀ ਸਾਜਣਾ ਕੀਤੀ। ਆਪੇ ਹੀ ਸਾਜੇ ਪੰਜ ਪਿਆਰਿਆਂ ਪਾਸੋਂ ਗੁਰੂ ਜੀ ਨੇ ਇੱਕ ਨਿਮਾਣਾ ਸਿੱਖ ਬਣਕੇ ਅੰਮ੍ਰਿਤ ਦੀ ਦਾਤ ਦੀ ਮੰਗ ਕੀਤੀ ਅਤੇ ਆਪੇ ਗੁਰ ਚੇਲਾ ਦੀ ਨਵੀਂ ਪ੍ਰਥਾ ਨੂੰ ਜਨਮ ਦਿੱਤਾ। ਇਸ ਤਰ੍ਹਾਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਗੁਰੂ ਜੀ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਬਣ ਗਏ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਇਸ ਪ੍ਰੀਖਿਆ ਵਿੱਚ ਸੀਸ ਦੇਣ ਦੀ ਸ਼ਰਤ ਸੰਕੇਤ ਕਰਦੀ ਹੈ ਕਿ ਜ਼ੋ ਸਨਮਾਨ, ਅਹੁਦਾ ਅਤੇ ਜੁੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਿੱਖਾਂ ਨੂੰ ਦੇਣੀ ਚਾਹੁੰਦੇ ਸਨ, ਉਸ ਨੂੰ ਨਿਭਾਉਣ ਲਈ ਆਪਾ (ਭਾਵ ਹਉਮੈਂ) ਨੂੰ ਸਿਧਾਂਤ ਤੋਂ ਕੁਰਬਾਨ ਕਰਨਾ ਲਾਜ਼ਮੀ ਹੈ। ਫਿਰ ਗੁਰੂ ਜੀ ਨੇ ਹੁਕਮ ਦਿੱਤਾ ਕਿ ਕੋਈ ਪੰਜ ਅੰਮ੍ਰਿਤਧਾਰੀ ਸਿੱਖ, ਜੋ ਰਹਿਤ ਵਿੱਚ ਪੱਕੇ ਧਾਰਨੀ ਹੋਣ, ਹੋਰਨਾ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾ ਸਕਦੇ ਹਨ।

ਚਮਕੌਰ ਦੇ ਯੁੱਧ ਤੋਂ ਬਾਅਦ ਗੁਰੂ ਜੀ ਚਮਕੌਰ ਦੀ ਗੜ੍ਹੀ ਛੱਡ ਕੇ ਮਾਛੀਵਾੜੇ ਤੋਂ ਹੁੰਦੇ ਹੋਏ ਦੀਨਾ ਕਾਂਗੜ ਪੁੱਜੇ। ਇੱਥੋਂ ਹੀ ਆਪ ਜੀ ਨੇ ਔਰੰਗਜ਼ੇਬ ਨੂੰ ਜ਼ਫ਼ਰਨਾਮਾ (ਜਿੱਤ ਦੀ ਚਿੱਠੀ) ਲਿਖਿਆ। ਜਿਸ ਨੂੰ ਪੜ੍ਹ ਕੇ ਔਰੰਗਜੇ ਦੇ ਦਿਲ ਉੱਤੇ ਡੂੰਘਾ ਅਸਰ ਹੋਇਆ। ਉਸ ਨੂੰ ਆਪਣੀਆਂ ਗਲਤੀਆਂ ਦਾ ਬਹੁਤ ਪਛਤਾਵਾ ਹੋਇਆ।

ਭਾਵੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਜਿੰ ਦਾ ਬਹੁਤਾ ਸਮਾਂ ਜੰਗਾਂ ਯੁੱਧਾਂ ਵਿੱਚ ਬਤੀਤ ਹੋਇਆ ਪਰ ਉਨ੍ਹਾਂ ਨੇ ਗੁਰਬਾਣੀ ਦੇ ਪ੍ਰਚਾਰ ਵੱਲ ਵਿਸ਼ੇਸ਼ ਧਿਆਨ ਦਿੱਤਾ। ਆਪ ਜੀ ਨੇ ਆਪ ਬਾਣੀ ਰਚੀ ਅਤੇ ਆਪਣੇ ਕਵੀਆਂ ਪਾਸੋਂ ਧਾਰਮਿਕ ਸਾਹਿਤ ਲਿਖਵਾਇਆ। ਸੱਚ ਦੇ ਪ੍ਰਚਾਰ ਲਈ ਆਪ ਰਵਾਲਸਰ, ਹਰਿਦੁਆਰ, ਕੁਰੂਕਸ਼ੇਤਰ ਅਤੇ ਤਲਵੰਡੀ ਸਾਬੋ ਸਮੇਤ ਬਹੁਤ ਸਾਰੀਆਂ ਥਾਂਵਾਂ ਉਤੇ ਗਏ। ਤਲਵੰਡੀ ਸਾਬੋ ਵਿਖੇ ਆਪ ਜੀ ਨੇ ਭਾਈ ਮਨੀ ਸਿੰਘ ਜੀ ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਵਾਈ, ਜਿਸ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਰਜ ਕਰਵਾ ਕੇ ਸੰਪੂਰਨ ਕੀਤਾ। ਇਸ ਬੀੜ ਨੂੰ ਦਮਦਮੀ ਬੀੜ ਵੀ ਕਿਹਾ ਜਾਂਦਾ ਹੈ। ਨੰਦੇੜ ਵਿਖੇ ਮਾਧੋ ਦਾਸ ਨਾਮ ਦਾ ਬੈਰਾਗੀ ਆਪਣ-ਿਆਂ ਰਿੱਧੀਆਂ-ਸਿੱਧੀਆਂ ਨਾਲ ਲੋਕਾਂ ਉੱਤੇ ਆਪਣਾ ਪ੍ਰਭਾਵ ਪਾਉਂਦਾ ਸੀ। ਜਦ ਗੁਰੂ ਜੀ ਉੱਤੇ ਉਸਦੀ ਕੋਈ ਕਰਾਮਾਤ ਨਾ ਚੱਲੀ ਤਾਂ ਉਹ ਗੁਰੂ ਜੀ ਦੇ ਚਰਨਾਂ ਉੱਤੇ ਢਹਿ ਪਿਆ ਅਤੇ ਆਪਣਾ ਸਿੱਖ ਬਣਾਉਣ ਦੀ ਬੇਨਤੀ ਕੀਤੀ। ਗੁਰੂ ਜੀ ਨੇ ਉਸਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ ਅਤੇ ਉਸਨੂੰ ਆਪਣੇ ਭੱਥੇ ਵਿੱਚੋਂ ਪੰਜ ਤੀਰ, ਇੱਕ ਨਗਾਰਾ ਅਤੇ ਕੁੱਝ ਸਿੰਘ ਦੇ ਕੇ ਜ਼ਾਲਮਾਂ ਨੂੰ ਸੋਧਣ ਲਈ ਪੰਜਾਬ ਵੱਲ ਭੇਜਿਆ। 14 ਸਤੰਬਰ, 1708 ਈ. ਦੀ ਸ਼ਾਮ ਨੂੰ ਗੁਰੂ ਜੀ ਆਪਣੇ ਤੰਬੂ ਵਿੱਚ ਅਰਾਮ ਕਰ ਰਹੇ ਸਨ, ਜਦੋਂ ਮੌਕੇ ਦੀ ਭਾਲ ਕਰਦੇ ਦੋ ਪਠਾਣਾਂ, ਜਮਸ਼ੇਦ ਖਾਂ ਅਤੇ ਗੁਲ ਖਾਂ ਵਿੱਚੋਂ ਇੱਕ ਨੇ ਗੁਰੂ ਜੀ ਉੱਤੇ ਛੁਰੇ ਨਾਲ ਵਾਰ ਕੀਤਾ। ਗੁਰੂ ਜੀ ਨੇ ਹਮਲਾਵਰ ਨੂੰ ਤੁਰੰਤ ਮਾਰ ਦਿੱਤਾ ਅਤੇ ਉਸਦੇ ਸਾਥੀ ਨੂੰ ਸਿੰਘਾਂ ਨੇ ਮੌਤ ਦੇ ਘਾਟ ਉਤਾਰ ਦਿੱਤਾ। ਗੁਰੂ ਜੀ ਦਾ ਜਖ਼ਮ ਸੀਤਾ ਗਿਆ ਜ਼ੋ ਠੀਕ ਹੋ ਰਿਹਾ ਸੀ। ਪਰੰਤੂ 6 ਅਕਤੂਬਰ, 1708 ਈ. ਨੂੰ ਆਪ ਇੱਕ ਸਖ਼ਤ ਕਮਾਨ ਉੱਤੇ ਚਿੱਲਾ ਚੜ੍ਹਾਉਣ ਲੱਗੇ, ਤਾਂ ਅੱਲੇ ਜਖ਼ਮ ਦੇ ਤੋਪੇ ਟੁੱਟ ਗਏ ਅਤੇ ਲਹੂ ਵਗ ਤੁਰਿਆ। ਸੱਚਖੰਡ ਵਾਪਸੀ ਦਾ ਸਮਾਂ ਨਜ਼ਦੀਕ ਆਇਆ ਪ੍ਰਤੀਤ ਕਰਕੇ ਗੁਰੂ ਜੀ ਨੇ ਸਿੱਖਾਂ ਨੂੰ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਖ਼ਾਲਸਾ ਪੰਥ ਨੂੰ ਜਾਣ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਸਦੀਵੀ ਗੁਰੂ ਮੰਨਣ ਦਾ ਹੁਕਮ ਕੀਤਾ।

ਅਗਲੇ ਦਿਨ 6 ਕੱਤਕ, 1765 ਬਿ. ਨੂੰ ਸ੍ਰੀ ਹਜ਼ੂਰ ਸਾਹਿਬ, ਨਾਂਦੇੜ, ਮਹਾਂਰਾਸ਼ਟਰ ਵਿਖੇ ਆਪ ਜੀ ਜੋਤੀ ਜੋਤ ਸਮਾ ਗਏ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਤੋਂ ਸਾਨੂੰ ਇਹ ਸਿੱਖਿਆ ਮਿਲਦੀ ਹੈ ਕਿ ਸਾਨੂੰ ਵੀ ਆਪਣੇ ਨਿੱਜੀ ਸਵਾਰਥ ਤੋਂ ਉੱਪਰ ਉੱਠ ਕੇ ਮਨੁੱਖਤਾ ਦੀ ਭਲਾਈ ਵਾਲੇ ਕਾਰਜ ਕਰਨੇ ਚਾਹੀਦੇ ਹਨ। ਪਰਮਾਤਮਾ ਦੇ ਭਾਣੇ ਵਿੱਚ ਰਹਿੰਦੇ ਹੋਏ ਨਾ ਤਾਂ ਕਿਸੇ ਉੱਤੇ ਜ਼ੁਲਮ ਕਰਨਾ ਚਾਹੀਦਾ ਹੈ ਅਤੇ ਨਾ ਹੀ ਜ਼ੁਲਮ ਸਹਿਣਾ ਚਾਹੀਦਾ ਹੈ ।

ਆਓ ਅਸੀਂ ਸਾਰੇ ਗੁਰੂ ਜੀ ਵੱਲੋਂ ਬਖ਼ਸ਼ੀ ਖੰਡੇ ਬਾਟੇ ਦੀ ਪਾਹੁਲ ਛਕ ਕੇ ਤਿਆਰ-ਬਰ-ਤਿਆਰ ਖ਼ਾਲਸੇ ਸਜ਼ ਕੇ ਗੁਰੂ ਜੀ ਦੀਆਂ ਖੁਸ਼ੀਆਂ ਦੇ ਪਾਤਰ ਬਣੀਏ।

# 26 ਜਨਵਰੀ ਨੂੰ ਦਿਲਬਰ ਜੀ ਦੀ ਸਾਲਾਨਾ ਬਰਸੀ 'ਤੇ ਵਿਸ਼ੇਸ਼!

**(ਸਫਾ 18 ਦੀ ਬਾਕੀ)**

ਰੁਲ਼ੇ ਦਿੱਲੀ ਦੇ ਉੱਜੜੇ ਖੰਡਰਾਂ ਵਿਚ,
ਮਾਂ ਗੁਜਰੀ ਦੇ ਸਿਰ ਦੇ ਸ਼ਿੰਗਾਰ ਦੇ ਫੁੱਲ।
ਕਿਸੇ ਚੁਣੇ ਨਾ ਜਾ ਚਮਕੌਰ ਵਿਚੋਂ,
ਸੋਹਣੇ ਲਾਲ 'ਅਜੀਤ-ਜੁਝਾਰ' ਦੇ ਫੁੱਲ।
ਸਕਾ ਬਾਪ ਵੀ ਅੱਖੀਂ ਨਾ ਵੇਖ ਸਕਿਆ
'ਫਤਿਹ ਜ਼ੋਰਾਵਰ' ਜਿਹੇ ਬਰਖੁਰਦਾਰ ਦੇ ਫੁੱਲ।
ਲੱਖਾਂ ਲਾਲਾਂ ਤੋਂ ਕੀਮਤੀ ਲਾਲ ਰੁਲ਼ ਗਏ,
ਮਾਤਾ ਗੁਜਰੀ ਦੇ ਸੋਹਣੇ ਪ੍ਰਵਾਰ ਦੇ ਫੁੱਲ।
ਰਹੇ ਚੁੰਮਦੇ ਦਿੱਲੀ ਵਿਚ ਕਾਂ-ਕੁੱਤੇ,
ਬੰਦਾ ਸਿੰਘ ਬਹਾਦਰ ਸਰਦਾਰ ਦੇ ਫੁੱਲ।
ਉਸਦੇ ਲਾਡਲੇ ਪੁੱਤਰ ਅਜੈ ਸਿੰਘ ਦੇ,
ਸੱਤ ਸੌ ਗੱਭਰੂ ਛੈਲ ਛਬੀਲੇ ਦੇ ਫੁੱਲ।
ਕਿਸੇ ਸਾਂਭੇ ਨਾ ਭਾਈ ਦਿਆਲੇ ਦੇ ਫੁੱਲ,
ਮਤੀ ਦਾਸ ਜਿਹੇ ਗੁਰੂ ਪਿਆਰੇ ਦੇ ਫੁੱਲ।
ਰੁਲਦੇ ਰਹੇ ਲਾਹੌਰ ਦੀ ਕਤਲਗਾਹ ਵਿਚ,
ਮਨੀ ਸਿੰਘ ਦਸਮੇਸ਼ ਦੁਲਾਰੇ ਦੇ ਫੁੱਲ।
ਮਾਂ ਦੇ ਲਾਡਲੇ ਧਰਮੀ ਹਕੀਕਤ ਦੇ ਫੁੱਲ,
ਤਾਰੂ ਸਿੰਘ ਜਿਹੇ ਅਰਸ਼ੀ ਸਿਤਾਰੇ ਦੇ ਫੁੱਲ।
ਸੁਬੇਗ ਸਿੰਘ ਤੇ ਸ਼ਾਹਬਾਜ਼ ਦੇ ਫੁੱਲ,
ਬੋਤਾ ਸਿੰਘ ਜਿਹੇ ਗੁਰੂ-ਸਵਾਰੇ ਦੇ ਫੁੱਲ।
ਮੀਰ ਮੰਨੂ ਨੇ ਟੰਗ ਕੇ ਨੇਜ਼ਿਆਂ 'ਤੇ,
ਕੁਚਲ਼ੇ ਮਾਵਾਂ ਦੇ ਸੋਹਣੇ ਗੁਲਾਬ ਦੇ ਫੁੱਲ।
ਪੀੜ ਵੇਲਣੇ ਵਿੱਚ ਤੋੜੇ ਜ਼ਾਲਮਾਂ ਨੇ,
ਮੀਰਾਂ ਕੋਟੀਏ ਸਿੰਘ ਮਹਿਤਾਬ ਦੇ ਫੁੱਲ।
ਕੋਈ ਮੈਦਾਨ 'ਚੋਂ ਨਾ ਸੰਭਾਲ ਸਕਿਆ,
ਬਾਬਾ ਦੀਪ ਸਿੰਘ ਜਿਹੇ ਅੰਮ੍ਰਿਤਧਾਰੀ ਦੇ ਫੁੱਲ।
ਜਿਸ ਆਜ਼ਾਦੀ ਲਈ ਜ਼ਿੰਦਗੀ ਭੇਟ ਕੀਤੀ,
ਉਸ ਗੁਰਬਖ਼ਸ਼ ਸਿੰਘ ਬੀਰ ਬਲਕਾਰੀ ਦੇ ਫੁੱਲ।
ਬੇਈਮਾਨਾਂ ਨੇ ਸ਼ਾਨੋ-ਬੇਸ਼ਾਨ ਕੀਤੇ,
ਸ਼ਾਮ ਸਿੰਘ ਸਰਦਾਰ ਅਟਾਰੀ ਦੇ ਫੁੱਲ।
ਜ਼ਾਲਮ ਗੋਰਿਆਂ ਰੋਲ਼ੇ ਸਭਰਾਵਾਂ ਦੇ ਵਿਚ,
ਸੀ ਪੰਜਾਬ ਦੀ ਸੈਨਾ ਸ਼ਿੰਗਾਰੀ ਦੇ ਫੁੱਲ।
ਆਪਣੇ ਵਤਨ ਦੀ ਮਿੱਟੀ ਨੂੰ ਤਰਸਦੇ ਰਹੇ,
ਸਾਡੀ ਮਹਾਰਾਣੀ ਜਿੰਦ ਕੌਰ ਦੇ ਫੁੱਲ।
ਉਸ ਦੇ ਲਾਡਲੇ ਪੁੱਤਰ ਦਲੀਪ ਸਿੰਘ ਦੇ,
ਸਕੇ ਆ ਨਾ ਵਿਚ ਲਾਹੌਰ ਦੇ ਫੁੱਲ।
ਅਫ਼ਸੋਸ! ਜੇ ਰਣਜੀਤ ਸਿੰਘ ਪਹਿਲੋਂ ਈ ਚੁਣ ਲੈਂਦਾ,
ਕਿਤੇ 'ਤੇਜੇ' ਤੇ 'ਲਾਲੂ' ਗ਼ੱਦਾਰ ਦੇ ਫੁੱਲ।
ਐਨੀ ਜਲਦ ਫਿਰ ਕਦੀ ਮੁਰਝਾਂਵਦੇ ਨਾ,
ਟਹਿਕੇ ਹੋਏ 'ਲਾਹੌਰ ਦਰਬਾਰ' ਦੇ ਫੁੱਲ।
ਤੇ ਖਿੜ-ਖਿੜ ਹੱਸਦੇ ਵਿਚ ਪੰਜਾਬ ਦੇ ਨਾ,
ਕਦੇ ਗੋਰੀ ਅੰਗਰੇਜ਼ ਸਰਕਾਰ ਦੇ ਫੁੱਲ।
ਜਿਸ ਆਜ਼ਾਦੀ ਲਈ ਜ਼ਿੰਦਗੀ ਭੇਟ ਕੀਤੀ,
ਕਿੱਧਰ ਗਏ ਕਰਤਾਰ ਸਿੰਘ ਸਰਾਭੇ ਦੇ ਫੁੱਲ।
ਅੱਜ ਤੱਕ ਵੀ ਕਿਸੇ ਨੇ ਨਹੀਂ ਦੇਖੇ,
ਮਹਾਰਾਜੇ ਰਿਪੁਦੱਮਨ ਸਿੰਘ ਨਾਭੇ ਦੇ ਫੁੱਲ।
ਬਾਬਾ ਰਾਮ ਸਿੰਘ ਦੀ ਛਤਰ ਛਾਇਆ ਥੱਲੇ,
ਕੁਚਲ਼ੇ ਗਏ ਕਈ ਮਾਝੇ ਦੁਆਬੇ ਦੇ ਫੁੱਲ।
ਜਿਸ ਅਡਵਾਇਰ ਦੀ ਫਟਕੜੀ 'ਫੁੱਲ' ਕੀਤੀ,
ਰੁਲ਼ੇ ਲੰਡਨ ਵਿਚ ਓਸ ਜੁਆਨ ਦੇ ਫੁੱਲ।
'ਫੁੱਲ ਹਾਊਸ' ਵਿਚ ਦੁਸ਼ਮਣ ਦੇ 'ਫੁੱਲ' ਚੁਣ ਲਏ,
ਮਸਾਂ ਮਿਲੇ ਸਨ ਊਧਮ ਬਲਵਾਨ ਦੇ ਫੁੱਲ।
ਮਾਰ-ਮਾਰ ਡਾਂਗਾਂ ਤੋੜੇ ਜ਼ਾਲਮਾਂ ਨੇ,
'ਬਾਗ ਗੁਰੂ' ਦੇ ਕਈ ਹਜ਼ਾਰ ਦੇ ਫੁੱਲ।
ਨਾਲ ਸ਼ਰਧਾ ਸਤਿਕਾਰ ਦੇ ਭੇਟ ਕਰੀਏ,
ਉਨ੍ਹਾਂ ਦੇਸ਼ ਭਗਤਾਂ ਵਫ਼ਾਦਾਰਾਂ ਦੇ ਫੁੱਲ।
ਜੁੱਗ-ਜੁੱਗ ਵੱਸਦਾ ਰਹੇ ਪੰਜਾਬ ਸਾਡਾ,
ਰਹਿਣ ਖਿੜੇ 'ਦਿਲਬਰ' ਇਸ ਗੁਲਜ਼ਾਰ ਦੇ ਫੁੱਲ !'

# ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਨਗਰ ਪੰਚਾਇਤ ਦਿੜ੍ਹਬਾ ਨੂੰ ਕੂੜਾ ਕਰਕਟ ਦੇ ਯੋਗ ਪ੍ਰਬੰਧਨ ਲਈ 46 ਲੱਖ ਦੀ ਲਾਗਤ ਵਾਲੇ ਦੋ ਅਤਿ ਆਧੁਨਿਕ ਸਫ਼ਾਈ ਵਾਹਨ ਸੌਂਪੇ

**ਦਿੜ੍ਹਬਾ/ਸੰਗਰੂਰ, (ਦਲਜੀਤ ਕੌਰ)-** ਦਿੜ੍ਹਬਾ ਨਗਰ ਪੰਚਾਇਤ ਨੂੰ ਵਾਰਡਾਂ ਦੀ ਨਿਯਮਤ ਸਾਫ਼ ਸਫ਼ਾਈ ਲਈ ਦੋ ਅਤਿ ਆਧੁਨਿਕ ਸਫਾਈ ਵਾਹਨ ਸੌਂਪਦਿਆਂ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਵਿਧਾਨ ਸਭਾ ਹਲਕਾ ਦਿੜ੍ਹਬਾ ਨੂੰ ਹਰ ਪੱਖੋਂ ਸਰਵੋਤਮ ਬਣਾਉਣ ਦੀ ਦਿਸ਼ਾ ਵਿੱਚ ਇਹ ਅਗਲਾ ਸਾਰਥਕ ਕਦਮ ਹੈ। ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਚੌਗਿਰਦੇ ਨੂੰ ਸਾਫ਼ ਸੁਥਰਾ ਰੱਖਣ ਲਈ ਜਿਵੇਂ ਰੁੱਖਾਂ ਦੀ ਅਹਿਮੀਅਤ ਹੈ ਠੀਕ ਉਸ ਤਰ੍ਹਾਂ ਹੀ ਆਪਣੇ ਆਲੇ ਦੁਆਲੇ ਨੂੰ ਸਾਫ਼ ਰੱਖਣਾ ਵੀ ਸਾਡਾ ਸਾਰਿਆਂ ਦਾ ਨੈਤਿਕ ਫਰਜ਼ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਦਿੜ੍ਹਬਾ ਸ਼ਹਿਰ ਨੂੰ ਸਾਫ਼ ਸਫਾਈ ਲਈ ਕਰੀਬ 46 ਲੱਖ ਰੁਪਏ ਦੀ ਲਾਗਤ ਵਾਲੀਆਂ ਦੋ ਗੱਡੀਆਂ ਮੁਹੱਈਆ ਕਰਵਾਈਆਂ ਗਈਆਂ ਹਨ ਜੋ ਕਿ ਅੱਜ ਨਗਰ ਪੰਚਾਇਤ ਨੂੰ ਸੌਂਪ ਦਿੱਤੀਆਂ ਗਈਆਂ ਹਨ।



ਕੈਬਨਿਟ ਮੰਤਰੀ ਨੇ ਕਿਹਾ ਕਿ ਸੀਵਰੇਜ ਦੀ ਸਫਾਈ ਲਈ 39 ਲੱਖ ਰੁਪਏ ਦੀ ਲਾਗਤ ਵਾਲੀ ਸੁਪਰ ਸਕਸ਼ਨ ਮਸ਼ੀਨ ਅਤੇ ਕੂੜਾ ਕਰਕਟ ਇਕੱਤਰ ਕਰਨ ਲਈ ਕਰੀਬ 7 ਲੱਖ ਰੁਪਏ ਦੀ ਲਾਗਤ ਵਾਲੀ ਟਾਟਾ ਏਸ ਨਾਲ ਨਗਰ ਪੰਚਾਇਤ ਦੀਆਂ ਸੁਵਿਧਾਵਾਂ ਵਿੱਚ ਵਾਧਾ ਹੋਇਆ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਜਲਦੀ ਹੀ 5 ਹੋਰ ਨਵੇਂ ਟਾਟਾ ਏਸ ਦਿੜ੍ਹਬਾ ਨਗਰ ਪੰਚਾਇਤ ਨੂੰ ਮੁਹੱਈਆ ਕਰਵਾਏ ਜਾਣਗੇ ਤਾਂ ਜੋ ਨਗਰ ਪੰਚਾਇਤ ਅਧੀਨ ਆਉਂਦੇ ਹਰ ਘਰ ਵਿੱਚੋ ਗਿੱਲਾ ਤੇ ਸੁੱਕਾ ਕੂੜਾ ਵੱਖ ਵੱਖ ਇਕੱਤਰ ਕਰਨ ਦੀ ਮੁਹਿੰਮ ਤੇ ਕੂੜੇ ਦੇ ਯੋਗ ਪ੍ਰਬੰਧਨ ਨੂੰ ਯਕੀਨੀ ਬਣਾਉਣ ਲਈ ਮਜ਼ਬੂਤੀ ਮਿਲੇਗੀ ਅਤੇ ਸਫਾਈ ਵਿਵਸਥਾ ਵਿੱਚ ਵੱਡਾ ਸੁਧਾਰ ਹੋਵੇਗਾ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਦਿੜ੍ਹਬਾ ਵਿਖੇ ਤਹਿਸੀਲ ਕੰਪਲੈਕਸ ਦੀ ਉਸਾਰੀ ਪ੍ਰਕਿਰਿਆ ਤੇਜ਼ੀ ਨਾਲ ਨੇਪਰੇ ਚੜ੍ਹਾਈ ਜਾ ਰਹੀ ਹੈ ਅਤੇ ਜੂਨ ਮਹੀਨੇ ਤੱਕ ਇਸ ਦੀ ਇਮਾਰਤ ਤਿਆਰ ਕਰਵਾ ਕੇ ਪ੍ਰਸ਼ਾਸਨ ਅਤੇ ਪੁਲਿਸ ਦੇ ਉੱਚ ਅਧਿਕਾਰੀਆਂ ਦੇ ਦਫ਼ਤਰ ਇਸ ਵਿੱਚ ਸੇਵਾਵਾਂ ਆਰੰਭ ਕਰ ਦੇਣਗੇ।

ਇਸ ਮੌਕੇ ਐਸ।ਡੀ।ਐਮ ਦਿੜ੍ਹਬਾ ਰਾਜੇਸ਼ ਸ਼ਰਮਾ, ਡੀਐਸਪੀ ਪ੍ਰਿਥਵੀ ਸਿੰਘ ਚਹਿਲ, ਓ।ਐਸ।ਡੀ ਤਪਿੰਦਰ ਸਿੰਘ ਸੋਹੀ, ਕਾਰਜਸਾਧਕ ਅਫਸਰ ਚੰਦਰ ਪ੍ਰਕਾਸ਼ ਵਧਵਾ ਵੀ ਹਾਜ਼ਰ ਸਨ।

# ਘਰ ਵਿਚ ਕਿਤਾਬਾਂ ਦਾ ਮਹੱਤਵ ...



**ਕੇਹਰ ਸ਼ਰੀਫ**

ਮਨੁੱਖੀ ਜ਼ਿੰਦਗੀ ਬਹੁਤ ਹੀ ਖੂਬਸੂਰਤ ਹੈ, ਇਸ ਦੀ ਖੂਬਸੂਰਤੀ ਦੇ ਵਾਧੇ ਵਿਚ ਕਿਤਾਬਾਂ ਬਹੁਤ ਵੱਡਾ ਯੋਗਦਾਨ ਪਾਉਂਦੀਆਂ ਹਨ। ਮਨੁੱਖ ਜੀਊਂਦਿਆਂ ਬਹੁਤ ਸਾਰੇ ਸੁਪਨੇ ਸਿਰਜਦਾ ਹੈ ਅਤੇ ਉਨ੍ਹਾਂ ਨੂੰ ਸਾਕਾਰ ਕਰਨ ਵਾਸਤੇ ਪੂਰੀ ਵਾਹ ਲਾਉਂਦਾ ਹੈ। ਕਿਤਾਬਾਂ ਪੜ੍ਹਦਿਆਂ ਸੋਚਣ ਦੇ ਨਵੇਂ ਢੰਗ-ਤਰੀਕੇ ਸਿੱਖਦਾ ਹੈ ਅਤੇ ਉਨ੍ਹਾਂ ਉੱਤੇ ਅਮਲ ਕਰਨ ਵਲ ਰੁਚਿਤ ਹੁੰਦਾ ਹੈ। ਜਦੋਂ ਸਮਾਜ ਦੀ ਵਰਤਮਾਨ ਅੰਦਰਲੀ ਦਸ਼ਾ ਬਾਰੇ ਸੋਝੀ ਹੁੰਦੀ ਹੈ ਤਾਂ ਨਵੇਂ ਰਾਹ ਭਾਲਦਾ ਅਤੇ ਉਨ੍ਹਾਂ 'ਤੇ ਤੁਰਨ ਦਾ ਜਤਨ ਕਰਦਾ ਹੈ। ਗਿਆਨ ਬੰਦੇ ਨੂੰ ਇਸ ਰਾਹੇ ਤੋਰਨ ਦਾ ਸਬੱਬ ਬਣਦਾ ਹੈ, ਜਿਸ ਦੇ ਆਸਰੇ ਮਨੁੱਖ ਜਗਿਆਸੂ ਬਿਰਤੀ ਨਾਲ ਆਪਣੀ ਮਿੱਥੀ ਹੋਈ ਮੰਜ਼ਿਲ ਵਲ ਸੌਖਿਆਂ ਵਧ ਸਕਦਾ ਹੈ।

ਹਰ ਮਨੁੱਖ ਦੀਆਂ ਬੁਨਿਆਦੀ ਲੋੜਾਂ ਵਿਚ ਖਾਣ-ਪੀਣ ਅਤੇ ਰਹਿਣ ਆਦਿ ਦੀਆਂ ਸਹੂਲਤਾਂ ਦੀਆਂ ਹੀ ਗੱਲਾਂ ਕੀਤੀਆਂ ਜਾਂਦੀਆਂ ਹਨ। ਪਰ ਜਿਨ੍ਹਾਂ ਲੋਕਾਂ ਨੇ ਬੌਧਿਕਤਾ ਵਲ ਤੁਰਨਾ ਹੁੰਦਾ ਹੈ ਉਨ੍ਹਾਂ ਨੂੰ ਕਿਤਾਬਾਂ ਦੀ ਉਂਗਲ ਫੜਨੀ ਹੀ ਪੈਂਦੀ ਹੈ ਤਾਂ ਜੋ ਗਿਆਨ/ਸੂਝ ਦੇ ਦਰ ਤੱਕ ਪਹੁੰਚ ਸਕਣ। ਅੱਜ ਉਹ ਵਕਤ ਹੈ ਜਦੋਂ ਕਿਤਾਬ ਬਹੁਤ ਸਾਰੇ ਲੋਕਾਂ ਦੇ ਵਸੋਂ ਬਾਹਰੀ 'ਸ਼ੈਅ' ਨਹੀਂ, ਲੋੜ ਤਾਂ ਇਸ ਪਾਸੇ ਰੁਖ ਕਰਕੇ ਤੁਰਨ ਦੀ ਹੈ। ਆਦਤ ਜਾਂ ਗੇਜ੍ਹ ਪਾਉਣ ਦੀ ਹੈ। ਇਸਦਾ ਸਬੰਧ ਮਨ ਦੀ ਜਗਿਆਸੂ ਬਿਰਤੀ ਨਾਲ ਹੈ। ਇਸ ਵਾਸਤੇ ਸੁੱਤੇ ਮਨ ਨੂੰ ਜਗਾਉਣਾ ਪੈਂਦਾ ਹੈ। ਉਂਜ ਵੀ ਅਕਲ ਦੇ ਵਿਹੜੇ ਪੈਰ ਰੱਖਣ ਤੋਂ ਝਿਜਕ/ਸ਼ਰਮ ਕਾਹਦੀ? ਹਰ ਜਗਿਆਸੂ ਮਨੁੱਖ ਕਿਤਾਬ ਨੂੰ ਆਪਣੀ ਲੋੜ ਸਮਝੇ ਤੇ ਇਸਦੇ ਸਿੱਟੇ ਵਜੋਂ ਸਮਾਜ ਜਾਂ ਸਮਾਜਾਂ ਅੰਦਰ ਨਿੱਤ ਪੈਦਾ ਹੁੰਦੇ ਬੇਲੋੜੇ ਤਣਾਵਾਂ/ਟਕਰਾਵਾਂ/ਝਗੜਿਆਂ ਤੋਂ ਸਹਿਜੇ ਹੀ ਬਚਿਆ ਜਾ ਸਕਦਾ ਹੈ। ਮੈਕਸਿਮ ਗੋਰਕੀ ਦੇ ਕਹਿਣ ਅਨੁਸਾਰ "ਬਿਹਤਰ ਜ਼ਿੰਦਗੀ ਦਾ ਰਾਹ ਬਿਹਤਰ ਕਿਤਾਬਾਂ ਵਿਚੋਂ ਹੋ ਕੇ ਜਾਂਦਾ ਹੈ।" ਅਜਿਹੇ ਮੁੱਲਵਾਨ ਕਥਨਾਂ ਨੂੰ ਪੱਲੇ ਬੰਨ੍ਹ ਲੈਣਾ ਚਹੀਦਾ ਹੈ। ਹਰ ਮਨੁੱਖ ਹੀ ਆਪਣੇ ਘਰ ਦੀ ਖੁਬਸੂਰਤੀ ਵਾਸਤੇ ਲੋੜ ਦੀਆਂ ਚੀਜ਼ਾਂ ਆਪਣੇ ਵਸੋਂ ਬਾਹਰਾ ਹੋ ਕੇ ਖਰੀਦਦਾ ਹੈ, ਪਰ ਗਿਆਨ ਦਾ ਭਰਪੂਰ ਖਜ਼ਾਨਾ ਕਿਤਾਬਾਂ ਖਰੀਦਣ ਵੇਲੇ ਕੰਜੂਸੀ ਕਿਉਂ ਕਰਦਾ ਹੈ? ਆਪਣੇ ਆਪ ਨੂੰ ਪੜ੍ਹੇ ਲਿਖੇ ਕਹਾਉਂਦੇ ਲੋਕ ਘਰ ਦੇ ਖਰਚ ਨੂੰ ਸਾਵਾਂ ਰੱਖਣ ਵਾਸਤੇ (ਜਾਂ ਦੂਜਿਆਂ ਸਾਹ-ਮਣੇ ਆਪਣੇ ਆਪ ਨੂੰ ਐਵੇਂ ਹੀ ਸਿਆਣਾ ਦੱਸਣ ਵਾਸਤੇ) ਘਰ ਦਾ ਬੱਜਟ ਬਣਾਉਂਦੇ ਹਨ। ਪਰ ਕਿੰਨੇ ਕੁ ਘਰ ਹੋਣਗੇ ਜਿੱਥੇ ਕਿਤਾਬਾਂ ਲਈ ਖਰਚਣ ਵਾਸਤੇ ਵੀ ਘਰੇਲੂ ਬੱਜਟ ਵਿਚ ਕੁੱਝ ਰੱਖਿਆ ਗਿਆ ਹੋਵੇ। ਪੰਜਾਬੀ ਲੇਖਕਾਂ ਵਿਚ ਇਹ ਰੁਚੀ ਬਹੁਤ ਹੀ ਘੱਟ ਦੇਖੀ ਗਈ ਹੈ ਕਿ ਉਹ ਖੁਦ ਖਰੀਦ ਕੇ ਕਿਤਾਬਾਂ ਪੜ੍ਹਦੇ ਹੋਣ। ਬਹੁਤੇ ਤਾਂ ਮੁਫਤ ਮਿਲਣ ਵਾਲੀਆਂ ਕਿਤਾਬਾਂ ਦੀ ਹੀ ਉਡੀਕ ਕਰੀ ਜਾਂਦੇ ਹਨ। ਇਸ ਕਰਕੇ ਹੀ ਜਦੋਂ ਕਿਸੇ ਪੁਸਤਕ ਉਤੇ ਹੋ ਰਹੀ ਗੋਸ਼ਟੀ/ਵਿਚਾਰ ਚਰਚਾ ਵਿਚ ਭਾਗ ਲੈਣ ਜਾਂਦੇ ਹਨ ਤਾਂ 'ਮੂੰਹ-ਜ਼ੁਬਾਨੀ' ਭਾਵ ਬਿਨਾ ਕਿਤਾਬ ਪੜ੍ਹਿਆਂ ਹੀ ਉਸ ਕਿਤਾਬ ਬਾਰੇ 'ਵਿਦਵਤਾ ਭਰਪੂਰ' ਲੈਕਚਰ ਝਾੜ ਦੇਣਗੇ। ਜੇ ਕੋਈ ਪੁੱਛ ਲਵੇ ਕਿ ਜਦੋਂ ਕਿਤਾਬ ਪੜ੍ਹੀ ਹੀ ਨਹੀਂ ਤਾਂ ਐਵੇਂ ਹੀ ਬਿਨਾਂ ਕਿਤਾਬ ਪੜ੍ਹਿਆਂ ਕਮ.ਲ ਘੋਟਣ ਦਾ ਕੀ ਫਾਇਦਾ? ਅੱਗਿਓਂ ਬੇਸ਼ਰਮੀ ਭਰਿਆ ਜਵਾਬ ਦੇਣਗੇ, 'ਸੱਦਾ ਭੇਜਣ ਵਾਲੇ ਪ੍ਰਬੰਧਕਾਂ ਦਾ ਮਾਣ ਵੀ ਤਾਂ ਰੱਖਣਾਂ ਹੋਇਆ'। ਜਿਨ੍ਹਾਂ ਸਮਾਜਾਂ ਨੇ ਤਰੱਕੀ/ਵਿਕਾਸ ਕਰਨਾ ਹੁੰਦਾ ਹੈ ਉਨ੍ਹਾਂ ਨੂੰ ਨਵੀਂ ਸੋਚ ਦੀ ਲੋੜ ਪੈਂਦੀ ਹੈ। ਫਲਸਫਿਆਂ ਨੂੰ ਜਨਮ ਦੇਣ ਵਾਲੇ, ਆਮ ਲੋਕਾਂ ਦੀ ਅਗਵਾਈ ਕਰਨ ਦੇ ਐਵੇਂ ਹੀ ਯੋਗ ਨਹੀਂ ਹੋ ਜਾਂਦੇ, ਉਨ੍ਹਾਂ ਦੀ ਨਵੀਂ ਦ੍ਰਿਸ਼ਟੀ/ਨਵੇਂ ਵਿਚਾਰ ਹੀ ਲੋਕਾਂ ਨੂੰ ਪ੍ਰਭਾਵਿਤ ਕਰਦੇ ਹਨ ਜਿਸ ਸਦਕਾ ਕੋਈ ਨਵੀਂ ਲੀਹ ਤੁਰਦੀ ਹੈ। ਜਦੋਂ ਧਾਰਮਿਕ ਬਿਰਤੀ ਵਾਲੇ ਕਹੇ ਜਾਂਦੇ ਮਹਾਂਪੁਰਸ਼ਾਂ ਨੇ ਲੋਕਾਂ ਨੂੰ 'ਰੱਬ ਦੇ ਘਰ' ਦਾ ਰਸਤਾ ਦੱਸਣ ਵਾਸਤੇ ਵੇਦ ਗ੍ਰੰਥ ਰਚੇ ਦੁਨੀਆਂ ਤੇ ਵੱਖੋ-ਵੱਖ ਸਮਾਜਾਂ ਅੰਦਰ ਸੰਚਾਰ ਦੇ ਬਹੁਤ ਘੱਟ ਸਾਧਨ ਮੌਜੂਦ ਸਨ। ਉਦੋਂ ਪੱਤਿਆਂ ਆਦਿ 'ਤੇ ਲਿਖਣ ਦੇ ਯੁੱਗ ਵਿਚ ਵੀ ਗ੍ਰੰਥ ਲਿਖੇ ਗਏ। ਲਗਨ ਮਨੁੱਖ ਨੂੰ ਅਣਦਿਸਦੇ ਰਾਹਾਂ ਉੱਤੇ ਤੁਰਨ ਵਾਲੀ ਸੋਝੀ ਬਖਸ਼ ਦਿੰਦੀ ਹੈ। ਜਦੋਂ ਲਗਨ ਜਨੂਨ ਬਣ ਜਾਵੇ ਤਾਂ ਬੰਦਾ ਕੁੱਝ ਵੀ ਕਰ ਸਕਦਾ ਹੈ। ਸੂਝਵਾਨਾਂ ਵਲੋਂ ਸੰਸਾਰ ਨੂੰ ਪਿਆਰ ਕਰਨ ਵਾਲੇ ਹਾਂ ਪੱਖੀ ਲਗਨ/ਜਨੂਨ ਨੇ ਦੁਨੀਆਂ ਨੂੰ ਬਹੁਤ ਬਦਲਿਆ ਹੈ। ਅੱਜ ਤੱਕ ਅਸੀਂ ਕਿਵੇਂ ਪਹੁੰਚੇ ਹਾਂ ਇਸ ਵਿਕਾਸ ਦੇ ਰਾਹ ਬਾਰੇ ਪੜ੍ਹਨ ਦੀ ਬਹੁਤ ਲੋੜ ਹੈ।

ਬ੍ਰਾਹਮਣਵਾਦੀ ਗਲਬੇ ਦੇ ਦੌਰ ਵਿਚ ਭਾਰਤੀ ਸਮਾਜ ਅੰਦਰ ਅਕਲ ਦੀਆਂ ਗੱਲਾਂ ਦੱਸਦੇ ਇਨ੍ਹਾਂ ਵੇਦ-ਗ੍ਰੰਥਾਂ ਨੂੰ ਵਰਤਣ/ਪਰਖਣ/ਸਮਝਣ ਉੱਤੇ ਵੀ ਮਨੁੱਖਾਂ ਨਾਲ ਮੱਤਭੇਦ ਕੀਤਾ ਗਿਆ ਜੋ ਅਜ ਤੱਕ ਵੀ ਭਾਰਤੀ ਨਸਲਵਾਦ ਕਰਕੇ ਹੀ ਜਾਣਿਆ ਜਾਂਦਾ ਹੈ। ਬਹੁਤ ਸਮਾਂ ਬਾਅਦ ਸਮਾਜ ਨੂੰ ਅਸਲੋਂ ਮਨੁੱਖ ਵਾਸਤੇ ਸੁਚੱਜਾ ਬਨਾਉਣ ਵਾਲਿਆਂ ਨੇ ਆਪਣਾ ਫ਼ਰਜ਼ ਨਿਭਾਉਣ ਵਿਚ ਕੋਤਾਹੀ ਨਹੀਂ ਕੀਤੀ। ਜੇ ਗੱਲ ਦਰਸ਼ਨ ਦੇ ਪੱਧਰ 'ਤੇ ਕੀਤੀ ਜਾਵੇ ਤਾਂ ਕਿਹਾ ਜਾ ਸਕਦਾ ਹੈ ਕਿ ਸਿਆਣੇ ਵਿਚਾਰਾਂ ਨਾਲ ਮਨੁੱਖ ਨੂੰ ਸਦਾ ਹੀ ਨਵੀਂ ਵਿਚਾਰਧਾਰਕ ਧਰਤ ਅਤੇ ਨਵੀਂ ਸੇਧ ਮਿਲੀ ਹੈ। ਜਦੋਂ ਨਿਰੀ "ਧਾਰਮਿਕਤਾ" ਦੀਆਂ ਝੂਠੀਆ ਬਾਤਾਂ ਪਾ ਕੇ ਲੋਕਾਂ ਨੂੰ ਇਸ ਧੁੰਦਵਾਦ ਨਾਲ ਹੀ ਪ੍ਰਚਾਇਆ ਜਾਂਦਾ ਹੋਵੇ ਤਾਂ ਸਮਾਜ ਦੀ ਸੱਚੀ ਨਿਰਖ-ਪਰਖ ਕਰਨ ਵਾਲੇ ਵੀ ਪਿੱਛੇ ਨਹੀਂ ਰਹਿੰਦੇ, ਉਹ ਵੀ ਆਪਣਾ ਯੋਗਦਾਨ ਪਾਉਂਦੇ ਹਨ। ਸਦੀਆਂ ਪਹਿਲਾਂ ਭਾਰਤ ਅੰਦਰ ਭਗਤੀ ਲਹਿਰ ਸਮੇਂ ਅਤੇ ਗੁਰੂ ਕਾਲ ਵੇਲੇ ਇਸੇ ਤਰ੍ਹਾਂ ਸੰਵਾਦ ਛੇੜਿਆ ਗਿਆ। ਬਾਬਾ ਨਾਨਕ ਵਲੋਂ ਗੋਸ਼ਟਿ ਦਾ ਸਿਧਾਂਤ ਸਾਡੇ ਸਭ ਦੇ ਸਾਹਮਣੇ ਹੈ। ਅੱਜ ਵੀ ਮਸਲੇ ਸੁਲਝਾਣ ਵੇਲੇ ਇਹ ਹੀ ਸਿਧਾਂਤ ਕੰਮ ਆਉਂਦਾ ਹੈ।

ਚਿਰ ਬਾਅਦ ਨਵੇਂ ਯੁੱਗ ਵਿਚ ਕਾਰਲ ਮਾਰਕਸ ਵਰਗੇ ਮਹਾਨ ਮਨੁੱਖ ਅਤੇ ਉਹਦੇ ਸਾਥੀ ਆਉਂਦੇ ਹਨ ਤੇ ਆਪਣੀਆਂ ਲਿਖਤਾਂ/ਕਿਤਾਬਾਂ ਰਾਹੀਂ ਨਵੇਂ ਵਿਚਾਰਾਂ ਨਾਲ ਮਨੁੱਖਾਂ/ਸਮਾਜਾਂ ਨੂੰ ਹਲੂਣ ਕੇ ਨਵੇਂ 'ਰਾਹ' ਤੋਰਨ ਦਾ ਸਬੱਬ ਬਣ ਜਾਂਦੇ ਹਨ। (ਕਾਰਲ ਮਾਰਕਸ ਦੀਆਂ ਲਿਖਤਾਂ ਖਾਸ ਕਰਕੇ 'ਸਰਮ-ਾਇਆ' ਲੁੱਟ ਰਹਿਤ ਦੁਨੀਆਂ ਦੇਖਣ ਚਾਹੁਣ ਵਾਲਿਆਂ ਦਾ ਪੱਥ ਪ੍ਰਦਰਸ਼ਕ ਬਣੀ ਅਤੇ ਜਦੋਂ ਤੱਕ ਲੁੱਟ ਰਹਿਤ ਸਮਾਜ ਨਹੀਂ ਬਣਦਾ, ਬਣੀ ਰਹੇਗੀ) ਨਵੀਆਂ ਲੀਹਾਂ ਦੇ ਸਿਰਜਣਹਾਰਿਆਂ ਨੇ ਆਪਣੇ ਆਪ ਨੂੰ ਸ਼ਬਦ ਨਾਲ ਜੋੜਿਆ ਅਤੇ ਆਪਣੇ ਸੰਗੀਆਂ-ਸਾਥੀਆਂ, ਸ਼ੁਭਚਿੰਤਕਾਂ ਅਤੇ ਪੈਰੋਕਾਰਾਂ ਨੂੰ ਵੀ ਇਸੇ ਰਾਹੇ ਤੁਰਨ ਵਾਸਤੇ ਪ੍ਰੇਰਿਤ ਕੀਤਾ। ਧਾਰਮਿਕ ਖੇਤਰ ਵਿਚ ਮੱਥੇ ਰਗੜਨ ਵਾਲੇ ਤਾਂ ਕਰੋੜਾਂ ਹੀ ਨਿੱਤ ਦੇਖੇ ਜਾ ਸਕਦੇ ਹਨ, ਇਨ੍ਹਾਂ ਵਿਚੋਂ ਸ਼ਬਦ ਨਾਲ ਕਿੰਨੇ ਕੁ ਜੁੜੇ ਹੋਏ ਹਨ? ਇੱਥੇ ਸਵਾਲੀਆ ਨਿਸ਼ਾਨ ਕਾਫੀ ਵੱਡਾ ਨਜ਼ਰ ਆਉਂਦਾ ਹੈ। ਸੰਸਾਰ ਵਿਚ ਹਰ ਧਾਰਮਕ ਜਾਂ ਗੈਰ-ਧਾਰਮਕ ਮਨੁੱਖ ਦਾ ਗੁਰੂ - ਸ਼ਬਦ / ਗਿਆਨ ਹੀ ਹੈ।

ਜਾਗਦੇ ਮਨੁੱਖ ਦੇ ਮਨ ਦੀ ਜਗਿਆਸਾ ਮਨੁੱਖ ਨੂੰ ਟਿਕ ਕੇ ਬਹਿਣ ਨਹੀਂ ਦਿੰਦੀ। ਇਹ ਟਿਕ ਕੇ ਨਾ ਬਹਿਣ ਦੀ ਬਿਰਤੀ ਹੀ ਮਨੁੱਖ ਨੂੰ ਕ੍ਰਿਆਸ਼ੀਲ ਰਖਦੀ ਹੈ। ਪੱਛਮੀ ਸਮਾਜਾਂ ਵਿਚ ਜਿੱਧਰ ਵੀ ਜਾਉ ਲੋਕਾਂ ਦੇ ਘਰਾਂ ਵਿਚ ਹੋਰ ਲੋੜ ਵਾਲੀਆਂ ਵਸਤਾਂ ਦੇ ਨਾਲ ਤੁਹਾਨੂੰ ਕਿਤਾਬਾਂ ਵੀ ਨਜ਼ਰੀਂ ਪੈਣਗੀਆਂ। ਬਹੁਤ ਸਾਰੇ ਲੋਕ ਵਿਹਲ ਦੇ ਸਮੇਂ ਨੂੰ ਪੜ੍ਹਨ ਲਈ ਵਰਤਦੇ ਹਨ। ਜਨਮ ਦਿਨਾਂ, ਵਿਆਹ-ਸ਼ਾਦੀਆਂ, ਵਰ੍ਹੇ-ਗੰਢਾਂ ਜਾਂ ਹੋਰ ਅਜਿਹੇ ਖੁਸ਼ੀ ਦੇ ਮੌਕਿਆਂ 'ਤੇ ਲੋਕ ਕਿਤਾਬਾਂ ਦੇ ਤੋਹਫੇ ਦਿੰਦੇ ਹਨ। ਸਾਡਾ ਸਮਾਜ ਅਜੇ ਵੀ ਝੱਗਿਆਂ/ਫਰਾਕਾਂ, ਲਹਿੰਗਿਆਂ ਆਦਿ ਵਿਚ ਹੀ ਕਿਉਂ ਫਸਿਆਂ ਬੈਠਾ ਹੈ? ਅਸੀਂ ਵੀ ਜੇ ਸੰਸਾਰ ਦੇ ਹਾਣ ਦਾ ਹੋਣਾ ਹੈ ਤਾਂ ਸਾਨੂੰ ਆਪਣੀ ਸੌੜੀ ਸੋਚ ਵਿਚੋਂ ਨਿਕਲ ਕੇ ਅੱਗੇ ਵਧਣ ਬਾਰੇ ਸੋਚਣਾ ਚਾਹੀਦਾ ਹੈ। ਲੋੜ ਹੈ ਅਗਿਆਨ ਦੀਆਂ ਆਪਣੀਆਂ ਹਨੇਰੀਆਂ ਖੁੱਡਾਂ ਵਿਚੋਂ ਨਿਕਲ ਕੇ ਦਿਨ ਦੇ ਚਾਨਣ ਨੂੰ ਫੜਨ ਦੀ। ਇਸ ਚਾਨਣ ਦੇ ਆਸਰੇ ਸੰਸਾਰ ਬਹੁਤ ਹੀ ਖੁਬਸੂਰਤ ਨਜ਼ਰ ਆਵੇਗਾ- ਸਾਨੂੰ ਨਵੇਂ ਨਜ਼ਰੀਏ / ਦ੍ਰਿਸ਼ਟੀਕੋਣ ਦੇ ਲੜ ਲੱਗ ਕੇ ਨਵੀਂ ਧਰਤ ਨੂੰ ਸਿਰਜਣ ਦੀ ਲੋੜ ਹੈ। ਕਿਤਾਬਾਂ ਸ਼ੀਸ਼ਾ ਬਣ ਕੇ ਸਾਡੇ ਸਾਹਮਣੇ ਹਨ ਉਨ੍ਹਾਂ ਵਿਚ ਆਪਣਾ ਆਪ ਦੇਖਣ ਦਾ ਜਤਨ ਤਾਂ ਕਰੀਏ। ਉਨ੍ਹਾਂ ਵਿਚ ਪੇਸ਼ ਕੀਤੇ ਵਿਚਾਰਾਂ ਤੋਂ ਸਿੱਖਣ ਦੇ ਰਾਹੇ ਤਾਂ ਪਈਏ। ਕਿਤਾਬਾਂ ਸਾਨੂੰ ਸਹਿਣਸ਼ੀਲ, ਦਇਆਵਾਨ ਤੇ ਚੰਗੇ ਇਨਸਾਨ ਬਣਾਉਂਦੀਆਂ ਹਨ। ਆਪਣੇ 'ਸਫਰਨਾਮਾ' ਮਾਰਕਾ ਲੇਖਕ ਜਦੋਂ ਵੀ ਬਾਹਰ ਜਾਂਦੇ ਹਨ ਤਾਂ ਖਾਧੇ ਹੋਏ ਪਕੌੜਿਆਂ-ਸਮੋਸਿਆਂ ਜਾਂ ਪੀਤੀਆਂ ਹੋਈਆਂ ਸ਼ਰਾਬਾਂ ਦਾ ਹੀ ਜ਼ਿਕਰ ਕਰੀ ਜਾਣਗੇ। ਬਾਹਰਲੇ ਸਮਾਜ, ਜਿਸ ਬਾਰੇ ਲਿਖਣ ਦਾ ਉਨ੍ਹਾਂ ਨੇ ਦਾਅਵਾ ਕੀਤਾ ਹੁੰਦਾ ਹੈ ਬਹੁਤਿਆਂ ਨੂੰ ਉਸਦੀ ਸਮਝ ਨਾ ਹੋਣ ਕਰਕੇ ਉਹਦਾ ਨਿਗੂਣਾ ਜਾਂ ਚਲਵਾਂ ਜਿਹਾ ਹੀ ਜ਼ਿਕਰ ਹੁੰਦਾ ਹੈ ਜਿਸ ਨਾਲ ਆਪਣੇ ਆਪ ਨੂੰ ਇਹ 'ਸਿਆਣੇ' ਕਹਾਉਣ ਵਾਲੇ ਭੰਬਲ਼ਭੂਸੇ ਭਰੀ ਧੁੰਦ ਖਿਲਾਰਨ ਤੋਂ ਵੱਧ ਕੁੱਝ ਵੀ ਨਹੀਂ ਕਰਦੇ। ਇਨ੍ਹਾਂ 'ਬੁੱਧੀਜੀਵੀਆਂ' ਨੂੰ ਬੌਧਿਕ ਗਰੀਬੀ ਢੋਣ ਵਾਲੇ ਗਰਜਾਂ ਬੱਧੇ ਦੋ-ਲੱਤੇ ਜੀਵ ਵੀ ਆਖਿਆ ਜਾ ਸਕਦਾ ਹੈ।

ਮਨੁੱਖ ਹਰ ਵੇਲੇ ਤਾਂ ਸਹਿਜ ਅਵਸਥਾ ਵਿਚ ਨਹੀਂ ਹੁੰਦਾ। ਕਦੇ ਮਨ ਵਿਚ ਕਿਸੇ ਗੱਲ ਦੀ ਕੁੜੱਤਣ, ਕਦੇ ਘਰੇਲੂ ਪ੍ਰੇਸ਼ਾਨੀਆਂ ਜਾਂ ਸਮਾਜ ਵਿਚ ਵਾਪਰ ਰਹੇ ਨਵੇਂ ਦਿਲ-ਢਾਹੂ ਵਰਤਾਰੇ ਸੰਵੇਦਨਸ਼ੀਲ ਮਨੁੱਖ ਨੂੰ ਦੁਖੀ ਕਰਦੇ ਹਨ। ਇਨ੍ਹਾਂ ਜਾਂ ਇਨ੍ਹਾਂ ਵਰਗੀਆਂ ਹੋ ਰਹੀਆਂ ਹੋਰ ਗੱਲਾਂ ਦੇ ਕਾਰਨਾਂ ਬਾਰੇ ਸੋਚਣ ਵਾਸਤੇ ਮਨ ਨੂੰ ਇਕਾਗਰ ਕਰਨਾ ਜ਼ਰੂਰੀ ਹੁੰਦਾ ਹੈ। ਅਜਿਹੇ ਮੌਕੇ ਮਨੁੱਖ ਵਾਸਤੇ ਕਿਤਾਬਾਂ ਤੋਂ ਵੱਡਾ ਹੋਰ ਕੌਣ ਸਹਾਈ ਹੋ ਸਕਦਾ ਹੈ? ਵਿਅਕਤੀ ਕੋਈ ਕਵਿਤਾ, ਕਹਾਣੀ, ਲੇਖ ਜਾਂ ਕੁੱਝ ਵੀ ਪੜ੍ਹੇ ਮਨ ਹੋਰ ਤਰ੍ਹਾਂ ਸੋਚਣ ਲਗਦਾ ਹੈ। ਇਹ 'ਹੋਰ' ਸੋਚਣਾਂ ਮਨ ਅੰਦਰ ਨਵਾਂ ਵਿਚਾਰ ਪੈਦਾ ਕਰਨ ਦਾ ਵਸੀਲਾ ਬਣ ਜਾਂਦਾ ਹੈ। ਮਨ ਨੂੰ ਚੜ੍ਹਦੀ ਕਲਾ ਵਲ ਜਾਣ ਦਾ ਰਸਤਾ ਮਿਲ ਜਾਂਦਾ ਹੈ। ਪਰ, ਇਹ ਤਦ ਹੀ ਸੰਭਵ ਹੋ ਸਕਦਾ ਹੈ ਜੇ ਸਾਧਨ ਵੀ ਹੋਵੇ। ਭਾਵ ਜੇ ਘਰ ਵਿਚ ਕਿਤਾਬਾਂ ਮੌਜੂਦ ਹੋਣਗੀਆਂ ਤਾਂ ਘਰੇਲੂ ਔਰਤਾਂ ਵੀ ਕੰਮਾਂ-ਕਾਰਾਂ ਤੋਂ ਵਿਹਲੀਆਂ ਹੋ ਕੇ ਜਾਂ ਘਰੇਲੂ ਕੰਮਾਂ ਵਿਚੋਂ ਵਿਹਲ ਕੱਢ ਕੇ ਪੜ੍ਹਨ ਵਲ ਰੁਚਿਤ ਹੋ ਸਕਦੀਆਂ ਹਨ। ਇਸ ਤਰ੍ਹਾਂ ਮਾਵਾਂ ਬੱਚਿਆਂ ਨੂੰ ਛੋਟੇ ਹੁੰਦਿਆਂ ਤੋਂ ਹੀ ਪੜ੍ਹਨ ਦੀ ਆਦਤ ਵੀ ਪਾ ਸਕਦੀਆਂ ਹਨ। ਛੋਟੇ ਬੱਚਿਆਂ ਵਾਸਤੇ ਤਸਵੀਰਾਂ ਵਾਲੀਆਂ ਕਿਤਾਬਾਂ ਬੇਹੱਦ ਜਰੂਰੀ ਅਤੇ ਲਾਭਦਾਇਕ ਹਨ ਜੋ ਹਰ ਘਰ ਵਿਚ ਹੋਣੀਆਂ ਚਾਹੀਦੀਆਂ ਹਨ, ਤਸਵੀਰਾਂ ਦੇਖਦਿਆਂ ਬੱਚੇ ਸਹਿਜ ਨਾਲ ਹੀ ਨਾਲ ਲਿਖਿਆ ਹੋਇਆ ਪਾਠ ਵੀ ਪੜ੍ਹਨਾ ਸਿੱਖਣ ਦਾ ਜਤਨ ਵੀ ਕਰਨਗੇ, ਇਸਿ ਤਰ੍ਹਾਂ ਬੱਚਿਆਂ ਨੂੰ ਬਿਨਾਂ ਕਿਸੇ ਔਖ ਤੋਂ ਸ਼ਬਦ ਦੇ ਲੜ ਲਾਇਆ ਜਾ ਸਕਦਾ ਹੈ। ਬੱਚੇ ਨੂੰ ਬਚਪਨ ਵਿਚ ਕਿਤਾਬ ਦੇ ਕੇ ਉਸਨੂੰ ਸਾਰੀ ਉਮਰ ਵਾਸਤੇ ਕਿਤਾਬ ਨਾਲ ਜੋੜਿਆ ਜਾ ਸਕਦਾ ਹੈ। ਆਉਣ ਵਾਲੇ ਕੱਲ੍ਹ ਨੂੰ ਖੁਸ਼ਗਵਾਰ ਬਨਾਉਣ ਵਾਸਤੇ ਇਹ ਬਹੁਤ ਜ਼ਰੂਰੀ ਹੈ। ਕਿਸੇ ਵੀ ਸਮਾਜ ਨੂੰ ਕਿਤਾਬਾਂ ਦੇ ਲੜ ਲਾ ਕੇ ਉਸ ਸਮਾਜ ਨੂੰ ਅਕਾਰਨ ਹੀ ਪੈਦਾ ਹੋਣ ਵਾਲੇ ਗੈਰ ਜਰੂਰੀ ਝਗੜਿਆਂ ਅਤੇ ਤਣਾਵਾਂ ਤੋਂ ਮੁਕਤ ਕੀਤਾ ਜਾ ਸਕਦਾ ਹੈ। ਕਿਤਾਬਾਂ ਦੇ ਆਸਰੇ ਊਚ-ਨੀਚ, ਵਖਰੇਵਿਆਂ, ਪਾੜਿਆਂ, ਜੰਗਾਂ ਅਤੇ ਨਫ਼ਰਤਾਂ ਤੋਂ ਰਹਿਤ, ਸੁਹਣਾ-ਸੁਚੱਜਾ ਅਤੇ ਭਰੱਪਣ ਭਰਿਆ, ਸ਼ਾਂਤਮਈ ਸਮਾਜ / ਸੰਸਾਰ ਵੀ ਸਿਰਜਿਆ ਜਾ ਸਕਦਾ ਹੈ।

**(ਸਦੀਵੀ ਵਿਛੋੜਾ ਦੇ ਚੁੱਕੇ ਸਤਿਕਾਰਿਤ ਲੇਖਕ ਸ੍ਰੀ ਕੇਹਰ ਸ਼ਰੀਫ ਦਾ ਇਕ ਪੁਰਾਣਾ ਲੇਖ)**

### 61 ਵਾਂ ਆਲ ਇੰਡੀਆ ਫੁੱਟਬਾਲ ਟੂਰਨਾਮੈਂਟ 15 ਤੋਂ 22 ਫਰਵਰੀ ਤਕ

# ਮਾਹਿਲਪੁਰ ਦੇ ਪ੍ਰਿੰ. ਹਰਭਜਨ ਸਿੰਘ ਦੀ ਬਹੁਪੱਖੀ ਦੇਣ ਨੂੰ ਯਾਦ ਕਰਦਿਆਂ

ਸ਼੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੇ ਬਾਨੀ ਪ੍ਰਿੰਸੀਪਲ ਸ.ਹਰਭਜਨ ਸਿੰਘ ਜੀ ਨੇ ਆਪਣਾ ਸਾਰਾ ਜੀਵਨ ਇਸ ਸਮਾਜ ਦੀ ਬਿਹਤਰੀ ਦੇ ਲੇਖੇ ਲਾਇਆ। ਉਹਨਾਂ ਦੀ ਯਾਦ ਵਿਚ ਹਰ ਸਾਲ ਅਯੋਜਿਤ ਕੀਤਾ ਜਾਣ ਵਾਲਾ ਕੌਮੀ ਫੁੱਟਬਾਲ ਟੂਰਨਾਮੈਂਟ 61 ਵੇਂ ਸਾਲ ਵਿਚ ਪੁੱਜ ਗਿਆ ਹੈ । ਉਹਨਾਂ ਦਾ ਜਨਮ 1892 ਈ ਵਿਚ ਜਮਾਂਦਾਰ ਬਸੰਤ ਸਿੰਘ ਬੈਂਸ ਦੇ ਸਪੁੱਤਰ ਤਹਿਸੀਲਦਾਰ ਨੱਥਾ ਸਿੰਘ ਬੈਂਸ ਦੇ ਘਰ ਮਾਤਾ ਕਿਸ਼ਨ ਕੌਰ ਜੀ ਦੀ ਕੁੱਖੋਂ ਪੱਤੀ ਚੱਕ ਵਾਲੀ ਮਾਹਿਲਪੁਰ (ਹੁਸ਼ਿਆਰਪੁਰ) ਵਿਖੇ ਹੋਇਆ ਸੀ।ਬਚਪਨ ਵਿਚ ਹੀ ਪਿਤਾ ਜੀ ਦੀ ਮੌਤ ਹੋ ਜਾਣ ਕਾਰਨ ਆਪ ਆਪਣੇ ਸ਼ਰੀਕੇ ਚੋਂ ਬਾਬਾ ਦਲੀਪ ਸਿੰਘ ਜੀ ਤੇ ਆਪਣੇ ਅਧਿਆਪਕ ਮੁਨਸ਼ੀ ਫਤਿਹ ਸਿੰਘ ਜੀ ਦੀ ਸਰਪ੍ਰਸਤੀ ਹੇਠ ਪਲੇ ਸਨ।



ਪੰਜਵੀਂ ਤੇ ਅੱਠਵੀਂ ਦੀਆਂ ਪ੍ਰੀਖਿਆਵਾਂ ਆਪ ਨੇ ਵਜ਼ੀਫਾ ਲੈਕੇ ਪਿੰਡ ਦੇ ਡਿਸਟ੍ਰਿਕਟ ਬੋਰਡ ਵਰਨੈਕੂਲਰ ਮਿਡਲ ਸਕੂਲ ਚੋਂ ਪਾਸ ਕੀਤੀਆਂ ਅਤੇ ਫੁੱਟਬਾਲ ਦੇ ਹੋਣਹਾਰ ਖਿਡਾਰੀ ਵੀ ਇਸੇ ਸਕੂਲ ਵਿਚ ਬਣ ਗਏ ਸਨ। ਜੂਨੀਅਰ ਸੀਨੀਅਰ ਗੌਰਮਿੰਟ ਹਾਈ ਸਕੂਲ ਹੁਸ਼ਿਆਰਪੁਰੋਂ ਪਾਸ ਕਰਨ ਉਪਰੰਤ ਦਸਵੀਂ ਡੀ.ਏ.ਵੀ. ਹਾਈ ਸਕੂਲ ਹੁਸ਼ਿਆਰਪੁਰ ਤੋਂ ਵਜ਼ੀਫਾ ਲੈ ਕੇ 1911 ਈ. ਵਿਚ ਪਾਸ ਕੀਤੀ ਸੀ। ਫਿਰ ਛੇਤੀ ਹੀ ਆਪ ਦਾ ਵਿਆਹ ਸ. ਦੇਵਾ ਸਿੰਘ ਅਤੇ ਸਰਦਾਰਨੀ ਪ੍ਰਤਾਪ ਕੌਰ ਦੀ ਸਪੁੱਤਰੀ ਕਰਤਾਰ ਕੌਰ ਨਾਲ ਹੋਇਆ।ਵਿਆਹ ਉਪਰੰਤ ਆਪ ਨੇ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਐਫ. ਏ. ਪਾਸ ਕੀਤੀ ਸੀ। ਇਸੇ ਕਾਲਜ ਵਿਚ ਆਪ ਵਲੋਂ ਗਣਿਤ ਦਾ ਪਰਚਾ ਸ਼ਾਨਦਾਰ ਹੱਲ ਕੀਤਾ ਦੇਖ ਕੇ ਉਸ ਉੱਪਰ ਗਣਿਤ ਦੇ ਪ੍ਰੋਫੈਸਰ ਨੇ ਲਿਖਿਆ ਸੀ ਉਇਹ ਵਿਦਿਆਰਥੀ ਕਿਸੇ ਦਿਨ ਹੈਰਾਨ ਕਰਨ ਵਾਲੇ ਕੰਮ ਕਰੇਗਾ'। ਉਸ ਵਲੋਂ ਕੀਤੀ ਭਵਿੱਖ ਬਾਣੀ ਸੱਚੀ ਨਿਕਲੀ। ਫਿਰ ਆਪ ਡੀ.ਏ. ਵੀ. ਕਾਲਜ ਲਾਹੌਰ ਵਿਚ ਦਾਖਲ ਹੋ ਕੇ 1915 ਈ. ਵਿਚ ਬੀ.ਏ ਪਾਸ ਕਰਕੇ ਤੇ ਖੇਡਾਂ ਵਿਚ ਨਾਮਣਾ ਕਮਾ ਕੇ ਖਾਲਸਾ ਹਾਈ ਸਕੂਲ ਅੰਬਾਲਾ ਵਿਚ ਮਾਸਟਰ ਲੱਗ ਗਏ ਸਨ।

ਸਰਕਾਰੀ ਸੈਂਟਰਲ ਕਾਲਜ ਲਾਹੌਰ ਤੋਂ ਬੀ.ਟੀ. ਕਰਕੇ 1917 ਈ. ਵਿਚ ਖਾਲਸਾ ਹਾਈ ਸਕੂਲ ਅੰਬਾਲਾ ਵਿਖੇ ਤਿੰਨ ਸਾਲ ਹੈੱਡਮਾਸਟਰ ਰਹੇ। ਫਿਰ ਦੋ ਸਾਲ ਮਾਲਵਾ ਹਾਈ ਸਕੂਲ ਲੁਧਿਆਣਾ ਦੀ ਹੈੱਡਮਾਸਟਰੀ ਤੇ ਇਕ ਸਾਲ ਖਾਲਸਾ ਹਾਈ ਸਕੂਲ ਖਰੜ ਦੀ ਪ੍ਰਿੰਸੀਪਲੀ ਕਰਕੇ 1924 ਈ. ਵਿਚ ਖਾਲਸਾ ਹਾਈ ਸਕੂਲ ਮਾਹਿਲਪੁਰ ਦੇ ਹੈਡਮਾਸਟਰ ਬਣ ਕੇ ਆਏ। ਆਪ ਜੀ ਦੇ ਪਹਿਲੇ ਸਕੂਲਾਂ ਵਾਂਗ ਹੀ ਇਹ ਵੀ ਪੜ੍ਹਾਈ ਤੇ ਖੇਡਾਂ ਪੱਖੋਂ ਪੰਜਾਬ ਦੇ ਸਿਰਕੱਢ ਸਕੂਲਾਂ ਵਿਚ ਗਿਣਿਆ ਜਾਣ ਲੱਗਾ। ਸ਼੍ਰੀ ਹਰੀਸ਼ ਚੰਦਰ ਬਾਲੀ ਅਸਿਸਟੈਂਟ ਟੂ ਦੀ ਇੰਨਸਪੈਕਟਰ ਆਫ ਸਕੂਲਜ਼ ਜਲੰਧਰ ਡਵੀਜ਼ਨ ਨੇ 15 ਨਵੰਬਰ 1944 ਈ.ਨੂੰ ਲਿਖਿਆ: 'ਜੋ ਵਿਸ਼ਾਲ ਖੇਡ ਦੇ ਮੈਦਾਨ, ਖੁੱਲ੍ਹੀ ਇਮਾਰਤ, ਅਣਥੱਕ ਮਿਹਨਤੀ ਤੇ ਉਤਸ਼ਾਹ ਦੇਣ ਵਾਲੀ ਸ਼ਖਸ਼ੀਅਤ ਦਾ ਮਾਲਕ ਹੈਡਮਾਸਟਰ, ਲਗਨ ਵਾਲੇ ਤੇ ਸਮਝਦਾਰ ਅਧਿਆਪਕ ਵਜ਼ੀਫਿਆਂ ਨਾਲ ਚਮਕ ਰਹੇ, ਹਰ ਪੱਧਰ ਤੇ ਸ਼ਾਨਦਾਰ ਨਤੀਜੇ, ਇਕ ਪੇਂਡੂ ਸਕੂਲ ਵਿਚ 1187 ਵਿਦਿਆਰਥੀਆਂ ਦੀ ਭਾਰੀ ਸੰਖਿਆ, ਹੈਡਮਾਸਟਰ ਦੇ ਸਕੂਲ ਕਮੇਟੀ ਅਤੇ ਸਕੂਲ ਸਟਾਫ ਨਾਲ ਚੰਗੇ ਸੰਬੰਧ, ਰਿਸ਼ਟ ਪੁਸ਼ਟ ਮੁੰਡੇ ਜਿਹੜੇ ਕਿ ਅਨੁਸ਼ਾਸ਼ਨ ਅਧੀਨ ਅਤੇ ਪੂਰੇ ਜਬਤ ਵਿਚ ਹਨ, ਜੇ ਇਹ ਸਾਰੀਆ ਚੀਜ਼ਾਂ ਮਿਲਕੇ ਇਕ ਚੰਗਾ ਸਕੂਲ ਬਣਾ ਸਕਦੀਆਂ ਹਨ ਤਾਂ ਖਾਲਸਾ ਹਾਈ ਸਕੂਲ ਮਾਹਿਲਪੁਰ ਸੱਚ ਮੁੱਚ ਹੀ ਆਦਰਸ਼ ਸਕੂਲ ਹੈ।ਇਸ ਲਈ ਮੈਂ ਵੀ ਆਪਣੇ ਆਪ ਨੂੰ ਉਹਨਾਂ ਮਹਾਨ ਸ਼ਖਸ਼ੀਅਤਾਂ ਵਿਚ ਸ਼ਾਮਲ ਕਰਦਾ ਹਾਂ ਜਿਹੜੀਆਂ ਕਿ ਮੈਥੋਂ ਪਹਿਲਾਂ ਇਸ ਸਕੂਲ ਦੀ ਵਡਿਆਈ ਕਰ ਚੁੱਕੀਆਂ ਹਨ"।

ਖਾਲਸਾ ਹਾਈ ਸਕੂਲ ਮਾਹਿਲਪੁਰ ਦੀ ਕਮੇਟੀ ਦੇ 32 ਸਾਲ ਰਹੇ ਮੈਨੇਜਰ ਚੌਧਰੀ ਬਲਵੰਤ ਸਿੰਘ ਸਫੈਦਪੋਸ਼ ਦੇ ਅਕਾਲ ਚਲਾਣੇ ਤੇ ਆਪ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਹੈਡਮਾਸਟਰ ਹਰਭਜਨ ਸਿੰਘ ਜੀ ਨੇ ਕਿਹਾ ਸੀ 'ਮੈਂ ਹੁਣ ਇਸ ਸਕੂਲ ਨੂੰ ਕਾਲਜ ਤੱਕ ਲਿਜਾਣ ਦਾ ਪੂਰਾ ਪੂਰਾ ਯਤਨ ਕਰਾਂਗਾ'। ਤਿੰਨ ਸਾਲਾਂ ਬਾਅਦ ਹੀ ਆਪ ਨੇ 1946 ਈ. ਵਿਚ ਆਪਣੇ ਹੱਥੀਂ ਲਾਏ ਬਿਰਛ ਸ਼੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੀ ਛਾਂ ਨੂੰ 1961 ਈ. ਤਕ ਮਾਣਿਆ। ਆਪਣੀ ਹਿੰਮਤ ਤੇ ਸ਼ਰਧਾ ਨਾਲ ਕਾਲਜ ਨੂੰ ਸ਼ੋਹਰਤ ਦੀ ਬੁਲੰਦੀ ਤੱਕ ਪਹੁੰਚਾਇਆ। ਆਪ ਜੀ ਨੇ ਕਾਲਜ ਦੀ 16 ਸਾਲ ਬਿਨਾਂ ਤਨਖਾਹ ਭੱਤੇ ਦੇ ਮੁੱਫਤ ਲਾਸਾਨੀ ਸੇਵਾ ਕੀਤੀ। ਇਸ ਤੋਂ ਬਿਨ੍ਹਾਂ ਜੋ ਕੁੱਝ ਉਹਨਾਂ ਪਾਸ ਜ਼ਮੀਨ ਜਾਇਦਾਦ ਹੈ ਸੀ ਉਹ ਵੀ ਸਭ ਕੁੱਝ ਕਾਲਜ ਦੀ ਉਸਾਰੀ ਵਿਚ ਹੀ ਲਾਇਆ।

**ਬਲਜਿੰਦਰ ਮਾਨ 98150-18947**

ਆਪ ਜੀ ਨੇ ਲਗਨ ਉੱਦਮ ਤੇ ਮਿਹਨਤ ਨਾਲ ਇਸ ਕਾਲਜ ਤੋਂ ਚੰਗੇ ਵਿਦਵਾਨ ਤੇ ਕੌਮਾਂਤਰੀ ਮਹੱਤਤਾ ਵਾਲੇ ਖਿਡਾਰੀ ,ਦੌੜਾਕ,ਸਾਹਿਤਕਾਰ,ਫੌਜੀ ਕਮਾਂਡਰ,ਲੀਡਰ ਅਤੇ ਅਫ਼ਸਰ ਪੈਦਾ ਕੀਤੇ। ਆਪ ਜੀ ਸਾਦਾ ਪੁਸ਼ਾਕ ਤਾਕਤਵਰ ਖੁਰਾਕ ਤੇ ਉਚ ਵਿਚਾਰਾਂ ਦੇ ਧਾਰਨੀ ਸਨ। ਦਿਲ ਗੁਰਦੇ ਵਾਲੇ ਖੁਦਦਾਰ ਇਨਸਾਨ ਸਨ। ਆਪਣੀ ਉਪਜੀਵਕਾ ਲਈ ਬੜੀ ਮਿਹਨਤ ਕਰਕੇ ਦਸਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਦੀ ਬਿਹਤਰੀ ਲਈ ਤਿੰਨ ਪੁਸਤਕਾਂ (ਸਿੰਪਲ ਮੇਡ ਅਰਥਮੈਟਿਕ, ਅਲਜ਼ਬਰਾ, ਜੁਮੈਟਰੀ) ਲਿਖੀਆਂ ਸਨ। ਚਿੰਤਾਵਾਂ ਫਿਕਰਾਂ ਗਮਾਂ ਝੋਰਿਆਂ ਨੂੰ ਆਪਣੇ ਨੇੜੇ ਨਹੀਂ ਸਨ ਫਟਕਣ ਦਿੰਦੇ।ਆਪ ਦਾ ਮਸਤਕ ਹਰ ਵੇਲੇ ਖਿੜਿਆ ਰਹਿੰਦਾ ਸੀ। ਆਪ 1952 ਤੋਂ 1957 ਤਕ ਮਾਹਿਲਪੁਰ ਦੇ ਐਮ.ਐਲ.ਏ. ਵੀ ਰਹੇ । 16 ਅਗਸਤ 1962 ਈ. ਨੂੰ ਰਾਤ ਦੇ ਦੋ ਵਜੇ ਇਹ ਜਿਸਮਾਨੀ ਰੂਹਾਨੀ ਵਿਦਵਾਨੀ ਤੇ ਖੁਬਸੂਰਤੀ ਦੇ ਮਜੱਸਮੇ 70 ਸਾਲ 6 ਮਹੀਨੇ ਮਾਣ ਪ੍ਰਤਿਸ਼ਟਾ ਵਾਲਾ ਜੀਵਨ ਗੁਜ਼ਾਰ ਕੇ ਰੱਬ ਨੂੰ ਪਿਆਰੇ ਹੋ ਗਏ।

ਉਨ੍ਹਾਂ ਦੀ ਯਾਦ ਵਿਚ ਸਥਾਪਿਤ ਕੀਤੇ ਪ੍ਰਿੰ.ਹਰਭਜਨ ਸਿੰਘ ਸਪੋਰਟਿੰਗ ਕਲੱਬ ਮਾਹਿਲਪੁਰ ਵਲੋਂ ਪ੍ਰਧਾਨ ਕੁਲਵੰਤ ਸਿੰਘ ਸੰਘਾ ਦੀ ਅਗਵਾਈ ਹੇਠ ਆਲ ਇੰਡੀਆ ਫੁੱਟਬਾਲ ਟੂਰਨਾਮੈਂਟ 15 ਤੋਂ 22 ਫਰਵਰੀ 2024 ਤਕ ਬੜੀ ਸ਼ਾਨੋ ਸ਼ੌਕਤ ਨਾਲ ਅਯੋਜਿਤ ਕੀਤਾ ਜਾ ਰਿਹਾ ਹੈ ਜਿਸ ਵਿਚ ਪੂਰੇ ਭਾਰਤ ਵਿਚੋਂ 12 ਫੁੱਟਬਾਲ ਕਲੱਬਾਂ, ਪੰਜਾਬ ਦੇ 10 ਚੋਣਵੇਂ ਕਾਲਜ, ਅਤੇ 8 ਅਕੈਡਮੀਆਂ ਦੀਆਂ ਟੀਮਾਂ ਭਾਗ ਲੈਣਗੀਆਂ।

# ਰਾਮ ਰਾਜ ਦੀ ਉਡੀਕ ਵਿੱਚ



ਗੁਰਮੀਤ ਪਲਾਹੀ
91-98158-02070



ਨਿਊਯਾਰਕ ਅਖ਼ਬਾਰ ਵਿੱਚ ਭਾਰਤੀ ਅਦਾਲਤਾਂ ਬਾਰੇ ਇੱਕ ਰਿਪੋਰਟ ਛਪੀ ਹੈ, ਉਹ ਵੀ ਪਹਿਲੇ ਸਫ਼ੇ ਉਤੇ। ਰਿਪੋਰਟ ਅਨੁਸਾਰ 5 ਕਰੋੜ ਮੁਕੱਦਮੇ ਭਾਰਤੀ ਅਦਾਲਤਾਂ ਵਿੱਚ ਲਟਕੇ ਪਏ ਹਨ। ਇਹਨਾ ਵਿਚੋਂ ਕਈ ਮੁਕੱਦਮੇ ਦਹਾਕਿਆਂ ਤੋਂ ਉਪਰਲੀ ਤੋਂ ਹੇਠਲੀਆਂ ਅਦਾਲਤਾਂ ਵਿੱਚ ਫਾਈਲਾਂ 'ਚ ਧੂੜ ਫੱਕ ਰਹੇ ਹਨ। ਭਾਵ ਡਿਜੀਟਲ ਭਾਰਤ ਵਿੱਚ ਇਨਸਾਫ ਅੱਜ ਵੀ ਬਲਦਾਂ ਦੇ ਗੱਡੇ ਦੀ ਤੋਰੇ ਤੁਰ ਰਿਹਾ ਹੈ।

ਸੁਣਕੇ ਹੈਰਾਨੀ ਨਹੀਂ ਹੋਣੀ ਚਾਹੀਦੀ ਕਿ ਦੇਸ਼ ਦੀਆਂ ਜੇਲ੍ਹਾਂ ਵਿੱਚ 80 ਫੀਸਦੀ ਲੋਕ ਇਹੋ ਜਿਹੇ ਹਨ, ਜਿਹੜੇ ਹਾਲੇ ਤੱਕ ਦੋਸ਼ੀ ਨਹੀਂ ਪਾਏ ਗਏ , ਉਹਨਾ 'ਤੇ ਮੁਕੱਦਮੇ ਚਲ ਰਹੇ ਹਨ। ਬਸ ਤਾਰੀਖਾਂ ਪੈ ਰਹੀਆਂ ਹਨ ਜਾਂ ਮੁਕੱਦਮਿਆਂ 'ਤੇ ਜੂੰ ਦੀ ਤੋਰੇ ਸੁਣਵਾਈ ਹੋ ਰਹੀ ਹੈ।

ਇੱਕ ਅੰਦਾਜ਼ਾ ਹੈ ਕਿ ਜੇਕਰ ਇਨਸਾਫ ਦੀ ਤੋਰ ਇਹੋ ਰਹੀ ਤਾਂ ਇਹਨਾ ਕੇਸਾਂ ਦੇ ਨਿਪਟਾਰੇ ਲਈ ਤਿੰਨ ਸੌ ਸਾਲ ਲੱਗ ਜਾਣਗੇ। ਕਾਰਨ ਇਹ ਹੈ ਕਿ ਜਿਥੇ ਅਮਰੀਕਾ ਵਿੱਚ 10 ਲੱਖ ਲੋਕਾਂ ਲਈ 150 ਜੱਜ ਹੁੰਦੇ ਹਨ, ਉਥੇ ਭਾਰਤ ਵਿੱਚ ਇੰਨੀ ਆਬਾਦੀ ਲਈ ਕੇਵਲ 21 ਜੱਜ ਹਨ। ਉਂਜ ਵੀ ਭਾਰਤੀ ਅਦਾਲਤਾਂ ਤੱਕ ਪਹੁੰਚਣਾ ਅਤੇ ਕੇਸ ਚਲਾਈ ਰੱਖਣਾ ਮਹਿੰਗਾ ਹੈ। ਆਮ ਆਦਮੀ ਦੇ ਬੱਸ 'ਚ ਤਾਂ ਹੈ ਹੀ ਨਹੀਂ ਹੈ।

ਇਥੇ ਇੱਕ ਸਮੱਸਿਆ ਇਹ ਵੀ ਹੈ ਕਿ ਅਦਾਲਤਾਂ ਵਿੱਚ ਅੱਧੇ ਤੋਂ ਜ਼ਿਆਦਾ ਮੁਕੱਦਮੇ ਸਰਕਾਰਾਂ ਵਲੋਂ ਲਿਆਂਦੇ ਜਾਂਦੇ ਹਨ। ਕਈ ਤਾਂ ਇੰਨੇ ਮਾਮੂਲੀ ਹੁੰਦੇ ਹਨ ਕਿ ਇਹ ਅਦਾਲਤਾਂ 'ਚ ਲਿਆਉਣ ਯੋਗ ਹੀ ਨਹੀਂ ਹੁੰਦੇ। ਤੀਹ ਸਾਲ ਪਹਿਲਾਂ ਅਦਾਲਤਾਂ 'ਚ ਕੇਸਾਂ ਦੀ ਪ੍ਰਕਿਰਿਆ ਸੌਖੀ ਬਨਾਉਣ ਲਈ ਇੱਕ ਰਿਪੋਰਟ ਮਾਹਰਾਂ ਵਲੋਂ ਤਿਆਰ ਕੀਤੀ ਗਈ ਸੀ, ਪਰ ਇਹਨਾ ਸਾਲਾਂ 'ਚ ਕਈ ਪ੍ਰਧਾਨ ਮੰਤਰੀ ਆਏ, ਕਈ ਚਲੇ ਗਏ, ਇਹ ਰਿਪੋਰਟ ਫਾਈਲਾਂ 'ਚ ਹੀ ਪਈ ਹੈ। ਕਿਸੇ ਵੀ ਇਸਦੀ ਪ੍ਰਵਾਹ ਨਹੀਂ ਕੀਤੀ। ਨਾ ਕਿਸੇ ਸਰਕਾਰ ਨੇ, ਨਾ ਕਿਸੇ ਪ੍ਰਧਾਨ ਮੰਤਰੀ ਨੇ।

ਵੇਖੋ ਨਾ ਇਨਸਾਫ ਦੇ ਪੁੰਜ ਰਾਮ ਜੀ ਦਾ ਰਾਮ ਮੰਦਰ ਬਣ ਗਿਆ ਹੈ। ਮਸਜਿਦ ਢਾਅ ਕੇ ਇਹ ਮੰਦਰ ਉਸਾਰਿਆ ਜਾ ਰਿਹਾ ਹੈ। ਹਾਲੇ ਇਹ ਮੰਦਰ ਪੂਰੀ ਤਰ੍ਹਾਂ ਤਿਆਰ ਹੀ ਨਹੀਂ ਹੋਇਆ, ਪਰ ਪ੍ਰਾਣ ਪ੍ਰਤਿਸ਼ਠਾ ਅਯੋਧਿਆ ਮੰਦਰ 'ਚ ਜਲਦੀ ਕਰਾਉਣ ਦੀ ਭਾਜਪਾ ਸਰਕਾਰ ਦੀ ਮਜ਼ਬੂਰੀ ਬਣ ਗਈ, ਕਿਉਂਕਿ ਲੋਕ ਸਭਾ ਚੋਣਾਂ ਅਪ੍ਰੈਲ-ਮਈ 2024 'ਚ ਹਨ। ਤੇ ਭਾਜਪਾ ਰਾਮ ਮੰਦਰ ਦਾ ਲਾਹਾ ਲੈਣਾ ਚਾਹੁੰਦੀ ਹੈ।

ਪ੍ਰਾਣ ਪ੍ਰਤਿਸ਼ਠਾ ਸਮਾਗਮ 'ਤੇ ਖੁਸ਼ੀਆਂ ਮਨਾਈਆਂ ਗਈਆਂ ਹਨ। ਪ੍ਰਧਾਨ ਮੰਤਰੀ ਜੀ ਅਯੋਧਿਆ ਮੰਦਰ 'ਚ ਮੁੱਖ ਯਜਮਾਨ ਬਣਕੇ ਗਏ, ਰਾਮ ਜੀ ਦੀ ਮੂਰਤੀ ਸਥਾਪਨਾ ਕੀਤੀ ਗਈ ਹੈ। ਉਸ 'ਚ ਪ੍ਰਾਣ ਪਾਏ ਗਏ। ਭਗਤੀ-ਭਾਵ ਦੇਸ਼ ਦੇ ਲੋਕਾਂ 'ਚ ਪਾਇਆ ਜਾ ਰਿਹਾ ਹੈ। ਜਿਹੜਾ ਕੁਝ ਸਮਾਂ ਚੱਲੇਗਾ। ਫਿਰ ਆਮ ਆਦਮੀ ਨੂੰ ਰੋਟੀ ਦੀ, ਇਨਸਾਫ ਦੀ, ਕੱਪੜੇ ਦੀ, ਮਕਾਨ ਦੀ, ਰੁਜ਼ਗਾਰ ਦੀ, ਦਵਾ-ਦਾਰੂ ਦੀ ਯਾਦ ਆਏਗੀ। ਬੇਹਾਲ ਜੀਵਨ ਦੀਆਂ ਅਸਲੀ ਸਮੱਸਿਆਵਾਂ ਉਸ ਅੱਗੇ ਮੂੰਹ ਅੱਡੀ ਖੜੀਆਂ ਹੋਣਗੀਆਂ। ਉਹ ਉਡੀਕ ਕਰੇਗਾ ਰਾਮ ਰਾਜ ਦੀ?

ਚਲੋ ਬਹੁਤਾ ਕੁਝ ਤਾਂ ਉਹ ਕਲਪਿਤ ਨਹੀਂ ਕਰ ਸਕਦਾ, ਪਰ ਬੱਚਿਆਂ ਦੇ ਭਵਿੱਖ ਲਈ, ਆਸ-ਪਾਸ ਦੀਆਂ ਗੰਦੀਆਂ ਗਲੀਆਂ, ਸੜਦੇ ਕੂੜੇ ਦੇ ਢੇਰਾਂ, ਗੰਦੀਆਂ ਨਾਲੀਆਂ ਤੋਂ ਨਿਯਾਤ ਪਾਉਣ ਦੀ "ਰਾਮ ਰਾਜੀ" ਕਲਪਨਾ ਤਾਂ ਉਹ ਕਰ ਹੀ ਸਕਦਾ ਹੈ। ਇਨਸਾਫ ਦੀ ਉਹ ਤਵੱਕੋ ਤਾਂ ਕਰ ਹੀ ਸਕਦਾ ਹੈ, ਜਿਹੜਾ ਰਾਮ ਰਾਜ ਦਾ ਮੂਲ ਅਧਾਰ ਗਿਣਿਆ ਜਾਂਦਾ ਹੈ।

ਆਓ ਰਤਾ ਕੁ ਝਾਤ ਮਾਰੀਏ ਦੇਸ਼ ਦੀ ਹਾਲਤ 'ਤੇ। ਦੇਸ਼ ਦੀ ਕੁਲ ਆਬਾਦੀ 145 ਕਰੋੜ ਤੋਂ ਟੱਪ ਗਈ ਹੈ। ਸਾਡਾ ਦੇਸ਼ ਚੀਨ ਨੂੰ ਪਛਾੜਕੇ ਦੁਨੀਆ ਦੀ ਸਭ ਤੋਂ ਵੱਡੀ ਆਬਾਦੀ ਬਣ ਗਿਆ ਹੈ। ਦੇਸ਼ ਦੇ ਹਾਕਮਾਂ ਅਨੁਸਾਰ ਦੇਸ਼ ਸੁਖ-ਸੰਪਨ, ਵੱਡਾ, ਕੱਦਵਾਰ, ਵਿਸ਼ਵ ਗੁਰੂ, ਦੁਨੀਆ ਦੀ ਉਪਰਲੀ ਆਰਥਿਕਤਾ ਬਨਣ ਜਾ ਰਿਹਾ ਹੈ। ਪਰ ਨਵੇਂ ਅੰਕੜੇ ਕਹਿੰਦੇ ਹਨ ਕਿ ਸਾਡਾ ਵਿਦੇਸ਼ੀ ਮੁਦਰਾ ਭੰਡਾਰ ਇਸ ਵਰ੍ਹੇ ਪਿਛਲੇ ਵਰ੍ਹੇ ਤੋਂ 5।89 ਅਰਬ ਡਾਲਰ ਘੱਟ ਗਿਆ ਹੈ ਅਤੇ ਹੁਣ 617।3 ਅਰਬ ਡਾਲਰ ਰਹਿ ਗਿਆ ਹੈ। ਸਾਡੇ ਦੇਸ਼ ਦੀ ਵਿਕਾਸ ਦਰ ਇਸ ਵੇਲੇ 6।9 ਤੋਂ 7।2 ਫੀਸਦੀ ਰਹਿ ਗਈ ਹੈ। ਜਦਕਿ ਲੋੜ ਦੇਸ਼ ਦੀ ਵਿਕਾਸ ਦਰ 8 ਫੀਸਦੀ ਤੋਂ ਉਪਰ ਦੀ ਹੈ, ਜੇਕਰ ਦੇਸ਼ ਨੇ ਅਗਲੇ ਵਰ੍ਹਿਆਂ 'ਚ ਵੱਡੀ ਆਰਥਿਕਤਾ ਬਨਣਾ ਹੈ।

ਦੇਸ਼ ਦਾ ਪ੍ਰੈੱਸ ਕੂਕ ਰਿਹਾ ਹੈ ਕਿ ਖੁਸ਼ਹਾਲ ਭਾਰਤ ਦੇ ਲੋਕਾਂ ਦੀ ਸਲਾਨਾ ਆਮਦਨ 8,40,000 ਰੁਪਏ (ਭਾਵ 10,000 ਅਮਰੀਕੀ ਡਾਲਰ) ਹੈ। ਕੀ ਇਹ ਭਰਮ ਨਹੀਂ ਹੈ? ਦੇਸ਼ ਦੇ ਸਿਰਫ 7 ਫੀਸਦੀ ਲੋਕਾਂ ਦੀ ਆਮਦਨ ਦੇ ਦਮਗਜੇ ਮਾਰਕੇ 93 ਫੀਸਦੀ ਲੋਕਾਂ ਨੂੰ ਭੁਲਿਆ ਅਤੇ ਰੋਲਿਆ ਜਾ ਰਿਹਾ ਹੈ। ਕਿਉਂ ਨਹੀਂ ਇਹ ਮੰਨਿਆ ਜਾ ਰਿਹਾ ਹੈ ਕਿ 75 ਵਰ੍ਹੇ ਆਜ਼ਾਦੀ ਦੇ ਪੂਰੇ ਹੋਣ ਦੇ ਬਾਵਜੂਦ ਵੀ 82 ਕਰੋੜ ਲੋਕਾਂ ਨੂੰ ਮੁਫ਼ਤ ਭੋਜਨ ਸਰਕਾਰ ਮੁਹੱਈਆ ਕਰ ਰਹੀ ਹੈ।

ਖੁਸ਼ਹਾਲ ਲੋਕ ਦੇਸ਼ ਦੇ ਸਿਰਫ 7 ਕਰੋੜ ਲੋਕ ਹਨ। ਇਹਨਾ ਤੋਂ ਤਿੰਨ ਗੁਣਾ ਭਾਰਤੀਆਂ (22.8 ਕਰੋੜ) ਦੀ ਹਾਲਤ ਤਰਸਯੋਗ ਹੈ। ਮਗਨਰੇਗਾ ਦੇ ਅਧੀਨ 15.4 ਕਰੋੜ ਲੋਕ ਕੰਮ ਕਰਦੇ ਹਨ, ਇਹਨਾ ਨੂੰ 100 ਦਿਨ ਹਰ ਸਾਲ ਕੰਮ ਦੇਣ ਦਾ ਸਰਕਾਰ ਦਾ ਵਾਇਦਾ ਸੀ, ਪਰ ਪਿਛਲੇ ਪੰਜ ਸਾਲਾਂ ਦੌਰਾਨ ਇਹਨਾ ਨੂੰ ਸਿਰਫ 49 ਤੋਂ 51 ਦਿਨ ਪ੍ਰਤੀ ਸਾਲ ਕੰਮ ਮਿਲਿਆ। ਦੇਸ਼ ਵਿੱਚ 10.47 ਕਰੋੜ ਕਿਸਾਨਾਂ ਕੋਲ ਇੱਕ ਤੋਂ ਦੋ ਏਕੜ ਜ਼ਮੀਨ ਹੈ। ਉਹ ਇਸੇ ਜ਼ਮੀਨ 'ਤੇ ਖੇਤੀ ਕਰਦੇ ਹਨ। ਉਹਨਾ ਦਾ ਟੱਬਰਾਂ ਦਾ ਗੁਜ਼ਾਰਾ ਇਸ ਜ਼ਮੀਨ ਨਾਲ ਨਹੀਂ ਹੋ ਸਕਿਆ। ਉਹਨਾ ਵਿਚੋਂ ਵੱਡੀ ਗਿਣਤੀ ਖੇਤੀ ਛੱਡ ਗਏ। ਸਾਲ 2023 ਦੀ 15 ਨਵੰਬਰ ਦੀ ਰਿਪੋਰਟ ਅਨੁਸਾਰ ਇਹਨਾ ਕਿਸਾਨਾਂ ਦੀ ਗਿਣਤੀ 8।12 ਕਰੋੜ ਰਹਿ ਗਈ। ਇਹਨਾ ਲੋਕਾਂ ਨੂੰ ਹੀ 6000 ਰੁਪਏ ਸਲਾਨਾ ਸਹਾਇਤਾ ਕੇਂਦਰ ਸਰਕਾਰ ਨੇ ਦਿੱਤੀ ਹੈ।

ਵੱਡੀ ਗਿਣਤੀ ਮਜ਼ਦੂਰ ਜੋ ਖੇਤੀ ਮਜ਼ਦੂਰ ਹਨ, ਉਹ ਲੋਕ ਜੋ ਸੜਕ ਦੇ ਲੋਕ ਹਨ, ਪੁਲਾਂ ਦੇ ਥੱਲੇ ਜਾਂ ਫੁਟਪਾਥ 'ਤੇ ਸੌਂਦੇ ਹਨ, ਉਹ ਲੋਕ ਜੋ ਸੀਵਰੇਜ ਸਾਫ ਕਰਦੇ ਹਨ, ਜੁੱਤੇ ਮੁਰਮਤ ਕਰਦੇ ਹਨ, ਜੋ ਘਰੇਲੂ ਨੌਕਰ ਹਨ, ਉਹਨਾ ਦੀ ਸਥਿਤੀ ਕੀ ਕਿਸੇ ਸਰਕਾਰ ਨੇ ਕਦੇ ਪਰਖੀ ਹੈ? ਇਹਨਾ ਲੋਕਾਂ ਲਈ ਕਿਹੜੀ ਸਰਕਾਰੀ ਸਹਾਇਤਾ ਹੈ? ਕਿਹੜੀਆਂ ਸੁੱਖ ਸੁਵਿਧਾਵਾਂ ਜਾਂ ਸਰਕਾਰੀ ਸਹੂਲਤਾਂ ਹਨ ਇਹਨਾਂ ਲਈ?

ਸਰਕਾਰ ਨਿੱਤ ਦੁਹਾੜੇ ਵਾਇਦੇ ਕਰਦੀ ਹੈ। ਸਭ ਲਈ ਸਭ ਕੁਝ ਸਭ ਲਈ ਰੁਜ਼ਗਾਰ, ਸਭ ਲਈ ਸਿੱਖਿਆ, ਸਭ ਲਈ ਭੋਜਨ, ਸਭ ਲਈ ਮਕਾਨ। ਦੇਸ਼ 'ਚ ਅਸਲੀਅਤ ਕੀ ਹੈ? ਕੀ ਸਰਕਾਰ ਆਮ ਲੋਕਾਂ ਨੂੰ "ਭੇਟ" ਕੀਤੀਆਂ ਸਕੀਮਾਂ ਦੀ ਦੁਰਦਸ਼ਾ ਤੋਂ ਜਾਣੂ ਨਹੀਂ ? ਕੀ ਸਰਕਾਰ ਦੇਸ਼ 'ਚ ਫੈਲੇ ਭ੍ਰਿਸ਼ਟਾਚਾਰ ਨੂੰ ਨਹੀਂ ਸਮਝਦੀ? ਕੀ ਸਰਕਾਰ ਸਿੱਖਿਆ ਅਤੇ ਸਿਹਤ ਸਹੂਲਤਾਂ ਦੇ ਕੱਚ-ਸੱਚ ਨਹੀਂ ਸਮਝਦੀ? ਹੁਣੇ ਜਿਹੇ ਹੋਏ ਇੱਕ ਸਰਵੇਖਣ ਅਨੁਸਾਰ ਪਤਾ ਚਲਿਆ ਹੈ ਕਿ ਦੇਸ਼ ਦੀ ਆਮ ਜਨਤਾ ਅਪਰਾਧੀਕਰਨ ਅਤੇ ਭ੍ਰਿਸ਼ਟਾਚਾਰ ਤੋਂ ਵੀ ਜ਼ਿਆਦਾ ਪ੍ਰੇਸ਼ਾਨ ਬੇਰੁਜ਼ਗਾਰੀ ਤੇ ਮਹਿੰਗਾਈ ਤੋਂ ਹੈ। ਸਰਵੇ ਅਨੁਸਾਰ ਬੇਰੁਜ਼ਗਾਰੀ ਦੀ ਦਰ ਇਸ ਵੇਲੇ 10 ਫੀਸਦੀ ਤੋਂ ਉਪਰ ਚੱਲ ਰਹੀ ਹੈ।

ਸਕੂਲਾਂ 'ਚ ਦਾਖਲਾ ਲੈਣ ਵਾਲੇ ਆਮ ਆਦਮੀ ਦੇ ਬੱਚੇ ਵਿੱਚ -ਵਿਚਾਲੇ ਪੜ੍ਹਾਈ ਛੱਡ ਜਾਂਦੇ ਹਨ। ਇਸਦਾ ਕਾਰਨ ਪਰਿਵਾਰ ਦੀ ਆਰਥਿਕ ਹਾਲਤ ਠੀਕ ਨਾ ਹੋਣਾ ਹੈ। ਆਮ ਆਦਮੀ ਦੇ ਬੱਚੇ ਕੁਪੋਸ਼ਨ ਦਾ ਸ਼ਿਕਾਰ ਹਨ। ਵੱਡੀ ਗਿਣਤੀ ਉਮਰ ਦੇ 5 ਸਾਲ ਪੂਰੇ ਹੋਣ ਤੋਂ ਪਹਿਲਾਂ ਹੀ ਆਪਣੀ ਜੀਵਨ ਯਾਤਰਾ ਪੂਰੀ ਕਰ ਰਹੇ ਹਨ। ਆਯੂਸ਼ਮਾਨ ਕਾਰਡ ਉਹਨਾ ਦੇ ਹੱਥ ਹੀ ਨਹੀਂ ਆਉਂਦੇ? ਨਾ ਬੱਚਿਆਂ ਦੇ, ਨਾ ਬੁੱਢਿਆਂ ਦੇ, ਨਾ ਗਰਭਵਤੀ ਔਰਤਾਂ ਦੇ, ਜੋ ਪਿੰਡਾਂ 'ਚ ਆਪੇ ਬੱਚੇ ਜਣ ਦਿੰਦੀਆਂ ਹਨ। ਪ੍ਰਵਾਸ ਅੱਜ ਭਾਰਤੀਆਂ ਦੇ ਜੀਵਨ ਦਾ ਅੰਗ ਬਣ ਚੁੱਕਾ ਹੈ, ਕੁਝ ਲੋਕ ਦੇਸ਼ 'ਚ ਪ੍ਰਵਾਸ ਕਰਦੇ ਹਨ, ਕੁਝ ਪ੍ਰਦੇਸ਼ 'ਚ ਪ੍ਰਵਾਸ ਕਰਨ ਲਈ ਮਜ਼ਬੂਰ ਹਨ। ਕਾਰਨ ਆਰਥਿਕ ਮੰਦਹਾਲੀ ਹੈ। ਤਾਂ ਫਿਰ ਖੁਸ਼ਹਾਲ ਭਾਰਤ ਕਿਥੇ ਹੈ?

ਰਾਮ ਰਾਜ ਦੀ ਮੂਲ ਕਥਾ ਕੀ ਹੈ? ਸਭ ਲਈ ਇਕੋ ਜਿਹਾ ਰਾਜ! ਸਭ ਲਈ ਇਨਸਾਫ। ਸਭ ਲਈ ਰੋਟੀ, ਕੱਪੜਾ ਅਤੇ ਮਕਾਨ। ਪਰ ਅੱਜ ਸਿਆਸੀ ਧਿਰਾਂ ਗਰੀਬੀ ਹਟਾਓ ਦੀ ਗਲ ਕਰਦੀਆਂ ਹਨ। ਸਭ ਦੇ ਵਿਕਾਸ ਦੇ ਨਾਹਰੇ ਲਗਾਉਂਦੀਆਂ ਹਨ। ਪਰ ਕੋਈ ਵੀ ਦੇਸ਼ ਕੀ ਉਦੋਂ ਤੱਕ ਵਿਕਾਸ ਕਰ ਸਕਦਾ ਹੈ, ਜਦ ਤੱਕ ਉਸ ਦੇਸ਼ ਦੇ ਲੋਕ ਸਿਖਿਅਤ ਨਾ ਹੋਣ, ਜਿਥੇ ਰੁਜ਼ਗਾਰ ਦੇ ਮੌਕੇ ਨਾ ਹੋਣ ਜਿਥੇ ਇਨਸਾਫ, ਰਾਜ ਦਾ ਮੁੱਖ ਧੁਰਾ ਨਾ ਹੋਵੇ।

ਅੱਜ ਦੇਸ਼ ਦੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਭਟਕਾਉਣ ਲਈ ਸਾਡੇ ਨੇਤਾ ਮਸਜਿਦ-ਮੰਦਰ ਦੇ ਝਗੜੇ ਛੇੜ ਰਹੇ ਹਨ। ਫਿਰਕੂ ਦੰਗੇ ਕਰਵਾਉਂਦੇ ਹਨ। ਇੱਕ ਪਾਸੇ ਉਹ ਲੋਕ ਹਨ ਜੋ 2024 ਦੀਆਂ ਚੋਣਾਂ ਲਈ ਅਯੋਧਿਆ ਰਾਮ ਮੰਦਰ ਦੀ ਵਿਸਾਤ ਵਿਛਾਕੇ ਬੈਠੇ ਹਨ ਅਤੇ ਉਸਤੋਂ ਬਾਅਦ ਮਥੁਰਾ ਅਤੇ ਕਾਸ਼ੀ ਵਿਚੋਂ ਮਸਜਿਦਾਂ ਹਟਾਕੇ ਸੁੰਦਰ ਮੰਦਰ ਸਥਾਪਿਤ ਕਰਨ ਦੀ ਗੱਲ ਕਰਦੇ ਹਨ, ਦੂਜੇ ਪਾਸੇ ਉਹ ਲੋਕ ਹਨ ਜੋ ਜਾਤੀਆਂ ਦੇ ਨਾਮ ਤੇ ਮਰਦਮ ਸ਼ੁਮਾਰੀ ਕਰਾਕੇ ਲੋਕਾਂ ਨੂੰ ਇਕ ਧਿਰ ਬਣਾ ਰਹੇ ਹਨ, ਤਾਂ ਕਿ ਉਹ ਆਪਸੀ ਵਿਰੋਧ 'ਚ ਖੜ ਜਾਣ। ਉਹ ਨੇਤਾਵਾਂ ਦੀ ਅਸਲੀਅਤ ਨਾ ਸਮਝ ਸਕਣ।

ਦੇਸ਼ ਦੇ ਕੁਝ ਨੇਤਾ "ਇਨਸਾਫ ਯਾਤਰਾ" ਤੇ ਹਨ। ਉਹ ਮੁਹੱਬਤ ਦੀ ਦੁਕਾਨ ਚਲਾਉਣ ਦੀ ਗੱਲ ਵੀ ਕਰਦੇ ਹਨ। ਉਹ ਇਸ ਤੋਂ ਵੀ ਵੱਡੀਆਂ ਗੱਲਾਂ ਕਰਦੇ ਹਨ। ਪਰ ਕੀ ਕਦੇ ਉਹਨਾ ਦੇ ਮੂੰਹੋਂ ਦੇਸ਼ ਦੀ ਨਿਆ ਪ੍ਰਣਾਲੀ 'ਚ ਸੁਧਾਰ ਦੀ ਗੱਲ ਸੁਣੀ ਹੈ ਕਿਸੇ ਨੇ? ਕੀ ਉਹਨਾ ਦੇ ਮੂੰਹੋਂ ਕਦੇ ਦੇਸ਼ ਦੇ ਲੋਕਾਂ ਦੇ ਗਰੀਬੀ ਦੇ ਇਸ ਵਿਸ਼ਾਲ ਚੱਕਰ 'ਚ ਫਸਾਉਣ ਲਈ ਆਖ਼ਰ ਜ਼ੁੰਮੇਵਾਰ ਕੌਣ ਹਨ, ਦੀ ਗੱਲ ਸੁਣੀ ਹੈ ਕਦੇ ਕਿਸੇ ਨੇ?

ਦੇਸ਼ 'ਚ ਸੜਕਾਂ ਦਾ ਜਾਲ ਵਿਛ ਰਿਹਾ ਹੈ। ਦੇਸ਼ ਡਿਜੀਟਲ ਇੰਡੀਆ ਬਣ ਰਿਹਾ ਹੈ। ਦੇਸ਼ ਦਾ ਨਿੱਜੀਕਰਨ ਹੋ ਰਿਹਾ ਹੈ। ਦੇਸ਼ ਆਪਣੇ ਮੂੰਹ ਮੀਆਂ ਮਿੱਠੂ ਬਣਕੇ "ਦੁਨੀਆਂ ਦੀ ਸਭ ਤੋਂ ਵੱਡੀ ਆਰਥਿਕਤਾ ਬਨਣ ਦੀਆਂ ਫੜਾਂ ਮਾਰ ਰਿਹਾ ਹੈ। ਪਰ ਨਾਲ ਦੀ ਨਾਲ ਦੇਸ਼ ਦੇ ਹਾਕਮ ਦੇਸ਼ ਨੂੰ ਧਰਮ ਅਤੇ ਅਤਿ-ਰਾਸ਼ਟਰਵਾਦ ਦਾ ਮਿਸ਼ਰਣ ਬਨਾਉਣ 'ਤੇ ਤੁਲੇ ਹੋਏ ਹਨ।

ਦੇਸ਼ ਵਿੱਚ ਜੋ ਸਥਿਤੀਆਂ ਹਨ, ਉਸਨੂੰ ਸਵੀਕਾਰੇ ਬਿਨ੍ਹਾਂ ਸੁਪਨਮਈ ਮਾਹੌਲ ਸਿਰਜਿਆ ਜਾ ਰਿਹਾ ਹੈ। ਲੋੜ ਸੱਚ ਨੂੰ ਸਵੀਕਾਰ ਕਰਨ ਦੀ ਹੈ। ਜਦੋਂ ਤੱਕ ਦੇਸ਼ 'ਚ ਬੇਕਾਰੀ ਅਤੇ ਮਹਿੰਗਾਈ ਵਧਦੀ ਰਹੇਗੀ, ਰੁਪਏ ਦੀ ਕੀਮਤ ਡਿਗਦੀ ਰਹੇਗੀ, ਉਦੋਂ ਤੱਕ ਆਰਥਿਕ ਵਾਧੇ ਦੇ ਉਹਨਾ ਅੰਕੜਿਆਂ ਵਿੱਚ ਆਮ ਆਦਮੀ ਆਪਣਾ ਭਲਾ ਹੁੰਦਾ ਹੋਇਆ ਮਹਿਸੂਸ ਨਹੀਂ ਕਰੇਗਾ। ਅੱਜ ਦੇਸ਼ ਨੂੰ ਸਮਾਜਿਕ ਅਤੇ ਆਰਥਿਕ ਲੋਕਤੰਤਰ ਦੇ ਵਿਚਾਰ ਤੋਂ ਦੂਰ ਕੀਤਾ ਜਾ ਰਿਹਾ ਹੈ, ਪਰ ਦੇਸ਼ ਦੇ 93 ਫੀਸਦੀ ਲੋਕ ਰਾਮ ਰਾਜ ਦੀ ਉਡੀਕ 'ਚ ਹਨ।

# ਖ਼ਤਮ ਹੋ ਰਹੇ ਸਾਂਝੇ ਪਰਿਵਾਰ !



ਡਾ: ਨਿਸ਼ਾਨ ਸਿੰਘ ਰਾਠੌਰ
91-90414-98009

ਅੱਜ ਦਾ ਦੌਰ ਭੱਜਦੌੜ ਦਾ ਦੌਰ ਹੈ। ਹਰ ਪਾਸੇ ਪੈਸੇ, ਸ਼ੋਹਰਤ ਅਤੇ ਤੱਰਕੀ ਦਾ ਰੌ਼ਲਾ ਸੁਣਨ ਨੂੰ ਮਿਲ ਰਿਹਾ ਹੈ। ਹਰ ਮਨੁੱਖ ਆਪਣੇ ਜੀਵਨ ਵਿਚ ਕਾਮਯਾਬੀ ਪ੍ਰਾਪਤ ਕਰਨਾ ਚਾਹੁੰਦਾ ਹੈ। ਵਧੀਆ ਰੁਜ਼ਗਾਰ, ਵੱਡਾ ਘਰ ਅਤੇ ਐਸ਼ੋ-ਆਰਾਮ ਦੀ ਜ਼ਿੰਦਗੀ ਹਰ ਮਨੁੱਖ ਦਾ 'ਸੁਪਨਾ' ਬਣ ਗਿਆ ਹੈ।

ਇਹਨਾਂ ਸੁਪਨਿਆਂ ਦੀ ਪੂਰਤੀ ਲਈ ਮਨੁੱਖ ਦਿਨ-ਰਾਤ ਤਰਲੋਮੱਛੀ ਹੋਇਆ ਫਿਰਦਾ ਹੈ / ਭੱਜਦੌੜ ਦੀ ਜ਼ਿੰਦਗੀ ਜੀਅ ਰਿਹਾ ਹੈ। ਖ਼ਬਰੇ! ਇਸੇ ਕਰਕੇ ਹੀ ਮਨੁੱਖ ਮਾਨਸਿਕ ਸਕੂਨ ਤੋਂ ਸੱਖਣਾ ਹੋ ਗਿਆ ਹੈ/ ਮਾਨਸਿਕ ਰੋਗਾਂ ਦਾ ਸ਼ਿਕਾਰ ਹੋ ਰਿਹਾ ਹੈ।

ਸਾਡੇ ਸਮਾਜ ਦਾ ਅਮੁੱਲ ਹਿੱਸਾ ਰਹੇ 'ਸਾਂਝੇ ਪਰਿਵਾਰ' ਹੁਣ ਖਤਮ ਹੋਣ ਕਿਨਾਰੇ ਹਨ। ਅੱਜ ਜਿੱਥੇ 'ਪਰਵਾਸ' ਨੇ ਘਰਾਂ ਦੇ ਘਰ ਖਾਲੀ ਕਰ ਦਿੱਤੇ ਹਨ ਉੱਥੇ ਹੀ ਵੱਡੇ ਸ਼ਹਿਰਾਂ ਨੇ ਛੋਟੇ ਸ਼ਹਿਰਾਂ ਅਤੇ ਪਿੰਡਾਂ ਨੂੰ ਆਪਣੇ ਕਲਾਵੇ ਵਿਚ ਸਮੇਟ ਲਿਆ ਹੈ। ਪਿੰਡ ਅਤੇ ਛੋਟੇ ਸ਼ਹਿਰ ਸਹਿਜੇ- ਸਹਿਜੇ ਖ਼ਤਮ ਹੋ ਰਹੇ ਹਨ। ਪੈਸੇ, ਰੁਜ਼ਗਾਰ ਅਤੇ ਐਸ਼ੋ-ਆਰਾਮ ਦੀ ਚਾਹਤ ਕਰਕੇ ਬਹੁਤਾਤ ਗਿਣਤੀ ਵਿਚ ਬੱਚੇ ਘਰਾਂ ਤੋਂ ਦੂਰ ਹੋ ਜਾਂਦੇ ਹਨ ਅਤੇ ਘਰਾਂ ਵਿਚ ਰਹਿ ਰਹੇ ਬਜ਼ੁਰਗ ਮਾਂ- ਬਾਪ ਇਕਲਾਪੇ ਦਾ ਸੰਤਾਪ ਹੰਢਾਉਂਦੇ ਰਹਿੰਦੇ ਹਨ। ਇਸ ਇਕੱਲਤਾ ਨੇ ਬਜ਼ੁਰਗਾਂ ਨੂੰ ਮਾਨਸਿਕ ਰੂਪ ਵਿਚ ਕਮਜ਼ੋਰ ਕਰਕੇ ਰੱਖ ਦਿੱਤਾ ਹੈ। ਜਿਹਨਾਂ ਘਰਾਂ ਵਿਚ ਕਦੇ ਰੌਣਕਾਂ / ਹਾਸੇ- ਠੱਠੇ ਹੁੰਦੇ ਸਨ ਉਹ ਘਰ ਅੱਜ ਸੁੰਨੇ ਵੀਰਾਨ ਪਏ ਆਮ ਹੀ ਦਿੱਸ ਪੈਂਦੇ ਹਨ। ਬਜ਼ੁਰਗ ਮਾਂ- ਬਾਪ ਨੂੰ ਸੰਭਾਲਣ ਵਾਲਾ ਕੋਈ ਧੀ-ਪੁੱਤ ਨਜ਼ਰ ਨਹੀਂ ਆਉਂਦਾ। ਨਤੀਜਨ, ਸਾਡੇ ਸਮਾਜ ਵਿਚ 'ਬਿਰਧ ਆਸ਼ਰਮ' ਨਾਮ ਦੀ ਬਿਮਾਰੀ ਆ ਗਈ ਹੈ। ਇਹ 'ਬਿਰਧ ਆਸ਼ਰਮ' ਸਾਡੇ ਭਾਰਤੀ ਸਮਾਜ ਦਾ ਹਿੱਸਾ ਨਹੀਂ ਸਨ। ਪਰ! ਸਮੇਂ ਦੇ ਗੇੜ ਨੇ ਇਹ ਸਮੱਸਿਆ ਸਾਡੇ ਸਮਾਜ ਦੇ ਸਾਹਮਣੇ ਖੜੀ ਕਰ ਦਿੱਤੀ ਹੈ। ਜਿਹਨਾਂ ਘਰਾਂ ਦੇ ਬੱਚੇ ਵੱਡੇ ਸ਼ਹਿਰਾਂ ਵਿਚ ਨੌਕਰੀ ਕਰਨ ਲਈ ਚਲੇ ਜਾਂਦੇ ਹਨ ਜਾਂ ਜਿਹਨਾਂ ਘਰਾਂ ਦੇ ਬੱਚੇ ਵਿਦੇਸ਼ਾਂ ਵਿਚ 'ਪਰਵਾਸ' ਕਰ ਜਾਂਦੇ ਹਨ ਉਹਨਾਂ ਦੇ ਮਾਂ- ਬਾਪ ਆਪਣੇ ਬੁਢਾਪੇ ਨੂੰ ਕੱਟਣ ਵਾਸਤੇ 'ਬਿਰਧ ਆਸ਼ਰਮਾਂ' ਦਾ ਸਹਾਰਾ ਲੈ ਰਹੇ ਹਨ। ਇਸ ਤੋਂ ਇਲਾਵਾ ਘਰਾਂ ਦੇ ਨਿੱਕੇ- ਮੋਟੇ ਝਗੜਿਆਂ ਕਰਕੇ ਵੀ ਬੱਚੇ ਆਪਣੇ ਮਾਂ- ਬਾਪ ਨੂੰ ਆਪਣੇ ਨਾਲ ਰੱਖਣਾ ਨਹੀਂ ਚਾਹੁੰਦੇ।

ਅੱਜ 'ਪਰਿਵਾਰ' ਦਾ ਮਤਲਬ ਸਿਰਫ਼ ਪਤਨੀ ਅਤੇ ਬੱਚੇ ਹੋ ਗਏ ਹਨ। ਜਦੋਂ ਕਿ ਪਿਛਲਿਆਂ ਵਰ੍ਹਿਆਂ ਵਿਚ ਪਰਿਵਾਰ ਦਾ ਮਤਲਬ ਪਤਨੀ, ਬੱਚੇ, ਮਾਂ- ਬਾਪ, ਚਾਚੇ, ਤਾਏ, ਭੂਆ ਫੁੱਫੜ ਅਤੇ ਹੋਰ ਰਿਸ਼ਤੇਦਾਰ ਹੁੰਦੇ ਸਨ। ਸਾਡੇ ਸਮਾਜ ਵਿਚ 'ਸਾਂਝੇ ਪਰਿਵਾਰਾਂ' ਦਾ ਪ੍ਰਚੱਲਨ ਹੁੰਦਾ ਸੀ। ਪਿੰਡ ਦੀ ਨੂੰਹ/ ਧੀ ਕੇਵਲ ਇੱਕ ਪਰਿਵਾਰ ਦੀ ਨੂੰਹ/ ਧੀ ਹੀ ਨਹੀਂ ਸੀ ਸਮਝੀ ਜਾਂਦੀ ਬਲਕਿ ਉਹ ਸਾਰੇ ਪਿੰਡ ਦੀ ਨੂੰਹ / ਧੀ ਸਮਝੀ ਜਾਂਦੀ ਸੀ/ ਪਿੰਡ ਦੀ ਇੱਜ਼ਤ ਸਮਝੀ ਜਾਂਦੀ ਸੀ।

ਅੱਜ ਬਜ਼ੁਰਗ ਮਾਂ- ਬਾਪ ਆਪਣੇ ਬੱਚਿਆਂ ਨੂੰ ਮਿਲਣ ਨੂੰ ਤਰਸ ਜਾਂਦੇ ਹਨ ਪਰ! ਬੱਚਿਆਂ ਦੇ ਸਿਰ ਤੇ ਕਾਮਯਾਬੀ ਅਤੇ ਪੈਸੇ ਦਾ ਭੂਤ ਸਵਾਰ ਹੋ ਗਿਆ ਹੈ ਜਾਂ ਇੰਝ ਕਹਿ ਲਵੋ ਕਿ ਸਮੇਂ ਨੇ ਇਸ ਤਰ੍ਹਾਂ ਦੇ ਹਾਲਾਤ ਪੈਦਾ ਕਰ ਦਿੱਤੇ ਹਨ ਕਿ ਬੱਚੇ ਚਾਅ ਕੇ ਵੀ ਆਪਣੇ ਛੋਟੇ ਪਿੰਡਾਂ- ਸ਼ਹਿਰਾਂ ਵਿਚ ਕਾਮਯਾਬੀ ਪ੍ਰਾਪਤ ਨਹੀਂ ਕਰ ਪਾਉਂਦੇ। ਇਸ ਲਈ ਉਹਨਾਂ ਨੂੰ ਮਜ਼ਬੂਰਨ ਘਰੋਂ ਬਾਹਰ ਨਿਕਲਣਾ ਹੀ ਪੈਂਦਾ ਹੈ। ਇਹ ਕੇਵਲ ਸਮੇਂ ਦੇ ਬਦਲਾਅ ਕਰਕੇ ਹੋ ਰਿਹਾ ਹੈ।

ਕੋਰੋਨਾ ਕਾਲ ਵੇਲੇ ਕਈ ਧੀਆਂ- ਪੁੱਤਾਂ ਨੇ ਆਪਣੇ ਮ੍ਰਿਤਕ ਮਾਂ- ਬਾਪ ਦਾ 'ਅੰਤਿਮ ਸੰਸਕਾਰ' ਤੱਕ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਅਜਿਹੇ 'ਸੰ-ਸਕਾਰ' ਸਾਡੇ ਸਮਾਜ ਦਾ ਹਿੱਸਾ ਨਹੀਂ ਕਹੇ ਜਾ ਸਕਦੇ। ਸਾਡੇ ਸਮਾਜ ਵਿਚ ਤਾਂ 'ਸਰਵਣ ਪੁੱਤਰਾਂ' ਦੀਆਂ ਮਿਸਾਲਾਂ ਦਿੱਤੀਆਂ ਜਾਂਦੀਆਂ ਰਹੀਆਂ ਹਨ। ਖ਼ੈਰ! ਨੌਜਵਾਨ ਪੀੜੀ ਨੂੰ ਜਿੱਥੇ ਰੁਜ਼ਗਾਰ ਪ੍ਰਾਪਤੀ ਲਈ ਯਤਨ ਕਰਨੇ ਚਾਹੀਦੇ ਹਨ / ਪੈਸਾ ਕਮਾਉਣਾ ਚਾਹੀਦਾ ਹੈ ਉੱਥੇ ਹੀ ਆਪਣੇ ਸਮਾਜ ਦੀ 'ਚੰਗੀ ਬਣਤਰ' ਲਈ ਵੀ ਯਤਨ ਕਰਨੇ ਚਾਹੀਦੇ ਹਨ। ਜੇਕਰ ਸਾਡੇ ਸਮਾਜ ਵਿਚ ਇੰਝ ਹੀ ਗਿਰਾਵਟ ਵੱਧਦੀ ਗਈ ਤਾਂ ਅਸੀਂ 'ਅਮੀਰ' ਤਾਂ ਜ਼ਰੂਰ ਹੋ ਜਾਵਾਂਗੇ ਪਰ! ਸਾਡੀ ਸਮਾਜਿਕ ਬਣਤਰ ਢਹਿ- ਢੇਰੀ ਹੋ ਜਾਵੇਗੀ। ਉਦੋਂ ਸਾਡੇ ਕੋਲ ਪੈਸਾ, ਸ਼ੋਹਰਤ ਤੇ ਰੁਜ਼ਗਾਰ ਤਾਂ ਹੋਵੇਗਾ ਪਰ! 'ਸਾਂਝੇ ਪਰਿਵਾਰ' ਨਹੀਂ ਹੋਣਗੇ।

ਜਨਮ ਦਿਨ 'ਤੇ ਵਿਸ਼ੇਸ਼

# ਬਾਬਾ ਦੀਪ ਸਿੰਘ ਜੀ ਸ਼ਹੀਦ



ਬਾਬਾ ਦੀਪ ਸਿੰਘ ਦਾ ਜਨਮ 14 ਮਾਘ ਸੰਮਤ 1739 ਬਿਕਰਮੀ ਨੂੰ ਪਿੰਡ ਪਹੂਵਿੰਡ ਜ਼ਿਲ੍ਹਾ ਤਰਨਤਾਰਨ ਵਿੱਚ ਮਾਤਾ ਜਿਉਣੀ ਜੀ ਦੀ ਕੁੱਖੋਂ ਪਿਤਾ ਭਗਤਾ ਜੀ ਦੇ ਗ੍ਰਹਿ ਵਿੱਚ ਹੋਇਆ। ਉਨ੍ਹਾਂ ਦਾ ਬਚਪਨ ਦਾ ਨਾਂ ਦੀਪਾ ਸੀ। ਛੋਟੇ ਹੁੰਦਿਆਂ ਹੀ ਉਨ੍ਹਾਂ ਨੇ ਗੁਰਮੁੱਖੀ ਪੜ੍ਹੀ ਤੇ ਗੁਰਬਾਣੀ ਦਾ ਪਾਠ ਕਰਨਾ ਸਿੱਖਿਆ। ਵਾਹੀ ਵੀ ਕੀਤੀ, ਨੇਜ਼ਾ ਸੁੱਟਣ ਅਤੇ ਘੋੜ ਸਵਾਰੀ ਵੀ ਕੀਤੀ। ਸਰੀਰਕ ਤੌਰ 'ਤੇ ਉਹ ਰਿਸ਼ਟ ਪੁਸ਼ਟ, ਚੰਗੇ ਕੱਦ ਕਾਠ ਵਾਲੇ ਅਤੇ ਪ੍ਰਭਾਵਸ਼ਾਲੀ ਸ਼ਖ਼ਸੀਅਤ ਦੇ ਮਾਲਕ ਸਨ।

ਜਦ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਖ਼ਾਲਸਾ ਪੰਥ ਸਾਜਿਆ ਤਾਂ ਇਸ ਦੀ ਚਰਚਾ ਪਿੰਡ ਪਿੰਡ ਹੋਣ ਲੱਗੀ। ਜਦ ਆਪ ਨੇ ਵੀ ਇਸ ਬਾਰੇ ਸੁਣਿਆ ਤਾਂ ਆਪ ਵੀ ਮਾਤਾ ਪਿਤਾ ਨੂੰ ਨਾਲ ਲੈ ਕੇ ਅਨੰਦਪੁਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਚਰਨਾਂ ਵਿੱਚ ਜਾ ਨਿਵਾਜੇ। ਉਨ੍ਹਾਂ ਨੇ ਵੀ ਗੁਰੂ ਜੀ ਪਾਸੋਂ ਅੰਮ੍ਰਿਤਪਾਨ ਕੀਤਾ। ਉਸ ਸਮੇਂ ਆਪ ਜੀ ਦੀ ਉਮਰ 18 ਸਾਲ ਸੀ। ਗੁਰੂ ਜੀ ਨੇ ਉਨ੍ਹਾਂ ਨੂੰ ਕੁਝ ਸਮਾਂ ਅਨੰਦਪੁਰ ਸਾਹਿਬ ਰਹਿਣ ਲਈ ਕਿਹਾ। ਉੱਥੇ ਰਹਿ ਕੇ ਆਪ ਲੰਗਰ ਦੀ ਸੇਵਾ ਦੇ ਨਾਲ ਛੋਟੇ ਬੱਚਿਆਂ ਨੂੰ ਗੁਰਬਾਣੀ ਪੜ੍ਹਾਉਣ ਤੇ ਅਰਥ ਸਮਝਾਉਣ ਦੀ ਸੇਵਾ ਕਰਦੇ ਰਹੇ। ਸਤਿਗੁਰੂ ਜੀ ਨੇ ਆਪ ਨੂੰ ਗੁਰਮੁੱਖੀ, ਅਰਬੀ, ਫਾਰਸੀ ਭਾਸ਼ਾ ਦੀ ਪੜ੍ਹਾਈ ਕਰਾਕੇ ਇੱਕ ਸੁਘੜ ਵਿਦਵਾਨ ਬਣਾ ਦਿੱਤਾ।

ਅਨੰਦਪੁਰ ਵਿਖੇ ਰਹਿੰਦੇ ਹੋਏ ਉਨ੍ਹਾਂ ਭਾਈ ਮਨੀ ਸਿੰਘ ਪਾਸੋਂ ਗੁਰਬਾਣੀ ਦਾ ਗਿਆਨ ਪ੍ਰਾਪਤ ਕੀਤਾ ਤੇ ਨਾਲ ਹੀ ਸ਼ਸਤਰ ਯੁੱਧ ਵਿੱਚ ਵੀ ਜੂਝਣ ਦੀ ਸਿੱਖਿਆ ਗ੍ਰਹਿਣ ਕੀਤੀ। ਇਸ ਤਰ੍ਹਾਂ 20-22 ਸਾਲ ਦੀ ਉਮਰ ਵਿੱਚ ਆਪ ਇੱਕ ਸੂਝਵਾਨ ਵਿਦਵਾਨ ਤੇ ਸੂਰਬੀਰ ਜੋਧੇ ਬਣ ਗਏ। ਇੱਕ ਪਾਸੇ ਪਵਿੱਤਰ ਗੁਰਬਾਣੀ ਦਾ ਗਿਆਨ ਕਰਵਾਉਂਦੇ, ਗੁਰੂ ਜੀ ਦੇ ਆਦੇਸ਼ ਅਨੁਸਾਰ ਖੰਡੇ ਬਾਟੇ ਦਾ ਅੰਮ੍ਰਿਤਪਾਨ ਕਰਾਕੇ ਸਿੱਖਾਂ ਵਿੱਚ ਨਵਾਂ ਧਾਰਮਿਕ ਜੋਸ਼ ਭਰਦੇ, ਦੂਜੇ ਪਾਸੇ ਸਿੰਘ ਸੂਰਮਿਆਂ ਦੇ ਜਥੇ ਤਿਆਰ ਕਰਕੇ ਲੋੜ ਸਮੇਂ ਮੈਦਾਨੇ ਜੰਗ ਭੇਜਦੇ।

ਮੁਕਤਸਰ ਦੀ ਜੰਗ ਪਿੱਛੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਈ ਪਿੰਡਾਂ ਤੋਂ ਹੁੰਦੇ ਹੋਏ ਸਾਬੋ ਕੀ ਤਲਵੰਡੀ ਪਹੁੰਚੇ। ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਕੌਰ ਜੀ ਭਾਈ ਮਨੀ ਸਿੰਘ ਜੀ ਨਾਲ ਇਸ ਥਾਂ ਗੁਰੂ ਜੀ ਨੂੰ ਮਿਲੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਭਾਈ ਮਨੀ ਸਿੰਘ ਤੋਂ ਲਿਖਵਾਉਂਦਿਆਂ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਬਾਣੀ ਨੂੰ ਵੀ ਸ਼ਾਮਿਲ ਕਰਵਾਇਆ। ਅੰਤਮ ਰੂਪ ਦਿੰਦਿਆਂ ਬਾਬਾ ਦੀਪ ਸਿੰਘ ਜੀ ਨੇ ਵੀ ਸਹਾਇਤਾ ਕੀਤੀ, ਜਿਨ੍ਹਾਂ ਨੂੰ ਇੱਕ ਸਿੰਘ ਭਾਈ ਸ਼ੇਰ ਸਿੰਘ ਨੂੰ ਪਹੂਵਿੰਡ ਭੇਜ ਕੇ ਬੁਲਾਇਆ ਗਿਆ ਸੀ। ਆਪ ਕਲਮਾਂ, ਸਿਆਹੀ ਅਤੇ ਕਾਗਜ਼ ਆਦਿ ਤਿਆਰ ਕਰਦੇ ਸਨ। ਇਸ ਬੀੜ ਨੂੰ ਦਮਦਮੇ ਸਾਹਿਬ ਵਾਲੀ ਬੀੜ ਕਿਹਾ ਜਾਂਦਾ ਹੈ ਜੋ ਇਸ ਸਮੇਂ ਗੁਰਦੁਆਰਿਆਂ ਵਿੱਚ ਸੁਸ਼ੋਭਿਤ ਹੈ।

ਬਾਬਾ ਦੀਪ ਸਿੰਘ ਦੀ ਲਿਖਾਈ ਅਤੇ ਅੱਖਰਾਂ ਦੀ ਬਨਾਵਟ ਬਹੁਤ ਸੁੰਦਰ ਸੀ। ਗੁਰੂ ਜੀ ਨੇ ਆਪ ਨੂੰ ਚਾਰ ਹੱਥ ਲਿਖਤਾਂ ਬੀੜ ਤਿਆਰ ਕਰਨ ਲਈ ਕਿਹਾ। ਇਹ ਕੰਮ ਬਾਬਾ ਦੀਪ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਸੰਪੂਰਨ ਕੀਤਾ ਤੇ ਇਸ ਉਪਰ 1716 ਤੋਂ 1726 ਈ. ਤੱਕ ਦਾ ਸਮਾਂ ਲੱਗਾ ਤੇ ਇਨ੍ਹਾਂ ਬੀੜਾਂ ਨੂੰ ਚਾਰੇ ਤਖ਼ਤਾਂ ਨੂੰ ਭੇਜਿਆ।

ਬਾਬਾ ਦੀਪ ਸਿੰਘ ਅਰਬੀ ਫ਼ਾਰਸੀ ਦੇ ਵੀ ਵਿਦਵਾਨ ਸਨ।ਆਪ ਜੀ ਨੇ ਲਗਾਤਾਰ ਮਿਹਨਤ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਰਬੀ ਭਾਸ਼ਾ ਵਿੱਚ ਤਰਜਮਾ ਕੀਤਾ। ਇਹ ਪਵਿੱਤਰ ਬੀੜ ਡਾ. ਕ੍ਰਿਪਾਲ ਸਿੰਘ ਦੇ ਕਥਨ ਅਨੁਸਾਰ ਅੱਜ ਕੱਲ੍ਹ ਬਗ਼ਦਾਦ ਯੂਨੀਵਰਸਿਟੀ ਵਿੱਚ ਸੰਭਾਲ ਕੇ ਰੱਖੀ ਹੋਈ ਹੈ।

ਜਦ ਬੰਦਾ ਸਿੰਘ ਬਹਾਦਰ 1709 ਈ. ਵਿੱਚ ਪੰਜਾਬ ਆਇਆ ਤਾਂ ਗੁਰੂ ਸਾਹਿਬ ਦੇ ਅਨੁਯਾਈਆਂ ਵਿੱਚ ਬਾਬਾ ਦੀਪ ਸਿੰਘ ਵੀ ਸਾਬੋ ਕੀ ਤਲਵੰਡੀ ਤੋਂ ਆਣ ਮਿਲੇ। ਉਨ੍ਹਾਂ ਨੇ ਵੱਖ ਵੱਖ ਇਲਾਕਿਆਂ ਨੂੰ ਜਿੱਤਣ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੀ ਮਦਦ ਕੀਤੀ। ਬਾਬਾ ਦੀਪ ਸਿੰਘ ਜੀ ਨੇ ਸਿਆਲਕੋਟ ਦੇ ਕੁਝ ਇਲਾਕੇ 'ਤੇ ਕਬਜ਼ਾ ਲਿਆ ਜਿਹੜਾ ਮੁਹੰਮਦ ਅਮੀਨ ਖਾਂ ਕੋਲ ਸੀ ਤੇ ਫਿਰ ਆਪਣੇ ਸਾਥੀਆਂ ਦਯਾਲ ਸਿੰਘ ਤੇ ਨੱਥਾ ਸਿੰਘ ਨੂੰ ਸੌਂਪ ਦਿੱਤਾ। ਸੰਨ 1708 ਤੋਂ 1715 ਸੰਨ ਤੀਕ ਆਪ ਨੇ ਬਾਬਾ ਬੰਦਾ ਸਿੰਘ ਬਹਾਦਰ ਦਾ ਸਾਥ ਦਿੱਤਾ।

ਬਾਬਾ ਬੰਦਾ ਸਿੰਘ ਬਹਾਦਰ ਨੂੰ ਪਿੰਡ ਗੁਰਦਾਸ ਨੰਗਲ (ਨੇੜੇ ਗੁਰਦਾਸਪੁਰ) ਵਿੱਚ ਸ਼ਾਹੀ ਫੌਜਾਂ ਘੇਰ ਲਿਆ। ਉਸ ਦਾ ਸਾਥ ਆਪਣੇ ਹੀ ਕਈ ਸਾਥੀ ਛੱਡ ਗਏ। ਹਵੇਲੀ ਅੰਦਰ ਖਾਣ ਪੀਣ ਦਾ ਸਾਮਾਨ ਖ਼ਤਮ ਹੋ ਗਿਆ। ਉਸ ਨੂੰ ਸਾਥੀਆਂ ਸਮੇਤ 7 ਦਸੰਬਰ ਸੰਨ 1715 ਈ. ਨੂੰ ਗ੍ਰਿਫ਼ਤਾਰ ਕਰ ਲਿਆ ਤੇ ਦਿੱਲੀ ਲਿਜਾ ਕੇ 700 ਸਾਥੀਆਂ ਸਮੇਤ ਸ਼ਹੀਦ ਕਰ ਦਿੱਤਾ ਗਿਆ।

17 ਵੀਂ ਸਦੀ ਵਿੱਚ ਸਾਰਾ ਖ਼ਾਲਸਾ ਪੰਥ ਜੰਗਲਾਂ ਅਤੇ ਪਹਾੜਾਂ ਵਿੱਚੋਂ ਬਾਹਰ ਆ ਕੇ ਇਕੱਠਾ ਹੋ ਗਿਆ। ਖ਼ਾਲਸਾ ਪੰਥ 12 ਮਿਸਲਾਂ ਵਿੱਚ ਵੰਡਿਆ ਗਿਆ ਜਿਸ ਦੇ 12 ਮੁੱਖ ਜਥੇਦਾਰ ਥਾਪੇ ਗਏ। ਇਨ੍ਹਾਂ ਵਿੱਚੋਂ ਇੱਕ ਮਿਸਲ ਸੀ ਸ਼ਹੀਦ ਮਿਸਲ । ਬਾਬਾ ਦੀਪ ਸਿੰਘ, ਸ਼ਹੀਦ ਮਿਸਲ ਦੇ ਮੁੱਖ ਜਥੇਦਾਰ ਥਾਪੇ ਗਏ। ਇਸ ਸਦੀ ਅੰਦਰ ਭਾਰਤ ਨੂੰ ਵਿਦੇਸ਼ੀ ਹਮਲਾਵਰਾਂ ਨੇ ਖ਼ੂਬ ਲੁਟਿਆ ਤੇ ਇੱਥੋਂ ਦੀਆਂ ਬਹੁ-ਬੇਟੀਆਂ ਦੀ ਇੱਜ਼ਤ ਦਾ ਵੀ ਖਿਲਵਾੜ ਕੀਤਾ। ਮਿਸਲਾਂ ਦੇ ਜਥੇਦਾਰਾਂ ਨੇ ਇਕੱਠੇ ਹੋ ਕੇ ਅਫ਼ਗਾਨ ਧਾੜਵੀਆਂ ਦਾ ਮੁਕਾਬਲਾ ਕਰਨਾ ਸ਼ੁਰੂ ਕਰ ਦਿੱਤਾ ਤੇ ਭਾਰਤ ਦਾ ਲੁਟਿਆ ਬਹੁਤ ਕੀਮਤੀ ਸਾਮਾਨ ਵਾਪਿਸ ਦਿਵਾਇਆ ਜਾਂਦਾ ਰਿਹਾ।



ਡਾ. ਚਰਨਜੀਤ ਸਿੰਘ ਗੁਮਟਾਲਾ
91-94175-33060

5 ਫਰਵਰੀ ਸੰਨ 1762 ਈ. ਨੂੰ ਕੁੱਪ ਰਹੀੜੇ ਦੇ ਅਸਥਾਨ 'ਤੇ ਹੋਏ ਵੱਡੇ ਘਲੂਘਾਰੇ ਤੋਂ ਬਾਅਦ ਅਹਿਮਦ ਸ਼ਾਹ ਦੁਰਾਨੀ ਜਦ ਮੁੜਦਿਆਂ ਵਾਪਸ ਲਾਹੌਰ ਵੱਲ ਆਇਆ ਤਾਂ ਰਸਤੇ ਵਿੱਚ ਸਿੰਘਾਂ ਉੱਪਰ ਖਿਝੇ ਹੋਏ ਨੇ ਸਿੰਘਾਂ ਦਾ ਬੀਜ ਨਾਸ ਕਰਨ ਲਈ ਸ੍ਰੀ ਅੰਮ੍ਰਿਤਸਰ ਦਾ ਤਾਲ ਮਿੱਟੀ ਨਾਲ ਭਰਵਾ ਦਿੱਤਾ ਤੇ 10 ਅਪ੍ਰੈਲ ਸੰਨ 1762 ਈ. ਮੁ. 1819 ਬਿਕਰਮੀ ਨੂੰ ਨੀਹਾਂ ਹੇਠ ਬਾਰੂਦ ਦੇ ਕੁੱਪੇ ਰੱਖਵਾ ਕੇ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਨੂੰ ਉਡਾ ਦਿੱਤਾ।

ਇਸ ਹਮਲੇ ਸਮੇਂ ਅੰਮ੍ਰਿਤਸਰ ਸ਼ਹਿਰ ਦੇ ਇਨਚਾਰਜ ਜਮਾਲ ਖਾਨ ਦੁਆਰਾ ਸ੍ਰੀ ਦਰਬਾਰ ਸਾਹਿਬ ਜੀ ਦੀ ਬੇਅਦਬੀ ਕਰਨ, ਪਵਿੱਤਰ ਸਰੋਵਰ ਨੂੰ ਪੂਰ ਦੇਣ ਦੀ ਖ਼ਬਰ ਜਦੋਂ ਬਾਬਾ ਦੀਪ ਸਿੰਘ ਜੀ ਨੂੰ ਸਾਬੋ ਕੀ ਤਲਵੰਡੀ ਦੇ ਅਸਥਾਨ 'ਤੇ ਪੁੱਜੀ ਤਾਂ ਆਪ ਦੇ ਦਿਲ 'ਤੇ ਅਸਹਿ ਸੱਟ ਵੱਜੀ। ਆਪ ਜੀ ਨੇ ਸ੍ਰੀ ਦਰਬਾਰ ਸਾਹਿਬ ਜੀ ਦੀ ਪਵਿੱਤ੍ਰਤਾ ਭੰਗ ਕਰਨ ਵਾਲਿਆਂ ਨਾਲ ਟੱਕਰ ਲੈਣ ਦਾ ਫੈਸਲਾ ਕਰ ਲਿਆ। ਆਸ-ਪਾਸ ਦੇ ਨਗਰਾਂ ਤੇ ਟਿਕਾਣਿਆਂ 'ਤੇ ਇਤਲਾਹ ਦਿੱਤੀ ਗਈ। ਵੱਖ-ਵੱਖ ਨਗਰਾਂ ਤੋਂ ਅਣਗਿਣਤ ਸਿੰਘ ਬਾਬਾ ਜੀ ਦੀ ਅਗਵਾਈ ਵਿੱਚ ਪਾਵਨ ਧਰਮ ਅਸਥਾਨ ਦੀ ਰੱਖਿਆ ਲਈ ਹਾਜ਼ਰ ਹੋਏ। ਇਸ ਤਰ੍ਹਾਂ ਦਲ ਖਾਲਸਾ ਦੀ ਗਿਣਤੀ ਅਣਗਿਣਤ ਹੋ ਗਈ। ਬਿਆਸ ਦਰਿਆ ਪਾਰ ਕਰਕੇ ਸਿੰਘਾਂ ਦਾ ਜੱਥਾ ਮਾਝੇ ਦੇ ਇਲਾਕੇ ਅੰਦਰ ਦਾਖਲ ਹੋਇਆ। ਤਰਨਤਾਰਨ ਸਾਹਿਬ ਦੇ ਪਾਵਨ ਅਸਥਾਨ ਵਿਖੇ ਪਹੁੰਚ ਕੇ ਸਿੰਘਾਂ ਦੇ ਸਾਰੇ ਸਮੂਹ ਨੇ ਅਰਦਾਸ ਕੀਤੀ। । ਇਸ ਸ਼ਹਿਰ ਤੋਂ ਬਾਹਰ ਆ ਕੇ ਬਾਬਾ ਦੀਪ ਸਿੰਘ ਜੀ ਨੇ ਇੱਕ ਲਕੀਰ ਖਿੱਚੀ ਅਤੇ ਕਿਹਾ ਕਿ ਜੋ ਸ਼ਹੀਦੀ ਪਾਉਣ ਲਈ ਤਿਆਰ ਹੈ, ਉਹ ਇਸ ਲਕੀਰ ਨੂੰ ਪਾਰ ਕਰੇ, ਜਿਹੜਾ ਸ਼ਹੀਦ ਨਹੀਂ ਹੋਣਾ ਚਾਹੁੰਦਾ ਉਹ ਵਾਪਸ ਚਲਿਆ ਜਾਵੇ। ਸਾਰੇ ਸਿੰਘ ਜੈਕਾਰੇ ਗਜਾਉਂਦੇ ਹੋਏ ਲਕੀਰ ਪਾਰ ਕਰਕੇ ਅੰਮ੍ਰਿਤਸਰ ਵੱਲ ਵਧਣ ਲੱਗੇ।

ਤਰਨ ਤਾਰਨ ਤੋਂ 10 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਗੋਹਲਵੜ ਪਿੰਡ ਕੋਲ ਜਾ ਕੇ ਬਾਬਾ ਜੀ ਨੇ ਆਪਣੇ ਸਿੰਘਾਂ ਦੇ ਜਥੇ ਨਾਲ ਦੁਸ਼ਮਣ ਦੀ ਫ਼ੌਜ ਨੂੰ ਲੜਾਈ ਲਈ ਲਲਕਾਰਿਆ। ਇਸ ਜਗ੍ਹਾ ਗੁਰਦੁਆਰਾ ਲਲਕਾਰ ਸਾਹਿਬ ਬਣਿਆ ਹੋਇਆ ਹੈ। ਗੋਹਲਵੜ ਵਿੱਚ ਬਾਬਾ ਜੀ ਦਾ ਸਾਹਮਣਾ ਜਮਾਲ ਖ਼ਾਨ ਨਾਲ ਹੋਇਆ। ਬਾਬਾ ਦੀਪ ਸਿੰਘ ਜੀ 8 ਸੇਰ ਕੱਚੇ ਦਾ ਦੋ-ਧਾਰਾ ਖੰਡਾ ਖੜਕਾਉਂਦੇ ਵੈਰੀਆਂ ਨੂੰ ਸਦਾ ਦੀ ਨੀਂਦ ਸੁਆਉਂਦੇ ਹੋਏ ਅੱਗੇ ਵਧਦੇ ਜਾ ਰਹੇ ਸਨ। ਜਮਾਲ ਖਾਨ ਅੱਗੇ ਵਧਿਆ ਤੇ ਬਾਬਾ ਜੀ 'ਤੇ ਵਾਰ ਕਰਨ ਲੱਗਾ। ਅੱਗੋਂ ਬਾਬਾ ਜੀ ਨੇ ਵੀ ਵਾਰ ਕੀਤਾ। ਇਸ ਸਾਂਝੇ ਵਾਰ ਵਿੱਚ ਬਾਬਾ ਜੀ ਨੇ ਉਸ ਮੁਗ਼ਲ ਕਮਾਂਡਰ ਨੂੰ ਤਾਂ ਥਾਂ 'ਤੇ ਹੀ ਖ਼ਤਮ ਕਰ ਦਿੱਤਾ ਪਰ ਨਾਲ ਹੀ ਇਨ੍ਹਾਂ ਦੀ ਧੌਣ ਉੱਤੇ ਇੱਕ ਘਾਤਕ ਘਾਉ ਲੱਗਾ, ਜਿਸ ਨਾਲ ਬਾਬਾ ਜੀ ਦਾ ਸੀਸ ਧੜ ਤੋਂ ਅਲੱਗ ਹੋ ਗਿਆ। ਇੱਕ ਸਿੰਘ ਨੇ ਹੱਥ ਜੋੜਕੇ ਬਾਬਾ ਜੀ ਨੂੰ ਆਪਣਾ ਪ੍ਰਣ ਯਾਦ ਕਰਵਾਇਆ ।ਫੇਰ ਕੀ ਸੀ ਬਚਨ ਕੇ ਬਲੀ ਸੂਰਬੀਰ ਯੋਧੇ ਬਾਬਾ ਜੀ ਦਾ ਧੜ ਹਰਕਤ ਵਿੱਚ ਆ ਗਿਆ ਤੇ ਉਨ੍ਹਾਂ ਆਪਣਾ ਪਾਵਨ ਸੀਸ਼ ਖੱਬੇ ਹੱਥ ਤੇ ਧਰ ਕੇ ਆਪਣਾ ਸਵਾ ਮਣ ਦਾ ਖੰਡਾ ਵਾਹੁੰਦੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪਰਕਰਮਾਂ ਤਕ ਜਾ ਪਹੁੰਚੇ। ਇਥੋਂ ਤਕ ਅੱਪੜਦਿਆਂ ਬਾਬਾ ਜੀ ਨੇ ਕਈ ਪਠਾਣ ਤੇ ਅਫ਼ਗਾਨ ਮਾਰ ਮੁਕਾਏ ਸਨ। ਇਸ ਤਰ੍ਹਾਂ ਇਸ ਘਮਸਾਨ ਦੀ ਜੰਗ ਅੰਦਰ ਅਫ਼ਗਾਨ ਜਰਨੈਲਾਂ ਦੇ ਮਾਰੇ ਜਾਣ ਨਾਲ ਅਫ਼ਗਾਨੀ ਫੌਜ ਦੇ ਹੌਸਲੇ ਟੁੱਟ ਗਏ ਤੇ ਬਾਬਾ ਦੀਪ ਸਿੰਘ ਜੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪਰਕਰਮਾਂ ਅੰਦਰ ਪਹੁੰਚ ਕੇ ਸ਼ਹੀਦੀ ਪ੍ਰਾਪਤ ਕਰ ਗਏ।

ਸ਼ਹੀਦ ਹੋਏ ਸਿੰਘਾਂ ਦੀ ਯਾਦ ਵਿੱਚ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਨੇੜੇ ਇੱਕ ਥੜ੍ਹੇ ਉੱਪਰ ਨਿਸ਼ਾਨ ਸਾਹਿਬ ਝੁਲਾਇਆ ਹੋਇਆ ਹੈ। ਉਸ ਥੜ੍ਹੇ ਉਂਪਰ ਕੁਝ ਸਿੰਘਾਂ ਦੇ ਨਾਮ ਹੇਠ ਲਿਖੇ ਅਨੁਸਾਰ ਲਿਖੇ ਹੋਏ ਹਨ:

1. ਬਾਬਾ ਦੀਪ ਸਿੰਘ ਜੀ ਸ਼ਹੀਦ ਹੈੱਡ ਜਥੇਦਾਰ
2. ਬਾਬਾ ਬਲਵੰਤ ਸਿੰਘ ਜੀ ਸ਼ਹੀਦ ਜਥੇਦਾਰ
3. ਬਾਬਾ ਹੀਰਾ ਸਿੰਘ ਜੀ ਸ਼ਹੀਦ ਜਥੇਦਾਰ
4. ਬਾਬਾ ਗੰਡਾ ਸਿੰਘ ਜੀ ਸ਼ਹੀਦ ਜਥੇਦਾਰ
5. ਬਾਬਾ ਲਹਿਣਾ ਸਿੰਘ ਜੀ ਸ਼ਹੀਦ ਜਥੇਦਾਰ
6. ਬਾਬਾ ਰਣ ਸਿੰਘ ਜੀ ਸ਼ਹੀਦ ਜਥੇਦਾਰ
7. ਬਾਬਾ ਗੁਪਾਲ ਸਿੰਘ ਜੀ ਸ਼ਹੀਦ ਜਥੇਦਾਰ
8. ਬਾਬਾ ਭਾਗ ਸਿੰਘ ਜੀ ਸ਼ਹੀਦ ਜਥੇਦਾਰ
9. ਬਾਬਾ ਸੱਜਣ ਸਿੰਘ ਜੀ ਸ਼ਹੀਦ ਜਥੇਦਾਰ
10. ਬਾਬਾ ਬਹਾਦਰ ਸਿੰਘ ਜੀ ਸ਼ਹੀਦ ਜਥੇਦਾਰ

ਇਸ ਤਰ੍ਹਾਂ ਬਾਬਾ ਦੀਪ ਸਿੰਘ ਜੀ ਅਤੇ ਉਨ੍ਹਾਂ ਦੇ ਸਾਥੀ ਸਿੰਘ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਦਾ ਜ਼ਾਲਮਾਂ ਤੋਂ ਬਦਲਾ ਲੈਂਦੇ ਹੋਏ ਅਤੇ ਧਰਮ ਤੇ ਕੌਮ ਦੀ ਸ਼ਾਨ ਬਦਲੇ ਆਪਣੀਆਂ ਜਾਨਾਂ ਕੁਰਬਾਨ ਕਰ ਗਏ।

ਬਾਬਾ ਦੀਪ ਸਿੰਘ ਜੀ ਦਾ ਸ਼ਹੀਦੀ ਅਸਥਾਨ ਗੁਰਦੁਆਰਾ ਰਾਮਸਰ ਸਾਹਿਬ ਦੇ ਨੇੜੇ ਹੈ, ਜਿੱਥੇ ਅੱਜਕਲ੍ਹ 'ਗੁਰਦੁਆਰਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ' ਸੁਸ਼ੋਭਿਤ ਹੈ। ਸ੍ਰੀ ਹਰਿਮੰਦਰ ਸਾਹਿਬ ਦੀਆਂ ਪਰਕਰਮਾਂ ਵਿੱਚ ਜਿੱਥੇ ਬਾਬਾ ਜੀ ਨੇ ਸੀਸ ਭੇਟ ਕੀਤਾ ਸੀ, ਉਥੇ ਵੀ ਪਾਵਨ ਗੁਰਦੁਆਰਾ ਸਾਹਿਬ ਸੁਭਾਇਮਾਨ ਹੈ। ਬਾਬਾ ਦੀਪ ਸਿੰਘ ਜੀ ਦਾ ਉਹ ਦੋ-ਧਾਰਾ ਖੰਡਾ ਸ੍ਰੀ ਅਕਾਲ ਤਖਤ ਸਾਹਿਬ ਦੇ ਸ਼ਸਤਰਾਂ ਵਿੱਚ ਸੰਭਾਲ ਕੇ ਰੱਖਿਆ ਗਿਆ, ਜਿਸ ਦੇ ਹਰ ਰੋਜ਼ ਸ਼ਾਮ ਨੂੰ ਸੰਗਤਾਂ ਨੂੰ ਦਰਸ਼ਨ ਕਰਵਾਏ ਜਾਂਦੇ ਹਨ ।

ਦੁਨੀਆਂ ਭਰ ਵਿਚ 27 ਜਨਵਰੀ ਨੂੰ ਆਪ ਜੀ ਦਾ ਜਨਮ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾਂਦਾ ਹੈ।

# ਸ. ਰਬਿੰਦਰ ਸਿੰਘ ਅਟਵਾਲ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ

**ਅੰਮ੍ਰਿਤਸਰ-** ਅਮਰੀਕਾ ਦੇ ਪ੍ਰਸਿੱਧ ਸ਼ਹਿਰ ਯੂਬਾ ਸਿਟੀ ਵਿੱਚ ਨਿਵਾਸ ਕਰਨ ਵਾਲੇ ਪ੍ਰਸਿੱਧ ਪੰਜਾਬੀ ਲੇਖਕ ਸ. ਰਬਿੰਦਰ ਸਿੰਘ ਅਟਵਾਲ ਐਮ.ਏ. ਬੀ. ਟੀ. ਦੇ ਅਕਾਲ ਚਲਾਣੇ 'ਤੇ ਲੇਖਕਾਂ ਤੇ ਲੇਖਕ ਜਥੇਬੰਦੀਆਂ ਵੱਲੋਂ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ ਜੋ ਕਿ 18 ਜਨਵਰੀ 2024 ਨੂੰ ਅਕਾਲ ਚਲਾਣਾ ਕਰ ਗਏ ਸਨ। ਪ੍ਰੈਸ ਨੂੰ ਸਾਂਝੇ ਬਿਆਨ ਵਿੱਚ ਵਾਰਿਸ ਸ਼ਾਹ ਫਾਉਂਡੇਸ਼ਨ ਦੇ ਪ੍ਰਧਾਨ ਡਾ. ਬਿਕਰਮ ਸਿੰਘ ਘੁੰਮਣ, ਮੈਂਬਰ ਡਾ. ਬ੍ਰਿਜਪਾਲ ਸਿੰਘ, ਡਾ. ਇਕਬਾਲ ਕੌਰ ਸੌਂਦ, ਡਾ. ਅਜੀਤ ਸਿੰਘ ਕੋਟਕਪੂਰਾ, ਪੰਜਾਬੀ ਕਾਲਮ ਨਵੀਸ ਮੰਚ ਦੇ ਸਰਪ੍ਰਸਤ ਡਾ. ਚਰਨਜੀਤ ਸਿੰਘ ਗੁਮਟਾਲਾ ਪ੍ਰਧਾਨ ਗੁਰਮੀਤ ਪਲਾਹੀ ਜਨਰਲ ਸਕੱਤਰ ਗੁਰਚਰਨ ਸਿੰਘ ਨੂਰਪੁਰ, ਪੰਜਾਬ ਮੇਲ ਯੂ ਐਸ ਏ ਅਖਬਾਰ ਤੇ ਪੰਜਾਬ ਮੇਲ ਯੂ ਐਸ ਏ ਟੀ ਵੀ ਦੇ ਸੰਪਾਦਕ ਗੁਰਜਤਿੰਦਰ ਸਿੰਘ ਰੰਧਾਵਾ, ਅਮਰੀਕਾ ਦੀ ਸ਼ਾਂਝੀ ਸੋਚ ਅਖਬਾਰ ਤੇ ਟੀ ਵੀ ਦੇ ਸੰਪਾਦਕ ਬੂਟਾ ਬਾਸੀ, ਅਮਰੀਕਾ ਦੇ ਪ੍ਰਸਿੱਧ ਲੇਖਕ ਸ. ਚਰਨਜੀਤ ਸਿੰਘ ਪੰਨੂੰ ਤੇ ਡਾ. ਪ੍ਰਗਟ ਸਿੰਘ ਹੁੰਦਲ ਨੇ ਇੱਕ ਸਾਂਝੇ ਬਿਆਨ ਵਿੱਚ ਕਿਹਾ ਕਿ ਪਿੰਡ ਫਰਾਲਾ ਜ਼ਿਲ੍ਹਾ ਨਵਾਂ ਸ਼ਹਿਰ ਦੇ ਜੰਮਪਲ ਰਬਿੰਦਰ ਸਿੰਘ ਅਟਵਾਲ ਨੇ ਪਹਿਲਾਂ 1957 ਵਿੱਚ ਬਤੌਰ ਅਧਿਆਪਕ ਤੇ ਫਿਰ ਮੁੱਖ ਅਧਿਆਪਕ ਬਤੌਰ 1962 ਤੀਕ ਨੌਕਰੀ ਕੀਤੀ, 1962 ਵਿੱਚ ਉਹ ਇੰਗਲੈਂਡ ਆ ਗਏ। 1982 ਵਿੱਚ ਉਹ ਅਮਰੀਕਾ ਆ ਗਏ।ਉਹਨਾਂ ਇਥੇ ਪਹਿਲਾਂ ਸਟੋਰ ਖੋਲਿਆ ਤੇ 1992 ਵਿੱਚ ਉਹਨਾਂ 300 ਏਕੜ ਜ਼ਮੀਨ ਖ੍ਰੀਦੀ ਤੇ ਵਿੱਚ ਆੜੂਆਂ ਦੀ ਖੇਤੀਬਾੜੀ ਕੀਤੀ।ਇਸ ਸਮੇਂ ਉਹ ਖੇਤੀਬਾੜੀ ਕਰਦੇ ਸਨ।ਉਹ ਆਪਣੇ ਪਿੱਛੇ ਸਪਤਨੀ ,ਇਕ ਬੇਟੀ ਤੇ 3 ਬੇਟੇ ਛੱਡ ਗਏ ਹਨ।



ਉਨ੍ਹਾਂ ਨੇ ਲਿਖਣਾ ਉਸ ਸਮੇਂ ਸ਼ੁਰੂ ਕੀਤਾ ਜਦ ਉਹ ਖਾਲਸਾ ਕਾਲਜ ਅੰਮ੍ਰਿਤਸਰ ਦੇ ਵਿਦਿਆਰਥੀ ਸਨ। ਉਨ੍ਹਾਂ ਨੇ ਪੰਜਾਬੀ ਸਾਹਿਤ ਦੀ ਝੋਲੀ ਵਿੱਚ ਪੰਜ ਕਿਤਾਬਾਂ ਪਾਈਆਂ। 1984 ਵਿੱਚ ਪੰਜਾਬੀ ਅਮੈਰਿਕਨ ਕਹਾਣੀ, 1986 ਵਿੱਚ ਨਾਵਲ ਅੱਗੇ ਦਾ ਸਫ਼ਰ, 2005 ਵਿੱਚ ਕਹਾਣੀ ਸੰਗ੍ਰਹਿ ਤੇਰੀ ਮੇਰੀ ਧਰਤੀ, 2006 ਵਿੱਚ ਨਾਵਲ ਦੋ ਦੇਸ਼-ਇੱਕ ਕਹਾਣੀ ਤੇ 2011 ਵਿੱਚ ਕਿਹੜੇ ਦੇਸ਼ ਜਾਣਾ ਨਾਵਲ ਲਿਖਿਆ। ਉਨ੍ਹਾਂ ਨੂੰ ਕਈ ਸੰਸਥਾਵਾਂ ਵੱਲੋਂ ਸਨਮਾਨਿਤ ਕੀਤਾ ਗਿਆ। ਉਹ ਅੱਜ ਭਾਵੇਂ ਸਾਡੇ ਵਿੱਚ ਨਹੀਂ ਰਹੇ, ਪਰ ਸਾਹਿਤਕ ਕੰਮਾਂ ਕਰਕੇ ਉਨ੍ਹਾਂ ਨੂੰ ਹਮੇਸ਼ਾਂ ਯਾਦ ਕੀਤਾ ਜਾਵੇਗਾ।

*ਫੋਟੋ : ਡਾ. ਚਰਨਜੀਤ ਸਿੰਘ ਗੁਮਟਾਲਾ ਨਾਲ ਉਨ੍ਹਾਂ ਤੇ ਸਪਤਨੀ ਨਾਲ ਉਨ੍ਹਾਂ ਦੇ ਯੂਬਾ ਸਿਟੀ ਘਰ ਵਿਚ 2011 ਦੀ ਯਾਦਗਾਰੀ ਤਸਵੀਰ।*

**-ਡਾ. ਚਰਨਜੀਤ ਸਿੰਘ ਗੁਮਟਾਲਾ 919417533060**

### ਮਹਾਨ ਕਬੱਡੀ ਖਿਡਾਰੀ/ਕੋਚ ਦੇਵੀ ਦਿਆਲ ਸ਼ਰਮਾ ਨੂੰ ਸ਼ਰਧਾਂਜਲੀ

# ਦੇਵੀ ਦਿਆਲ ਸ਼ਰਮਾ: ਪੰਜਾਬ ਦੀ ਮਾਂ-ਖੇਡ ਦਾ ਗਾਮਾਂ



ਭੀਮ ਰਾਜ ਗਰਗ
91+98765-45157

ਪੰਜਾਬ ਦੀ ਮਾਂ ਖੇਡ ਕਬੱਡੀ ਨੂੰ ਕੌਮਾਂਤਰੀ ਪੱਧਰ ਤਕ ਲਿਜਾਣ ਦਾ ਸਿਹਰਾ ਮਹਾਨ ਕਬੱਡੀ ਖਿਡਾਰੀ ਅਤੇ ਕੋਚ ਦੇਵੀ ਦਿਆਲ ਸ਼ਰਮਾ ਨੂੰ ਜਾਂਦਾ ਹੈ। ਦੇਵੀ ਦਿਆਲ ਸ਼ਰਮਾ, ਕਬੱਡੀ ਦੇ ਇਕ ਸੁਨਹਿਰੇ ਯੁੱਗ ਦੇ ਪ੍ਰਤੀਨਿਧੀ ਸਨ। ਉਹ ਰਾਸ਼ਟਰੀ ਕਬੱਡੀ ਕੋਚ, ਪਲੇਅਰ, ਰੈਫਰੀ ਤੇ ਕਮੈਂ-ਟੇਟਰ ਵੀ ਰਹੇ ਹਨ। ਕਬੱਡੀ ਖੇਡ ਨੂੰ ਸ਼ੁਰੂ ਕਰਨ ਵਾਲੇ, ਚੁੱਕਣ ਵਾਲੇ ਅਤੇ ਆਸਟ੍ਰੇਲੀਆ ਨਿ-ਊਜ਼ੀਲੈਂਡ ਵਿਚ ਕਬੱਡੀ ਦੇ ਜਨਕ ਦੇਵੀ ਦਿਆਲ, 1960 ਦੇ ਦਹਾਕਿਆਂ ਚ ਕਬੱਡੀ ਦੇ ਮੈਦਾਨ ਚ ਉੱਤਰੇ ਸਨ। ਉਨ੍ਹਾਂ ਨੇ ਉਚੇਰੀ ਸਿਖਿਆ ਹਾਸਲ ਕੀਤੀ ਸੀ ਅਤੇ ਆਪਣੇ ਵੇਲ੍ਹੇ ਉਹ ਸਬ ਤੋਂ ਵੱਧ ਪੜ੍ਹੇ ਲਿਖੇ ਖਿਡਾਰੀ ਸਨ। ਉਹ ਕਬੱਡੀ ਖਿਡਾਰੀਆਂ ਲਈ ਚਾਨਣ ਮੁਨਾਰਾ ਬਣੇ। ਉਨ੍ਹਾਂ ਵਾਸਤੇ ਕਬੱਡੀ ਤਪਸਿਆ ਤੋਂ ਘੱਟ ਨਹੀਂ ਸੀ ਅਤੇ ਉੱਠਦੇ ਬਹਿੰਦੇ ਸਿਰਫ ਕਬੱਡੀ ਦੀਆਂ ਗੱਲਾਂ ਕਰਦੇ ਰਹਿੰਦੇ ਸਨ। ਦੇਵੀ ਦਿਆਲ ਸ਼ਰਮਾ ਪੰਜਾਬੀ ਮਾਂ ਖੇਡ ਕਬੱਡੀ ਦੇ ਭੀਸ਼ਮ ਪਿਤਾਮਾ ਵਜੋਂ ਸਤਿਕਾਰੇ ਜਾਂਦੇ ਸਨ। ਉਨ੍ਹਾਂ ਦੇ ਨਾਂਅ ਦੇ ਚਰਚੇ ਲੋਕ ਗੀਤਾਂ ਅਤੇ ਫ਼ਿਲਮਾਂ ਵਿਚ ਹੁੰਦੇ ਸਨ।

ਕਬੱਡੀ ਦੇ ਧਰੁਵਤਾਰੇ, ਦੇਵੀ ਦਿਆਲ ਦਾ ਜਨਮ 2 ਦਸੰਬਰ, 1947 ਨੂੰ ਪਿੰਡ ਕੁੱਬਾ ਤਹਿਸੀਲ ਸਮਰਾਲਾ ਜ਼ਿਲ੍ਹਾ ਲੁਧਿਆਣਾ ਵਿਖੇ ਇਕ ਸਾਧਾਰਨ ਬ੍ਰਾਹਮਣ ਪਰਵਾਰ ਚ ਹੋਇਆ ਸੀ। ਉਨ੍ਹਾਂ ਦੇ ਪਿਤਾ ਪੰਡਿਤ ਅਮੀਂ ਚੰਦ ਨੂੰ ਵੀ ਬੋਡੀ ਬਣਾਉਣ ਦਾ ਸ਼ੌਕ ਸੀ। ਘਰ ਵਿਚ ਖੇਡਾਂ ਦਾ ਮਾਹੌਲ ਸੀ, ਵੱਡਾ ਭਰਾ ਜਗਮੀਤ ਕੁਸ਼ਤੀ ਕਰਦਾ ਸੀ। ਦੇਵੀ ਦਿਆਲ, ਘਰ ਦਾ ਲਾਡਲਾ ਬੱਚਾ ਸੀ ਅਤੇ ਘਰ ਵਾਲੇ ਚੋਟ ਲੱਗਣ ਦੇ ਡਰ ਕਾਰਣ ਉਸਨੂੰ ਕਬੱਡੀ ਖੇਡਣ ਤੋਂ ਮਨਾ ਕਰਦੇ ਸਨ। ਉਸਨੇ ਪਿੰਡ ਦੇ ਸਕੂਲੋਂ ਅੱਠਵੀਂ ਕੀਤੀ ਤੇ ਫੇਰ ਘੁਲਾਲ ਦੇ ਸਰਕਾਰੀ ਸਕੂਲ ਤੋਂ ਫਸਟ ਕਲਾਸ ਨਾਲ ਦਸਵੀਂ ਦੀ ਪੜ੍ਹਾਈ ਪੂਰੀ ਕੀਤੀ। ਦੇਵੀ ਦਿਆਲ ਸਕੂਲ ਦੌਰਾਨ ਹਾਕੀ ਦਾ ਪਲੇਅਰ ਸੀ ਅਤੇ ਉਹ ਪੰਜਾਬ ਲੈਵਲ ਦੀ ਟੀਮ ਵਾਸਤੇ ਫਾਰਵਰ੍ਡ ਲਾਈਨ 'ਚ ਖੇਡਦਾ ਸੀ। ਉਸਨੇ ਗੌਰਮੈਂਟ ਕਾਲਜ ਲੁਧਿਆਣਾ ਵਿਚ ਦਾਖਲਾ ਲਿਤਾ ਅਤੇ ਹਾਕੀ ਖੇਡਦਿਆਂ ਪਤਾ ਨਹੀਂ ਕਦੋਂ ਉਹ ਕਬੱਡੀ ਵੱਲ ਤੁਰ ਪਿਆ। ਹੋਇਆ ਇੰਝ ਕਿ ਕਾਲਜ ਦੀ ਕਬੱਡੀ ਟੀਮ ਦਾ ਇਕ ਖਿਲਾੜੀ ਮੈਚ ਵੇਲ੍ਹੇ ਹਾਜ਼ਰ ਨਹੀਂ ਹੋਇਆ ਤਾਂ ਦੇਵੀ ਦਿਆਲ ਨੂੰ ਬਤੌਰ ਸਟੇਪਨੀ ਕਬੱਡੀ ਖੇਡਣ ਦਾ ਮੌਕਾ ਮਿਲਿਆ। ਹਾਕੀ ਦੀਆਂ ਡੋਜ਼ਾਂ ਨੂੰ ਕਬੱਡੀ ਚ ਇਸਤੇਮਾਲ ਕਰਦਿਆਂ ਉਸਨੇ ਬੱਲੇ ਬੱਲੇ ਕਰਵਾ ਦਿੱਤੀ।

ਉਸਦਾ ਸੋਹਣਾ ਸੰਗਮਰਮਰ ਵਰਗਾ ਗਠੀਲਾ ਸ਼ਰੀਰ ਤੇ ਬਾਕਮਾਲ ਦੀ ਦਿੱਖ ਦਰਸ਼ਕਾਂ ਨੂੰ ਆਪਣੇ ਵੱਲ ਆਕਰਸ਼ਤ ਕਰਦੀ ਸੀ। ਉਹ ਬਹੁਤ ਸੋਹਣੀਆਂ ਕਬੱਡੀਆਂ ਪਾਉਂਦਾ ਸੀ, ਦਰਸ਼ਕ ਦੂਰੋਂ ਦੂਰੋਂ ਉਸਦੀ ਖੇਡ ਨੂੰ ਵੇਖਣ ਆਉਂਦੇ ਸਨ। ਉਸ ਦੀ ਖੇਡ ਮਹਾਰਤ ਨੂੰ ਵੇਖਦਿਆਂ ਮਾਲਵਾ ਕਾਲਜ ਸਮਰਾਲਾ ਦੇ



ਪ੍ਰਿੰਸੀਪਲ ਉਸਨੂੰ ਆਪਣੇ ਕਾਲਜ ਲੈ ਗਏ। ਹਾਕੀ ਤੋਂ ਇਲਾਵਾ ਉਨ੍ਹਾਂ ਨੇ 100 ਮੀਟਰ ਦੀ ਦੌੜ 11।01 ਸੈਕੰਡ ਨਾਲ ਪੂਰੀ ਕਰਕੇ ਯੂਨੀਵਰਸਿਟੀ ਦੇ ਬੈਸਟ ਅਥਲੀਟ ਹੋਣ ਦਾ ਖਿਤਾਬ ਜਿਤਿਆ। ਡੀ. ਏ. ਵੀ. ਕਾਲਜ ਜਲੰਧਰ ਤੋਂ ਐੱਮ ਏ (ਪਾਲਿਟਿਕਲ ਸਾਇੰਸ) ਕਰਨ ਬਾਅਦ ਦੇਵੀ ਦਿਆਲ ਨੇ ਪੰਜਾਬ ਪੰਚਾਇਤੀ ਰਾਜ ਖੰਡ ਕਾਉਂਸਿਲ ਵਿਚ ਬਤੌਰ ਕੋਚ ਨੌਕਰੀ ਕਰਨੀ ਸ਼ੁਰੂ ਕਰ ਦਿੱਤੀ।

ਆਮ ਤੌਰ ਤੇ ਕਬੱਡੀ ਨੂੰ ਜੱਟਵਾਦ ਨਾਲ ਜੋੜਿਆ ਜਾਂਦਾ ਹੈ, ਪਰ ਦੇਵੀ ਦਿਆਲ ਨੇ ਸਾਬਤ ਕਰ ਦਿਤਾ ਸੀ ਕਿ ਕਬੱਡੀ ਵਿਚ ਇਸ ਬਾਹਮਣਾਂ ਦੇ ਮੁੰਡੇ ਦਾ ਕੋਈ ਸਾਨੀ ਨਹੀਂ। ਉਸਨੇ ਪੰਜਾਬ ਵਿਚ ਸਾਰੇ ਕਬੱਡੀ ਟੂਰਨਾਮੈਂਟਾਂ ਜਿਵੇਂ ਕਿਲ੍ਹਾ ਰਾਏਪੁਰ, ਢੁੱਢੀਕੇ , ਦਮਦਮਾ ਸਾਹਿਬ, ਆਦਿ ਵਿਚ ਹਿੱਸਾ ਲਿਤਾ ਅਤੇ ਨਾਮਣਾ ਖੱਟਿਆ। 1970 ਵਿਚ ਹਰਿਆਣਾ-ਪੰਜਾਬ ਦੇ ਮੈਚ ਵੇਲ਼ੇ ਦੇਵੀ ਦਿਆਲ ਪੰਜਾਬ ਟੀਮ ਦੇ ਵਾਈਸ ਕਪਤਾਨ ਸਨ। ਬਾਦਲ ਪਿੰਡ ਵਿਚ ਹੋਏ ਇਸ ਮੈਚ ਵਿਚ ਪੰਜਾਬ ਦੀ ਜਿੱਤ ਹੋਈ ਅਤੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਦੇਵੀ ਦਿਆਲ ਨੂੰ ਸਨਮਾਨਿਆ ਸੀ।

ਦੇਵੀ ਦਿਆਲ, ਸਾਲ 1974 ਵਿਚ ਇੰਗਲੈਂਡ ਦਾ ਦੌਰਾ ਕਰਨ ਵਾਲੀ ਪੰਜਾਬ ਦੀ ਪਹਿਲੀ ਕੌਮਾਂਤਰੀ ਕਬੱਡੀ ਟੀਮ ਦੇ ਉਪ ਕਪਤਾਨ ਬਣੇ ਅਤੇ ਇਸ ਟੀਮ ਨੇ ਓਥੇ ਸੱਤ ਮੈਚਾਂ ਵਿਚੋਂ ਤਿੰਨ ਮੈਚਾਂ ਵਿਚ ਜਿੱਤ ਹਾਸਲ ਕੀਤੀ ਸੀ। ਦੂਜੀ ਵਾਰੀਂ 1977 ਵਿਚ ਉਨ੍ਹਾਂ ਨੇ ਇੰਗਲੈਂਡ ਦੌਰੇ ਦੌਰਾਨ ਨੌਂ ਦੇ ਨੌਂ ਮੈਚ ਜਿੱਤਕੇ ਬੜਾ ਨਾਮਣਾ ਖੱਟਿਆ ਸੀ। ਦੇਸ਼, ਵਿਦੇਸ਼ ਚ ਨਾਂਅ ਚਮਕਾਉਣ ਤੋਂ ਬਾਅਦ, ਉਨ੍ਹਾਂ ਨੇ ਪੰਜਾਬ ਸਰਕਾਰ ਦੇ ਖੇਡ ਵਿਭਾਗ ਵਿਚ ਕੋਚ /ਟ੍ਰੇਨਰ ਤੇ ਖੇਡ ਅਧਿਕਾਰੀ ਵਜੋਂ ਕਬੱਡੀ ਦੀ ਲੰਮੀ ਸੇਵਾ ਕੀਤੀ। ਉਹ ਸਾਲ 2005 ਵਿਚ ਜ਼ਿਲ੍ਹਾ ਖੇਡ ਅਧਿਕਾਰੀ ਤੇ ਸੀਨੀਅਰ ਕੋਚ ਦੇ ਓਹਦੇ ਤੋਂ ਸੇਵਾ ਮੁਕਤ ਹੋਏ ਸਨ। ਦੇਵੀ ਦਿਆਲ ਸ਼ਰਮਾ, ਕਬੱਡੀ ਦੀ ਪਹਿਲੀ ਵਰਲਡ ਚੈਂਪੀਨਸ਼ਿਪ ਦੇ ਡਾਇਰੈਕਟਰ (ਟੈਕਨੀਕਲ) ਬਣਾਏ ਗਏ ਸਨ। ਫੇਰ ਦੋ ਵਾਰੀਂ ਉਹ ਭਾਰਤੀ ਟੀਮ ਦੇ ਮੈਨੇਜਰ ਵੀ ਰਹੇ ਸਨ।

ਨਵੇਂ ਖਿਡਾਰੀਆਂ ਨੂੰ ਚੇਟਕ ਲਾਉਣ ਅਤੇ ਕਬੱਡੀ ਦੀ ਸਿਖਲਾਈ ਵਾਸਤੇ ਉਨ੍ਹਾਂ ਨੇ ਆਪਣੇ ਪਿੰਡ ਕੁੱਬੇ ਵਿਖੇ ਕਬੱਡੀ ਦੀ ਹੱਬ ਬਣਾਈ। ਉਨ੍ਹਾਂ ਦਾ ਬੇਟਾ ਅਲੰਕਾਰ, ਹੈਮਰ ਥ੍ਰੋ ਦਾ ਖਿਲਾੜੀ ਸੀ ਅਤੇ ਕਬੱਡੀ ਦਾ ਸ਼ੌਕ ਵੀ ਰੱਖਦਾ ਸੀ। ਅਲੰਕਾਰ ਦੀ ਕੈਂਸਰ ਕਾਰਣ 1998 ਵਿਚ ਬੇਵਕਤੀ ਮੌਤ ਨੇ ਦੇਵੀ ਦਿਆਲ ਨੂੰ ਗਹਿਰਾ ਸਦਮਾ ਪਹੁੰਚਾਇਆ ਸੀ। ਉਨ੍ਹਾਂ ਨੇ ਆਪਣੇ ਪੁੱਤਰ ਅਲੰਕਾਰ (ਟੋਨੀ) ਦੀ ਯਾਦ ਵਿਚ ਕਬੱਡੀ ਦੀ ਇਕ ਅਕੈਡਮੀ ਖੋਲ੍ਹੀ, ਜਿਥੇ ਸਾਰੇ ਦੇਸ਼ ਦੇ ਖਿਡਾਰੀ ਆਉਂਦੇ ਹਨ। ਦੇਵੀ ਦਿਆਲ ਸ਼ਰਮਾ ਦੇ ਸ਼ਾਗਿਰਦਾਂ ਵਿਚ ਦੁਨੀਆਂ ਭਰ ਦੇ ਨਾਮੀ ਕਬੱਡੀ ਖਿਡਾਰੀ ਜਿਵੇਂ ਮਾਂਗੀ ਬੁੱਗਾ, ਭੁਪਿੰਦਰ, ਅੰਗਰੇਜ ਅਤੇ ਨੀਲੋਂ ਦੇ ਤਿੰਨ ਭਰਾ ਆਦਿਸ਼ੁਮਾਰ ਹਨ।

ਦੇਵੀ ਦਿਆਲ ਨੇ ਪੇਂਡੂ ਖੇਡਾਂ ਦੀ ਦੁਨੀਆ ਵਿੱਚ ਅਨਮੋਲ ਯੋਗਦਾਨ ਪਾਇਆ ਅਤੇ ਨਸ਼ਿਆਂ ਦੀ ਦੁਰਵਰਤੋਂ, ਛੇੜਛਾੜ ਅਤੇ ਗੈਰ-ਕਾਨੂੰਨੀ ਪਰਵਾਸ ਦੇ ਵਿਰੁੱਧ ਇੱਕ ਅਣ-ਗਿਣਤ ਕਰੂਸੇਡਰ ਵਜੋਂ ਕੰਮ ਕੀਤਾ। ਨੌਜਵਾਨਾਂ ਨੂੰ ਜੀਵਨ ਸ਼ੈਲੀ ਦੇ ਤੱਤ ਵਜੋਂ ਖੇਡਾਂ ਨੂੰ ਅਪਣਾਉਣ ਅਤੇ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕਰਨ ਲਈ ਸੰਗਠਿਤ ਪ੍ਰੋਗਰਾਮ ਸ਼ੁਰੂ ਕਰਨ ਤੋਂ ਇਲਾਵਾ, ਉਨ੍ਹਾਂ ਨੇ ਮਹਿਲਾ ਖਿਡਾਰੀਆਂ ਅਤੇ ਬੱਚਿਆਂ ਦੀ ਸੁਰ-ਖਿਆ ਅਤੇ ਸਨਮਾਨ ਨੂੰ ਯਕੀਨੀ ਬਣਾਉਣ ਲਈ ਟੂਰਨਾਮੈਂਟ ਪ੍ਰਬੰਧਕਾਂ ਅਤੇ ਰੈਫਰੀ ਨੂੰ ਜਾਗਰੂਕ ਕੀਤਾ। ਉਹ ਬੜੇ ਨਿਮਰ ਸਨ, ਜਦੋਂ ਉਹ ਕਿਲਾ ਰਾਏਪੁਰ ਖੇਡ ਮੇਲਾ ਅਤੇ ਖੇਤਰ ਦੇ ਹੋਰ ਟੂਰਨਾਮੈਂਟਾਂ ਵਿੱਚ ਜਾਂਦੇ ਸਨ ਤਾਂ ਸੰਸਥਾ ਨਾਲ ਜੁੜੇ ਕਬੱਡੀ ਫੈ-ਸਿਲੀਟੇਟਰਾਂ ਨਾਲ ਵਿਚਾਰ ਵਟਾਂਦਰਾ ਕਰਦੇ ਸਨ ਅਤੇ ਉਨ੍ਹਾਂ ਦਾ ਮਾਰਗ ਦਰਸ਼ਨ ਕਰਦੇ ਸਨ। ਦੇਵੀ ਦਿਆਲ ਮਹਿਲਾ ਐਥਲੀਟਾਂ ਲਈ ਖੜ੍ਹੇ ਹੋਏ ਅਤੇ ਉਨ੍ਹਾਂ ਨੇ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ, ਈਵ-ਟੀਜ਼ਿੰਗ ਅਤੇ ਗੈਰ-ਕਾਨੂੰਨੀ ਇਮੀਗ੍ਰੇਸ਼ਨ ਵਿਰੁੱਧ ਲੜਾਈ ਲੜੀ। ਦੇਵੀ ਦਿਆਲ ਗਰੀਬ ਪਰਿਵਾਰਾਂ ਦੇ ਲੜਕੇ ਅਤੇ ਲੜਕੀਆਂ ਦੀ ਆਰਥਿਕ ਤੌਰ 'ਤੇ ਸਹਾਇਤਾ ਕਰਦਾ ਸੀ, ਪਰ ਕਦੇ ਵੀ ਉਨ੍ਹਾਂ ਦੀ ਬੇਵਸੀ ਦਾ ਸ਼ੋਸ਼ਣ ਨਹੀਂ ਕਰਦਾ ਸੀ। ਦੇਵੀ ਦਿਆਲ, ਅੰਤਰਰਾਸ਼ਟਰੀ ਖੇਡ ਮੁਕਾਬਲਿਆਂ ਵਿੱਚ ਭਾਗ ਲੈਣ ਦੀ ਆੜ ਵਿੱਚ ਗੈਰ-ਕਾਨੂੰਨੀ ਇਮੀਗ੍ਰੇਸ਼ਨ (ਕਬੂਤਰਬਾਜ਼ੀ) ਦੇ ਖਿਲਾਫ ਸਨ। ਉਹ ਇਸ ਮੁੱਦੇ 'ਤੇ ਇੰਨਾ ਸਖਤ ਸਨ ਕਿ ਇਕ ਵਾਰ ਉਸਨੇ ਆਪਣੇ ਭਤੀਜੇ ਅਤੇ ਸਭ ਤੋਂ ਪਿਆਰੇ ਖਿਡਾਰੀਆਂ ਵਿੱਚੋਂ ਇੱਕ ਨੂੰ ਅਮਰੀਕਾ ਤੋਂ ਭਾਰਤ ਵਾਪਸ ਆਉਣ ਲਈ ਮਜ਼ਬੂਰ ਕਰ ਦਿੱਤਾ ਸੀ। ਸਿੱਟੇ ਵਜੋਂ ਦੇਵੀ ਦਿਆਲ ਸ਼ਰਮਾ ਕਬੱਡੀ ਦੀ ਦੁਨੀਆਂ ਵਿੱਚ ਬਹੁਤ ਉੱਚਾ ਉੱਠਿਆ। ਖੇਡ ਪ੍ਰਤੀ ਉਨ੍ਹਾਂ ਦੇ ਅਦੁੱਤੀ ਯੋਗਦਾਨ ਨੂੰ ਦਹਾਕਿਆਂ ਤੱਕ ਯਾਦ ਰੱਖਿਆ ਜਾਵੇਗਾ। ਕਬੱਡੀ ਵਾਸਤੇ ਸ਼ਰੀਰ ਨੂੰ ਤਾਕਤਵਰ ਬਣਾਉਣ ਲਈ ਉਹ ਦੇਸੀ ਚਿਕਨ, ਘਿਉ, ਬਦਾਮ ਆਦਿ ਪੌਸ਼ਟਿਕ ਖੁਰਾਕ ਖਾਂਦੇ ਸਨ। ਦੇਵੀ ਦਿਆਲ ਸ਼ਰਮਾ ਨਵੀਂ ਪੀੜ੍ਹੀ ਨੂੰ ਵੀ ਚੰਗੀ ਖੁਰਾਕ ਖਾਣ, ਨਿਯਮਿਤ ਅਭਿਆਸ ਕਰਨ, ਡ੍ਰਗ੍ਸ ਤੋਂ ਦੂਰੀ ਬਣਾਉਣ ਅਤੇ ਕਬੱਡੀ ਪ੍ਰਤੀ ਪੂਰਨਰੂਪ ਵਿਚ ਸਮਰਪਤ ਹੋਣ ਦਾ ਮਸ਼ਵਰਾ ਦਿੰਦੇ ਸਨ। ਆਪਣੇ ਲੰਮੇ ਕਰਿਅਰ ਦੇ ਦੌਰਾਨ ਦੇਵੀ ਦਿਆਲ ਨੂੰ ਕਦੇ ਕੋਈ ਚੋਟ ਨਹੀਂ ਲੱਗੀ, ਕੇਵਲ ਇਕ ਵਾਰੀਂ 1973 ਵਿਚ ਕਿਸੇ ਖਿਡਾਰੀ ਨੇ ਜਾਣਬੁੱਝ ਉਸਦੇ ਸਿਰ ਤੇ ਚੋਟ ਮਾਰੀ ਸੀ। ਉਹ 2000 ਤੋਂ ਵੱਧ ਡੰਡ ਬੈਠਕਾਂ ਲਾਉਂਦੇ ਸਨ। ਉਨ੍ਹਾਂ ਨੂੰ ਸਤਿਕਾਰ ਵਜੋਂ ਕਈ ਵਾਰੀਂ ਸਿੱਕਿਆਂ ਨਾਲ ਤੋਲਿਆ ਗਿਆ ਸੀ। ਉਨ੍ਹਾਂ ਦੀ ਖ਼ਵਾਹਿਸ਼ ਸੀ ਕਿ, ਉਹ ਆਪਣੇ ਆਖ਼ਰੀ ਸਾਹਵਾਂ ਤਕ ਕਬੱਡੀ ਨਾਲ ਜੁੜੇ ਰਹਿਣ ਅਤੇ ਇਹ ਗੱਲ ਉਨ੍ਹਾਂ ਨੇ ਸੱਚ ਕਰ ਵਿਖਾਈ। ਦੇਵੀ ਦਿਆਲ ਸ਼ਰਮਾ ਆਪਣੇ ਅੰਤਿਮ ਸਮੇਂ ਤਕ ਕਬੱਡੀ ਨੂੰ ਪ੍ਰਫੁਲਤ ਕਰਨ ਲਈ ਜੁਟੇ ਰਹੇ।



ਦੋ ਪ੍ਰਸਿੱਧ ਕੋਚ ਸ੍ਰੀ ਭਗਤ ਰਾਮ ਦਹੀਆ ਅਤੇ ਸ੍ਰੀ ਦੇਵੀ ਦਿਆਲ ਸ਼ਰਮਾ ਜੀ ਦੀ ਇਕ ਯਾਦਗਾਰੀ ਤਸਵੀਰ

# ਤੁਰ ਗਿਆ ਕਬੱਡੀ ਦਾ ਰਹਿਬਰ ਖਿਡਾਰੀ ਅਤੇ ਕੋਚ ਦੇਵੀ ਦਿਆਲ





**ਸਾਲ 2010 ਦੀਆਂ ਜਰਖੜ ਖੇਡਾਂ ਦੇ ਫਾਈਨਲ ਸਮਰੋਹ ਤੇ ਕਬੱਡੀ ਤੇ ਦੋ ਮਹਾਨ ਸੁਪਰ ਸਟਾਰ ਸਵਰਗੀ ਕੋਚ ਦੇਵੀ ਦਿਆਲ ਅਤੇ ਬਲਵਿੰਦਰ ਸਿੰਘ ਫਿੱਡਾ, ਹਾਕੀ ਲੰਪੀਅਨ ਬਲਜੀਤ ਸਿੰਘ ਅਤੇ ਹੋਰ ਪ੍ਰਬੰਧਕਾਂ ਨਾਲ ਯਾਦਗਾਰੀ ਤਸਵੀਰ**

ਕੋਚ ਸਾਹਿਬ ਦੇਵੀਂ ਦਿਆਲ ਦੇ ਨਾਲ ਮੇਰੀ ਪਿਛਲੇ 25 ਕੁ ਸਾਲ ਤੋਂ ਮਿੱਤਰਤਾ ਵਾਲੀ ਸਾਂਝ ਸੀ। ਅਸੀਂ 1997 ਦੇ ਵਿੱਚ ਇੱਕ ਦੂਜੇ ਦੇ ਉਸ ਵੇਲੇ ਨੇੜੇ ਹੋਏ ਜਦੋਂ ਉਹ ਖੇਡ ਵਿਭਾਗ ਨੌਕਰੀ ਕਰਦੇ ਸੀ , ਮੈਂ ਅਜੀਤ ਦੇ ਵਿੱਚ ਖੇਡ ਪੱਤਰਕਾਰੀ ਕਰਦਾ ਸੀ । ਹਰ ਖੇਡ ਮੇਲੇ ਦੇ ਉੱਤੇ ਸਾਡਾ ਇੱਕ ਦੂਜੇ ਨਾਲ ਮੇਲ ਮਿਲਾਪ ਹੁੰਦਾ। ਹਰ ਵਾਰੀ ਜਦੋਂ ਵੀ ਗੱਲਾਂ ਹੁੰਦੀਆਂ ਤਾਂ ਸਿਰਫ ਤੇ ਸਿਰਫ ਖੇਡਾਂ ਨਾਲ ਹੀ ਸੰਬੰਧਿਤ ਗੱਲਾਂ ਹੁੰਦੀਆਂ ਸਨ।

ਮੈਂ ਉਹਨਾਂ ਤੋਂ ਜ਼ਿੰਦਗੀ ਅਤੇ ਖੇਡਾਂ ਬਾਰੇ ਬਹੁਤ ਕੁਝ ਸਿੱਖਿਆ ਹੈ। ਉਹ ਇੱਕ ਮਹਾਨ ਖਿਡਾਰੀ ਨਹੀਂ ਸਨ ਸਗੋਂ ਇੱਕ ਵਧੀਆ ਕੋਚ ਉਸ ਤੋਂ ਵੀ ਵਧ ਕੇ ਇੱਕ ਵਧੀਆ ਪ੍ਰਬੰਧਕ ਸਨ। ਕਬੱਡੀ ਉਹਨਾਂ ਦੇ ਰਗ ਰਗ ਵਿੱਚ ਭਰੀ ਪਈ ਸੀ, ਜੋ ਉਹਨਾਂ ਨੇ ਦੱਸਿਆ ਮੈਨੂੰ ਕਿ ਪਹਿਲਾਂ ਉਹਨਾਂ ਨੇ ਗੌਰਮੈਂਟ ਕਾਲਜ ਲੁਧਿਆਣਾ ਵਿਖੇ ਹਾਕੀ ਖੇਡਣੀ ਸਟਾਰਟ ਕੀਤੀ। ਹਾਕੀ ਦਾ ਉਸ ਵਕਤ ਬੋਲ ਬਾਲਾ ਵੱਡੇ ਪੱਧਰ ਤੇ ਸੀ। ਉਹ ਕਾਲਜ ਦੇ ਵਿੱਚ ਆਲ ਰਾਉਂਡਰ ਖਿਡਾਰੀ ਸਨ। ਸਾਰੀਆਂ ਖੇਡਾਂ ਹੀ ਖੇਡ ਲੈਂਦੇ ਸਨ। ਹਾਕੀ ਦੇ ਨਾਲ ਉਹਨਾਂ ਨੇ ਥੋੜੀ ਬਹੁਤੀ ਅਥਲੈਟਿਕਸ ਵੀ ਕੀਤੀ ਪਰ ਕਬੱਡੀ ਉਹਨਾਂ ਦੀ ਮਨ ਪਸੰਦ ਦੀ ਖੇਡ ਸੀ। ਜਿਉਂ ਹੀ ਉਹ ਕਬੱਡੀ ਦੇ ਮੈਦਾਨ ਚ ਵੜੇ ਫਿਰ ਉਹਨਾਂ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ। ਜੋ ਸਭ ਤੋਂ ਪਹਿਲੀ ਟੀਮ 1974 ਦੇ ਵਿੱਚ ਇੰਗਲੈਂਡ ਗਈ, ਸਰਦਾਰ ਸੁਖਦੇਵ ਸਿੰਘ ਢੀਡਸਾ ਸਾਬਕਾ ਕੇਂਦਰੀ ਖੇਡ ਮੰਤਰੀ ਉਹ ਟੀਮ ਲੈ ਕੇ ਗਏ ਸਨ, ਦੇਵੀ ਦਿਆਲ ਜੀ ਉਸ ਟੀਮ ਦਾ ਹਿੱਸਾ ਸਨ। ਉਹਨਾਂ ਨੇ ਪੰਜਾਬ ਦੇ ਹਰ ਖੇਡ ਮੇਲੇ ਵਿੱਚ ਆਪਣੀ ਧਾਕ ਜਮਾਈ, ਪਿੰਡ ਪਿੰਡ ਹੀ ਨਹੀਂ ਸਗੋਂ ਦੇਸ਼ਾਂ ਵਿਦੇਸ਼ਾਂ ਵਿੱਚ ਵੀ ਉਹਨਾਂ ਦੇ ਕਬੱਡੀ ਹੁਨਰ ਦੀ ਚਰਚਾ ਹੁੰਦੀ ਸੀ। ਖਾਸ ਕਰਕੇ ਕਿਲਾ ਰਾਇਪੁਰ ਖੇਡਾਂ ਉੱਤੇ ਤਾਂ ਦੇਵ ਦਿਆਲ ਦੀ ਖੇਡ ਨੂੰ ਵੇਖਣ ਲਈ ਦੁਨੀਆ ਦੂਰੋਂ ਦੂਰੋਂ ਢੁਕਦੀ ਹੁੰਦੀ ਸੀ। ਦੇਵੀ ਦਿਆਲ ਦੀਆਂ ਕਬੱਡੀ ਵਿੱਚ ਬਹੁਤ ਵੱਡੀਆਂ ਪ੍ਰਾਪਤੀਆਂ ਨੇ, ਵੱਡੀਆਂ ਜਿੱਤਾਂ ਨੇ, ਅਤੇ ਬਹੁਤ ਲੰਬੀਆਂ ਚੌੜੀਆਂ ਦੇਵੀ ਦਿਆਲ ਜੀ ਦੀਆ ਪ੍ਰਾਪਤੀਆਂ ਦੀਆਂ ਕਹਾਣੀਆਂ ਹਨ ਜਿਨਾਂ ਮਰਜੀ ਲਿਖੀ ਜਾਓ, ਨਤੀਜਾ ਇਹੀ ਨਿਕਲਦਾ ਹੈ ਕਿ ਉਹ ਦੁਨੀਆਂ ਦੇ ਇੱਕ ਮਹਾਨ ਦੇਵਤਿਆਂ ਵਰਗਾ ਖਿਡਾਰੀ ਸੀ। ਸਾਲ 2009 ਦੇ ਵਿੱਚ ਅਸੀਂ ਜਰਖੜ ਵਿਖੇ ਉਹਨਾਂ ਦੀ ਅਗਵਾਈ ਹੇਠ ਪੰਜਾਬ ਕਬੱਡੀ ਚੈਂਪੀਅਨਸ਼ਿਪ ਸਫਲਤਾਪੂਰਕ ਕਰਵਾਈ। ਗੁਰਮੇਲ ਭਲਵਾਨ ਦਾ ਉਹ ਨੇੜਲਾ ਸਾਥੀ ਸੀ ਅਤੇ ਸਿਆਟਲ ਵੱਸਦੇ ਮੋਹਣਾ ਜੋਂਧਾ ਦੀ ਓਹ ਹਮੇਸ਼ਾ ਕਬੱਡੀ ਦੇ ਇੱਕ ਪ੍ਰਮੋਟਰ ਵਜੋਂ ਤਰੀਫ ਕਰਦਾ ਸੀ।

ਗੁਰਲਾਲ ਘਨੌਰ ਦੇ ਵਿਧਾਇਕ ਬਣਨ ਦਾ ਕੋਚ ਸਾਹਿਬ ਦੇਵੀ ਦਿਆਲ ਨੂੰ ਬਹੁਤ ਫਖਰ ਸੀ। ਉਹ ਬੜਾ ਹਸਮੁੱਖ ਅਤੇ ਜਿੰਦਾ ਦਿਲ ਇਨਸਾਨ ਸੀ, ਪਰ ਉਸਦੇ ਪੁੱਤਰ ਟੋਨੀ ਦੀ ਮੌਤ ਨੇ ਉਸਨੂੰ ਝੰਜੋੜ ਕੇ ਰੱਖ ਦਿੱਤਾ ਸੀ। ਦੇਵੀ ਦਿਆਲ ਨੂੰ ਇੰਝ ਲੱਗਦਾ ਸੀ ਕਿ ਉਸਦੀ ਜਿੰਦਗੀ ਬਸ ਹੁਣ ਇਕ ਥਾਂ ਤੇ ਖੜ ਗਈ, ਪੁੱਤ ਦਾ ਵਿਛੋੜਾ ਹਰ ਵਕਤ ਉਸ ਦੇ ਚਿਹਰੇ ਤੇ ਝਲਕਦਾ ਰਹਿੰਦਾ ਸੀ। ਟੋਨੀ ਦੇ ਭੋਗ ਤੇ ਸੋਗ ਮਈ ਆਰਟੀਕਲ ਵੀ ਲਿਖਣਾ ਮੈਨੂੰ ਨਸੀਬ ਹੋਇਆ ਸੀ ਉਹ ਆਰਟੀਕਲ ਇੰਨਾ ਕੁ ਜਜ਼ਬਾਤੀ ਲਿਖਿਆ ਗਿਆ ਸੀ ਤੇ ਦੇਵੀ ਦਿਆਲ ਜੀ ਪੜ ਪੜ ਕੇ ਹੀ ਉਸਨੂੰ ਰੋਈ ਜਾਂਦੇ ਸਨ। ਉਹਨਾਂ ਨੇ ਕਹਿਣਾ ਕਿ ਪੁੱਤ ਦੀ ਅਰਥੀ ਚੱਕਣਾ ਦੁਨੀਆਂ ਦਾ ਵੱਡਾ ਭਾਰ ਹੈ। ਮੈਂ ਦੁਨੀਆਂ ਦੇ ਹਰ ਜੱਫੇ ਵਿੱਚੋਂ ਨਿਕਲਿਆ ਹਾ ਪਰ ਪੁੱਤ ਦੀ ਮੌਤ ਦੇ ਜੱਫੇ ਨੇ ਮੈਨੂੰ ਕੱਖੋਂ ਹੋਲੇ ਕਰ ਦਿੱਤਾ ਹੈ।

ਪੁੱਤ ਦੀ ਮੌਤ ਤੋਂ ਬਾਅਦ ਉਹ ਕਬੱਡੀ ਦੇ ਖਿਡਾਰੀਆਂ ਨੂੰ ਹੀ ਆਪਣੇ ਪੁੱਤ ਮੰਨਦਾ ਸੀ ਅੱਜ ਆਪਣੇ ਪਰਿਵਾਰ ਅਤੇ ਉਹਨਾਂ ਕਬੱਡੀ ਪੁੱਤਰਾਂ ਨੂੰ ਅਲਵਿਦਾ ਆਖ ਗਿਆ ਹੈ ਦੇਵੀ ਦਿਆਲ ਕੋਚ ਸਾਹਿਬ। ਜਾਣਾ ਸਾਰਿਆਂ ਨੇ ਹੀ ਹੈ ਇੱਕ ਨਾ ਇੱਕ ਦਿਨ? ਜਿੰਨਾ ਵੀ ਇਸ ਦੁਨੀਆਂਦਾਰੀ ਨਾਲ ਕੋਚ ਸਾਹਿਬ ਦੇਵੀ ਦਿਆਲ ਜੀ ਦਾ ਸਾਥ ਸੀ ਉਹ ਵਧੀਆ ਨਿਭਾ ਕੇ ਗਏ ਹਨ। ਹੁਣ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਉਹਨਾਂ ਦੀ ਯਾਦ ਨੂੰ ਕਿਵੇਂ ਸੰਭਾਲਣਾ ਹੈ। ਅਲਵਿਦਾ ਕੋਚ ਸਾਹਿਬ ਦੇਵੀ ਦਿਆਲ ਜੀ!

ਵਾਹਿਗੁਰੂ ਤੁਹਾਨੂੰ ਆਪਣੇ ਚਰਨਾਂ ਵਿੱਚ ਨਿਵਾਸ ਦੇਵੇ ਪਰਿਵਾਰ ਨੂੰ ਅਤੇ ਖੇਡ ਜਗਤ ਨੂੰ ਭਾਣਾ ਮੰਨਣ ਦਾ ਵੱਲ ਬਖਸ਼ੇ।

**ਤੁਹਾਡਾ ਆਪਣਾ**

**ਜਗਰੂਪ ਸਿੰਘ ਜਰਖੜ, ਖੇਡ ਲੇਖਕ**
**9817300722**

# 26 ਜਨਵਰੀ ਲਈ ਗਣਤੰਤਰ ਦਿਵਸ ਸਬੰਧੀ ਵਿਸ਼ੇਸ਼

**ਹਰ ਸਾਲ 26 ਜਨਵਰੀ ਨੂੰ ਗਣਤੰਤਰ ਦਿਵਸ ਦਾ ਰਾਸ਼ਟਰੀ ਤਿਉਹਾਰ ਭਾਰਤ ਦੇ ਕੋਨੇ-ਕੋਨੇ ਵਿੱਚ ਬੜੇ ਉਤਸ਼ਾਹ ਨਾਲ ਮਨਾਂਉਦੇ ਹਾਂ। ਇਸ ਸਾਲ 26 ਜਨਵਰੀ ਗਣਤੰਤਰ ਦਿਵਸ ਮੌਕੇ ਹੋਣ ਵਾਲੇ ਸਮਾਰੋਹ ਵਿੱਚ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨਵੀਂ ਦਿੱਲੀ ਵਿੱਚ ਗਣਤੰਤਰ ਦਿਵਸ ਪਰੇਡ ਦੇ ਮੁੱਖ ਮਹਿਮਾਨ ਹੋਣਗੇ। ਇਸ ਸਾਲ ਗਣਤੰਤਰ ਦਿਵਸ ਦੀ ਪਰੇਡ 2024 ਦੀ ਝਾਂਕੀ ਲਈ ਮੁੱਖ ਥੀਮ ''ਭਾਰਤ-ਲੋਕਤੰਤਰ ਦੀ ਜਣਨੀ'' ਰੱਖਿਆ ਗਿਆ ਹੈ।**



ਕੁਲਦੀਪ ਚੰਦ
91-9417563054

26 ਜਨਵਰੀ ਨੂੰ ਸਾਡਾ ਦੇਸ਼ ਨਿਆਂ ਅਤੇ ਬਰਾਬਰਤਾ ਦੇ ਸਿਧਾਂਤ ਅਤੇ ਵਿਚਾਰਧਾਰਾ ਤੇ ਆਧਾਰਿਤ ਆਜ਼ਾਦ ਭਾਰਤ ਗਣਰਾਜ ਦੀ ਸਥਾਪਨਾ ਦੇ ਜਸ਼ਨ ਮਨਾਉਂਦਾ ਹੈ। ਭਾਰਤ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਹੈ ਅਤੇ ਇਸਦਾ ਸਭ ਤੋਂ ਲੰਬਾ ਲਿਖਤੀ ਸੰਵਿਧਾਨ ਹੈ। ਭਾਰਤ ਦੇ ਸੰਵਿਧਾਨ ਵਿੱਚ ਦਿੱਤੇ ਗਏ ਵਿਚਾਰ ਹੀ ਦੇਸ਼ ਨੂੰ ਇੱਕ ਆਧੁਨਿਕ ਮਹਾਂਸ਼ਕਤੀ ਬਣਾਉਂਦੇ ਹਨ ਅਤੇ ਇਸਦੇ ਨਾਗਰਿਕਾਂ ਨੂੰ ਇੱਕਜੁੱਟ ਕਰਦੇ ਹਨ। ਇਸ ਤਰ੍ਹਾਂ 26 ਜਨਵਰੀ ਨੂੰ ਭਾਰਤ ਵਿੱਚ ਗਣਤੰਤਰ ਦਿਵਸ ਵਜੋਂ ਮਨਾਇਆ ਜਾਂਦਾ ਹੈ। 15 ਅਗਸਤ 1947 ਨੂੰ ਆਜ਼ਾਦੀ ਮਿਲਣ ਤੋਂ ਬਾਅਦ ਭਾਰਤ ਨੇ ਆਪਣੇ ਸੰਵਿਧਾਨ ਨੂੰ ਅਪਣਾਉਣ ਤੱਕ ਪੂਰਨ ਆਜ਼ਾਦੀ ਪ੍ਰਾਪਤ ਨਹੀਂ ਕੀਤੀ ਸੀ। ਇਸ ਤਰ੍ਹਾਂ ਭਾਰਤੀ ਗਣਤੰਤਰ ਦਿਵਸ ਸੰਪੂਰਨ ਸਵੈਰਾਜ ਦੇ ਟੀਚੇ ਦੀ ਸਫਲ ਪ੍ਰਾਪਤੀ ਦਾ ਚਿੰਨ੍ਹ ਹੈ। ਭਾਰਤੀ ਸੰਵਿਧਾਨ ਅਧਿਕਾਰਤ ਤੌਰ ਤੇ 26 ਜਨਵਰੀ 1950 ਨੂੰ ਹੀ ਲਾਗੂ ਹੋਇਆ ਸੀ। ਗਣਤੰਤਰ ਦਿਵਸ ਹਰ ਸਾਲ 26 ਜਨਵਰੀ ਨੂੰ ਭਾਰਤ ਦੇ ਇੱਕ ਪ੍ਰਭੂਸੱਤਾ ਸੰਪਨ ਗਣਰਾਜ ਬਣਨ ਦੀ ਸ਼ਾਨਦਾਰ ਘਟਨਾ ਨੂੰ ਦਰਸਾਉਣ ਲਈ ਮਨਾਇਆ ਜਾਂਦਾ ਹੈ। ਦੇਸ਼ ਵਿੱਚ 26 ਜਨਵਰੀ ਨੂੰ ਰਾਸ਼ਟਰੀ ਛੁੱਟੀ ਦਾ ਫੈਸਲਾ ਕੀਤਾ ਗਿਆ ਅਤੇ ਭਾਰਤ ਦੇ ਗਣਤੰਤਰ ਦਿਵਸ ਵਜੋ ਮਾਨਤਾ ਦਿੱਤੀ ਗਈ। 29 ਜਨਵਰੀ ਦੀ ਸ਼ਾਮ ਨੂੰ ਬੀਟਿੰਗ ਰੀਟਰੀਟ ਸਮਾਰੋਹ ਦੇ ਰੂਪ ਵਿੱਚ ਇੱਕ ਰਸਮੀ ਸਮਾਰੋਹ ਗਣਤੰਤਰ ਦਿਵਸ ਦੇ ਜਸ਼ਨਾਂ ਦੀ ਸਮਾਪਤੀ ਨੂੰ ਦਰਸਾਉਂਦਾ ਹੈ। ਭਾਰਤੀ ਹਵਾਈ ਸੈਨਾ, ਭਾਰਤੀ ਜਲ ਸੈਨਾ ਅਤੇ ਭਾਰਤੀ ਸੈਨਾ ਦੇ ਬੈਂਡ ਦੁਆਰਾ ਇਸ ਦੀ ਨੁਮਾਇੰਦਗੀ ਕੀਤੀ ਜਾਂਦੀ ਹੈ। ਇਹ ਸਮਾਰੋਹ ਰਾਇਸੀਨਾ ਹਿੱਲਜ਼ ਨਵੀਂ ਦਿੱਲੀ ਵਿਖੇ ਕੀਤਾ ਜਾਂਦਾ ਹੈ ਅਤੇ ਇਸ ਵਿੱਚ ਭਾਰਤ ਦੇ ਰਾਸ਼ਟਰਪਤੀ ਮੁੱਖ ਮਹਿਮਾਨ ਵਜੋਂ ਸ਼ਾਮਲ ਹੁੰਦੇ ਹਨ। ਜੇਕਰ 26 ਜਨਵਰੀ ਦਾ ਇਤਿਹਾਸ ਵੇਖੀਏ ਤਾਂ 26 ਜਨਵਰੀ ਦਾ ਇਤਿਹਾਸਿਕ ਦਿਨ ਸੀ ਜਦੋਂ 1930 ਵਿੱਚ ਇੰਡੀਅਨ ਨੈਸ਼ਨਲ ਕਾਂਗਰਸ ਨੇ ਸੰਪੂਰਨ ਸਵੈਰਾਜ ਅਤੇ ਅਜ਼ਾਦੀ ਦੀ ਘੋਸ਼ਣਾ ਕੀਤੀ ਸੀ। 15 ਅਗਸਤ 1947 ਨੂੰ ਦੇਸ਼ ਨੂੰ ਅਜ਼ਾਦੀ ਮਿਲੀ ਅਤੇ ਭਾਰਤੀ ਸੰਵਿਧਾਨ ਜੋਕਿ 26 ਨਵੰਬਰ 1949 ਨੂੰ ਸੰਵਿਧਾਨ ਸਭਾ ਵਲੋਂ ਪਾਸ ਕੀਤਾ ਗਿਆ ਅਤੇ 26 ਜਨਵਰੀ 1950 ਨੂੰ ਲਾਗੂ ਕੀਤਾ ਗਿਆ। ਉਸਤੋਂ ਬਾਦ ਹਰ ਸਾਲ 26 ਜਨਵਰੀ ਦੇ ਦਿਹਾੜੇ ਨੂੰ ਅਸੀਂ ਗਣਤੰਤਰ ਦਿਵਸ ਵਜੋਂ ਮਨਾਉਂਦੇ ਆ ਰਹੇ ਹਾਂ। ਜਦੋਂ ਆਜ਼ਾਦ ਭਾਰਤ ਨੇ 26 ਜਨਵਰੀ 1950 ਨੂੰ ''ਪ੍ਰਭੂਸੱਤਾ ਸੰਪੰਨ, ਜਮਹੂਰੀ ਗਣਰਾਜ'' ਦਾ ਨਾਮ ਗ੍ਰਹਿਣ ਕੀਤਾ ਸੀ ਤਾਂ ਵਾਇਸਰਾਏ ਦੇ ਨਾਮ ਤੇ ਬਣੇ ਇੱਕ ਸਟੇਡੀਅਮ ਵਿੱਚ ਜਸ਼ਨ ਹੋਏ ਸਨ। ਗਵਰਨਮੈਂਟ ਹਾਊਸ ਦੇ ਰੌਸ਼ਨੀ ਨਾਲ ਚਮਚਮਾਉਂਦੇ ਗੁੰਬਦਾਂ ਵਾਲੇ ਦਰਬਾਰ ਹਾਲ ਵਿੱਚ 10.18 ਵਜੇ ਭਾਰਤ ਨੂੰ ਪ੍ਰਭੂਸੱਤਾ ਸੰਪੰਨ ਜਮਹੂਰੀ ਗਣਰਾਜ ਐਲਾਨਿਆ ਗਿਆ। ਲੱਗਭੱਗ ਛੇ ਮਿੰਟ ਮਗਰੋਂ ਡਾਕਟਰ ਰਾਜਿੰਦਰ ਪ੍ਰਸ਼ਾਦ ਨੇ ਭਾਰਤ ਦੇ ਪਹਿਲੇ ਰਾਸ਼ਟਰਪਤੀ ਵਜੋਂ ਸਹੁੰ ਚੁੱਕੀ।

ਲੱਗਭੱਗ 10.30 ਵਜੇ 31 ਤੋਪਾਂ ਦੀ ਸਲਾਮੀ ਨਾਲ ਗਣਤੰਤਰ ਦਿਵਸ ਦਾ ਐਲਾਨ ਕੀਤਾ ਗਿਆ। ਸਹੁੰ ਚੁੱਕ ਰਸਮ ਮੌਕੇ ਸੇਵਾਮੁਕਤ ਹੋ ਰਹੇ ਗਵਰਨਰ ਜਨਰਲ ਸੀ ਰਾਜਾਗੋਪਾਲ ਨੇ ਰਿਪਬਲਿਕ ਆਫ ਇੰਡੀਆ ਭਾਰਤ ਦਾ ਐਲਾਨਨਾਮਾ ਪੜ੍ਹਿਆ। ਫਿਰ ਰਾਸ਼ਟਰਪਤੀ ਨੇ ਆਪਣਾ ਸੰਖੇਪ ਜਿਹਾ ਭਾਸ਼ਣ ਪਹਿਲਾਂ ਹਿੰਦੀ ਵਿੱਚ ਅਤੇ ਫਿਰ ਅੰਗਰੇਜ਼ੀ ਵਿੱਚ ਦਿੱਤਾ। ਦੇਸ਼ ਦੇ ਉਤਰਾਅ-ਚੜ੍ਹਾਅ ਵਾਲੇ ਇਤਿਹਾਸ ਵਿੱਚ ਪਹਿਲੀ ਵਾਰ ਦੇਸ਼ ਦੇ ਉੱਤਰ ਵਿੱਚ ਕਸ਼ਮੀਰ ਤੋਂ ਦੱਖਣ ਵਿੱਚ ਕੇਪ ਕੋਮੋਰਿਨ ਤੱਕ ਪੱਛਮ ਵਿੱਚ ਕਠਿਆਵਾੜ ਕੱਛ ਤੋਂ ਪੂਰਬ ਦੇ ਕੋਕੋਨਾਡਾ ਤੇ ਕਾਮਰੂਪ ਤੱਕ ਸਮੁੱਚੇ ਰੂਪ ਵਿੱਚ ਇੱਕ ਨਜ਼ਰ ਆਇਆ ਸੀ ਅਤੇ ਇਹ ਇੱਕ ਸੰਵਿਧਾਨ ਅਤੇ ਇੱਕ ਯੂਨੀਅਨ ਅਧੀਨ ਹੋ ਗਿਆ ਸੀ ਜਿਸਨੇ ਉਸ ਵੇਲੇ ਦੇਸ਼ ਦੀ ਸਾਰੀ ਅਬਾਦੀ ਲੱਗਭੱਗ 32 ਕਰੋੜ ਲੋਕਾਂ ਦੀ ਭਲਾਈ ਦੀ ਜਿੰਮੇਵਾਰੀ ਲਈ ਸੀ। ਦੁਪਹਿਰ ਲੱਗਭੱਗ 2.30 ਵਜੇ ਰਾਸ਼ਟਰਪਤੀ ਗਵਰਨਮੈਂਟ ਹਾਊਸ ਜਿਸਨੂੰ ਹੁਣ ਰਾਸ਼ਟਰਪਤੀ ਭਵਨ ਕਿਹਾ ਜਾਂਦਾ ਹੈ ਵਿੱਚੋਂ ਇੱਕ 35 ਸਾਲ ਪੁਰਾਣੀ ਸ਼ਿੰਗਾਰੀ ਹੋਈ ਵਿਸ਼ੇਸ਼ ਬੱਘੀ ਜਿਸਨੂੰ ਛੇ ਆਸਟ੍ਰੇਲੀਆਈ ਘੋੜੇ ਖਿੱਚ ਰਹੇ ਸਨ ਵਿੱਚ ਬਾਹਰ ਆਏ ਅਤੇ ਰਾਸ਼ਟਰਪਤੀ ਦੇ





ਸੁਰੱਖਿਆ ਗਾਰਡ ਇਸ ਨੂੰ ਐਸਕਾਰਟ ਕਰ ਰਹੇ ਸਨ। ਇਸ ਮੌਕੇ ਇਰਵਿਨ ਸਟੇਡੀਅਮ ਹੁਣ ਨੈਸ਼ਨਲ ਸਟੇਡੀਅਮ ਜੈਕਾਰ ਦੇ ਨਾਅਰਿਆਂ ਨਾਲ ਗੂੰਜ ਉੱਠਿਆ। ਲੱਗਭੱਗ 3.45 ਵਜੇ ਇਹ ਬੱਘੀ ਇਰਵਿਨ ਸਟੇਡੀਅਮ ਵਿੱਚ ਪੁੱਜੀ ਜਿੱਥੇ ਲੱਗਭੱਗ 3000 ਅਫਸਰ ਤੇ ਤਿੰਨੇ ਭਾਰਤੀ ਸੈਨਾਵਾਂ ਦੇ ਦੋ ਜ਼ਰਨੈਲ ਤੇ ਪੁਲੀਸ ਰਸਮੀ ਪਰੇਡ ਲਈ ਤਿਆਰ ਸੀ ਸੱਤ ਮਾਸ ਬੈਂਡ ਵਾਲੇ ਪੁਲੀਸ ਤੇ ਫੌਜ਼ੀ ਬਲਾਂ ਨੇ ਉਸ ਸਮੇਂ ਕਮਾਲ ਦਾ ਦ੍ਰਿਸ਼ ਪੇਸ਼ ਕੀਤਾ ਸੀ। ਹਰ ਸਾਲ 26 ਜਨਵਰੀ ਨੂੰ ਦੇਸ਼ ਭਗਤਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਗਣਤੰਤਰ ਦਿਵਸ ਦਾ ਰਾਸ਼ਟਰੀ ਤਿਉਹਾਰ ਭਾਰਤ ਦੇ ਕੋਨੇ-ਕੋਨੇ ਵਿੱਚ ਬੜੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਹਰੇਕ ਰਾਜ ਅਤੇ ਵਿਦੇਸ਼ਾਂ ਵਿੱਚ ਭਾਰਤੀ ਦੂਤਵਾਸਾਂ ਵਿੱਚ ਵੀ ਇਹ ਤਿਉਹਾਰ ਉਤਸ਼ਾਹ ਅਤੇ ਮਾਣ ਨਾਲ ਮਨਾਇਆ ਜਾਂਦਾ ਹੈ। 26 ਜਨਵਰੀ ਦਾ ਮੁੱਖ ਸਮਾਰੋਹ ਭਾਰਤ ਦੀ ਰਾਜਧਾਨੀ ਦਿੱਲੀ ਵਿੱਚ ਮਨਾਇਆ ਜਾਂਦਾ ਹੈ ਜਿਸ ਵਿੱਚ ਵੱਖ ਵੱਖ ਸੂਬਿੱਆਂ ਦੇ ਲੋਕ ਭਾਗ ਲੈਂਦੇ ਹਨ ਅਤੇ ਵੇਖਣ ਲਈ ਆਉਂਦੇ ਹਨ। ਅਮੀਰ ਅਤੇ ਵਿਭਿੰਨ ਸੱਭਿਆਚਾਰਕ ਵਿਰਾਸਤ ਦੇ ਪ੍ਰਦਰਸ਼ਨ ਦੇ ਰੂਪ ਵਿੱਚ ਵੱਖ-ਵੱਖ ਰਾਜਾਂ ਤੋਂ ਝਾਂਕੀਆਂ ਦੇ ਨਾਲ ਨਾਲ ਫੌਜ, ਜਲ ਸੈਨਾ ਅਤੇ ਹਵਾਈ ਸੈਨਾ ਦੀਆਂ ਕਈ ਰੈਜੀਮੈਂਟਾਂ ਦੀਆਂ ਪਰੇਡਾਂ ਦੁਆਰਾ ਪ੍ਰਦਰਸ਼ਿਤ ਕੀਤਾ ਜਾਂਦਾ ਹੈ। ਇਹ ਪਰੇਡ ਵਿਜੇ ਚੌਂਕ ਤੋਂ ਸ਼ੁਰੂ ਹੋ ਕੇ ਰਾਜਪੱਥ ਅਤੇ ਦਿੱਲੀ ਦੇ ਅਨੇਕ ਖੇਤਰਾਂ ਤੋਂ ਗੁਜ਼ਰਦੀ ਹੋਈ ਲਾਲ ਕਿਲੇ ਤੇ ਜਾ ਕੇ ਸਮਾਪਤ ਹੋ ਜਾਂਦੀ ਹੈ। ਪਰੇਡ ਸ਼ੁਰੂ ਹੋਣ ਤੋਂ ਪਹਿਲਾਂ ਪ੍ਰਧਾਨ ਮੰਤਰੀ 'ਅਮਰ ਜਵਾਨ ਜੋਤੀ' ਤੇ ਸ਼ਹੀਦਾਂ ਨੂੰ ਸ਼ਰਧਾਂਜ਼ਲੀ ਦਿੰਦੇ ਹਨ। ਰਾਸ਼ਟਰਪਤੀ ਆਪਣੇ ਅੰਗਰੱਖਿਅਕਾਂ ਦੇ ਨਾਲ 14 ਘੋੜਿਆਂ ਦੀ ਬੱਘੀ ਵਿੱਚ ਬੈਠ ਕੇ ਇੰਡੀਆ ਗੇਟ ਤੇ ਆਉਂਦੇ ਹਨ ਜਿੱਥੇ ਪ੍ਰਧਾਨਮੰਤਰੀ ਉਹਨਾਂ ਦਾ ਸਵਾਗਤ ਕਰਦੇ ਹਨ। ਰਾਸ਼ਟਰੀ ਧੁੰਨ ਦੇ ਨਾਲ ਤਿਰੰਗਾ ਲਹਿਰਾਂਦੇ ਹਨ ਉਹਨਾਂ ਨੂੰ 21 ਤੋਪਾਂ ਦੀ ਸਲਾਮੀ ਦਿੱਤੀ ਜਾਂਦੀ ਹੈ ਅਤੇ ਹਵਾਈ ਜਹਾਜ਼ਾਂ ਦੁਆਰਾ ਫੁੱਲਾਂ ਦੀ ਵਰਖਾ ਕੀਤੀ ਜਾਂਦੀ ਹੈ। ਅਕਾਸ਼ ਵਿੱਚ ਤਿਰੰਗੇ ਗੁਬਾਰੇ ਅਤੇ ਚਿੱਟੇ ਕਬੂਤਰ ਛੱਡੇ ਜਾਂਦੇ ਹਨ। ਜਲ, ਥਲ ਅਤੇ ਹਵਾਈ ਤਿੰਨਾਂ ਸੈਨਾਵਾਂ ਦੀਆਂ ਟੁਕੜੀਆਂ ਬੈਂਡਾਂ ਦੀ ਧੁੰਨਾਂ ਤੇ ਮਾਰਚ ਕਰਦੀਆਂ ਹਨ। ਪੁਲਿਸ ਦੇ ਜਵਾਨ ਅਪਣੇ ਹਥਿਆਰਾਂ, ਮਿਜ਼ਾਈਲਾਂ, ਟੈਕਾਂ, ਹਵਾਈ ਜਹਾਜ਼ਾਂ ਆਦਿ ਦਾ ਪ੍ਰਦਰਸ਼ਨ ਕਰਦੇ ਹੋਏ ਰਾਸ਼ਟਰਪਤੀ ਨੂੰ ਸਲਾਮੀ ਦਿੰਦੇ ਹਨ। ਵਿਦਿਆਰਥੀ ਐਨ.ਸੀ.ਸੀ. ਦੀ ਵਰਦੀ ਵਿੱਚ ਕਦਮ ਨਾਲ ਕਦਮ ਮਿਲਾ ਕੇ ਚੱਲਦੇ ਹੋਏ ਇਹ ਵਿਸ਼ਵਾਸ਼ ਦਿਵਾਂਉਦੇ ਹਨ ਕਿ ਸਾਡੀ ਦੂਸਰੀ ਸੁਰੱਖਿਆ ਪੰਕਤੀ ਆਪਣੇ ਕਰਤੱਵ ਤੋਂ ਭਲੀਭਾਂਤ ਜਾਣੂ ਹੈ। ਮਿਲਟਰੀ ਅਤੇ ਸਕੂਲਾਂ ਦੇ ਬੈਂਡ ਦੇਸ਼ ਭਗਤੀ ਅਤੇ ਰਾਸ਼ਟਰ ਪ੍ਰੇਮ ਦੀ ਭਾਵਨਾ ਨਾਲ ਗੂੰਜਦੇ ਹਨ। ਵੱਖ ਵੱਖ ਰਾਜਾਂ ਦੀਆਂ ਝਾਂਕੀਆ ਉਥੋਂ ਦੇ ਸੰਸਕ੍ਰਿਤਕ ਜੀਵਨ, ਖਾਣ-ਪਾਣ, ਰੀਤੀ ਰਿਵਾਜਾਂ, ਉਦਯੋਗਿਕ ਅਤੇ ਸਮਾਜਿਕ ਖੇਤਰਾਂ ਵਿੱਚ ਆਏ ਪਰਿਵਰਤਨਾਂ ਦਾ ਚਿੱਤਰ ਪੇਸ਼ ਕਰਦੀਆਂ ਹਨ। ਰਾਸ਼ਟਰਪਤੀ ਭਵਨ, ਸੰਸਦ ਭਵਨ ਅਤੇ ਹੋਰ ਸਰਕਾਰੀ ਦਫਤਰਾਂ ਤੇ ਰੌਸ਼ਨੀ ਕੀਤੀ ਜਾਂਦੀ ਹੈ। ਦੂਜੇ ਦੇਸ਼ਾਂ ਦੇ ਆਗੂਆਂ ਨੂੰ ਅਧਿਕਾਰਤ ਤੌਰ ਤੇ ਗਣਤੰਤਰ ਦਿਵਸ ਸਮਾਰੋਹ ਦੇ ਮਹਿਮਾਨ ਵਜੋਂ ਬੁਲਾਇਆ ਜਾਂਦਾ ਹੈ। ਸਾਲ 1950 ਵਿੱਚ ਇੰਡੋਨੇਸ਼ੀਆਂ ਦੇ ਰਾਸ਼ਟਰਪਤੀ ਸੁਕਾਰਨੋ, 1955 ਵਿੱਚ ਪਾਕਿਸਤਾਨ ਦੇ ਗਵਰਨਰ ਜਨਰਲ ਮਲਿਕ ਗੁਲਾਮ ਮੁਹੰਮਦ, 1962 ਵਿੱਚ ਇੰਗਲੈਂਡ ਦੀ ਮਹਾਰਾਣੀ ਐਲੀਜ਼ਾਬੇਥ, 1965 ਵਿੱਚ ਪਾਕਿਸਤਾਨ ਦੇ ਖੁਰਾਕ ਅਤੇ ਖੇਤੀਬਾੜੀ ਮੰਤਰੀ ਰਾਣਾ ਅਬਦੁਲ ਹਮੀਦ, 1995 ਵਿੱਚ ਦੱਖਣੀ ਅਫਰੀਕਾ ਦੇ ਰਾਸ਼ਟਰਪਤੀ ਨੈਲਸਨ ਮੰਡੇਲਾ, 2014 ਵਿੱਚ ਜਾਪਾਨ ਦੇ ਪ੍ਰਧਾਨ ਮੰਤਰੀ ਸ਼ਿੰਜੋ ਆਬੇ, 2015 ਵਿੱਚ ਸੰਯੁਕਤ ਰਾਜ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ, 2016 ਵਿੱਚ ਫਰਾਂਸ ਦੇ ਰਾਸ਼ਟਰਪਤੀ ਫਰਾਂਸਵਾ ਓਲਾਂਦ, 2017 ਵਿੱਚ ਆਬੂਧਾਬੀ ਦੇ ਰਾਸ਼ਟਰਪਤੀ ਸ਼ੇਖ ਮੁਹੰਮਦ ਬਿਨ ਜ਼ਿਆਦ ਅਲ ਨਿਹਾਨ, 2018 ਵਿੱਚ 10 ਏਸ਼ੀਅਨ ਮੁਲਕਾਂ ਦੇ ਆਗੂ ਜਿਨ੍ਹਾਂ ਵਿੱਚ ਕੰਬੋਡੀਆ ਦੇ ਪ੍ਰਧਾਨ ਮੰਤਰੀ ਹੁਨਸੈਨ, ਮੀਆਂਮਾਰ ਦੇ ਰਾਸ਼ਟਰਪਤੀ ਹਤੀਨ ਕਿਆ, ਸਿੰਘਾਪੁਰ ਦੇ ਰਾਸ਼ਟਰਪਤੀ ਹਲਿਮਾ ਜੈਕਬ, ਮਲੇਸ਼ੀਆ ਦੇ ਪ੍ਰਧਾਨ ਮੰਤਰੀ ਨਜੀਬ ਰਜ਼ਾਕ ਵਜੋਂ ਸ਼ਾਮਿਲ ਹੋਏ ਸਨ। ਸਾਲ 2022 ਵਿੱਚ ਗਣਤੰਤਰ ਦਿਵਸ ਮੌਕੇ ਮੱਧ ਏਸ਼ੀਆ ਦੇ ਪੰਜ ਰਾਜਾਂ ਦੇ ਮੁੱਖੀ ਜਿਨ੍ਹਾਂ ਵਿੱਚ ਕਜ਼ਾਕਿਸਤਨ ਦੇ ਰਾਸ਼ਟਰਪਤੀ ਕਾਸਿਮ ਜੋਮਾਰਟ ਟੋਕਾਇਵ, ਕਿਰਗਿਸਤਾਨ ਦੇ ਰਾਸ਼ਟਰ-ਪਤੀ ਸਾਦਰ ਜੋਪਰਾਵ, ਤਜਾਕਿਸਤਾਨ ਦੇ ਰਾਸ਼ਟਰਪਤੀ ਇਮੋਮਾਲੀ ਰਹਿਮੋਨ, ਤੁਰਕਮੇਨਿਸਤਾਨ ਦੇ ਰਾਸ਼ਟਰਪਤੀ ਗੁਰਬਾਂਗੁਲੀ ਬਰਦੀਮੁਹਮਦੋ ਅਤੇ ਉਜ਼ਵੇਕਿਸਤਾਨ ਦੇ ਰਾਸ਼ਟਰਪਤੀ ਸ਼ਵਕਤ ਮਿਰਜ਼ਿਓਯੇਵ ਸ਼ਾਮਿਲ ਹੋਏ ਸਨ। ਸਾਲ 1952, 1953 ਅਤੇ 1966 ਵਿੱਚ ਗਣਤੰਤਰ ਦਿਵਸ ਦੇ ਜਸ਼ਨ ਵਿਦੇਸ਼ੀ ਨੇਤਾ ਤੋਂ ਬਿਨਾਂ ਹੀ ਆਯੋਜਿਤ ਕੀਤੇ ਗਏ ਸੀ। 2021 ਵਿੱਚ ਬ੍ਰਿਟਿਸ਼ ਪ੍ਰਧਾਨ ਮੰਤਰੀ ਬੋਰਿਸ ਜੌਨਸਨ ਨੂੰ ਮੁੱਖ ਮਹਿਮਾਨ ਵਜੋਂ ਬੁਲਾਇਆ ਗਿਆ ਸੀ ਪਰ ਬ੍ਰਿਟੇਨ ਵਿੱਚ ਵੱਧ ਰਹੇ ਕੋਵਿਡ -19 ਕਾਰਨ ਉਨ੍ਹਾਂ ਦਾ ਦੌਰਾ ਰੱਦ ਕਰਨਾ ਪਿਆ ਸੀ। 26 ਜਨਵਰੀ 2023 ਨੂੰ ਗਣਤੰਤਰ ਦਿਵਸ ਮੌਕੇ ਹੋਣ ਵਾਲੇ ਸਮਾਰੋਹ ਵਿੱਚ ਮਿਸਰ ਦੇ ਰਾਸ਼ਟਰਪਤੀ ਅਬਦੇਲ ਫਤਾਹ ਅਲ-ਸੀਸੀ ਮੁੱਖ ਮਹਿਮਾਨ ਸਨ। ਇਸ ਸਾਲ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨਵੀਂ ਦਿੱਲੀ ਵਿੱਚ 2024 ਗਣਤੰਤਰ ਦਿਵਸ ਪਰੇਡ ਦੇ ਮੁੱਖ ਮਹਿਮਾਨ ਵਜੋਂ ਸ਼ਾਮਲ ਹੋ ਰਹੇ ਹਨ। 26 ਜਨਵਰੀ ਨੂੰ ਰਾਸ਼ਟਰੀ ਛੁੱਟੀ ਹੁੰਦੀ ਹੈ ਪਰ ਇਸ ਤੋਂ ਪਹਿਲਾਂ ਸਕੂਲਾਂ ਅਤੇ ਕਾਲਜਾਂ ਵਿੱਚ ਅਕਸਰ ਵਿਸ਼ੇਸ਼ ਅਸੈਂਬਲੀਆਂ, ਦੇਸ਼ ਭਗਤੀ ਦੀਆਂ ਫਿਲਮਾਂ ਦੀ ਸਕ੍ਰੀਨਿੰਗ, ਡਰਾਇੰਗ ਮੁਕਾਬਲੇ, ਲੇਖ ਮੁਕਾਬਲੇ ਅਤੇ ਪਰੇਡਾਂ ਦਾ ਆਯੋਜਨ ਕੀਤਾ ਜਾਂਦਾ ਹੈ। ਰਾਜਧਾਨੀ ਦਿੱਲੀ ਵਿੱਚ ਪਰੇਡ ਰਾਸ਼ਟਰਪਤੀ ਭਵਨ ਨੇੜੇ ਰਾਇਸੀਨਾ ਪਹਾੜੀਆਂ ਤੋਂ ਸ਼ੁਰੂ ਹੁੰਦੀ ਹੈ ਅਤੇ ਇੰਡੀਆ ਗੇਟ ਤੋਂ ਬਾਅਦ ਲਾਲ ਕਿਲੇ ਦੇ ਇਤਿਹਾਸਕ ਮੁਗਲ ਸਮਾਰਕ ਤੱਕ ਜਾਂਦੀ ਹੈ। ਪਰੇਡ ਦੀ ਅਗਵਾਈ ਆਰਮੀ, ਨੇਵੀ ਅਤੇ ਏਅਰ ਫੋਰਸ ਕਰਦੇ ਹਨ। ਭਾਰਤੀ ਸੈਨਾ, ਜਲ ਸੈਨਾ ਅਤੇ ਹਵਾਈ ਸੈਨਾ ਦੀਆਂ ਰੈਜੀਮੈਂਟਾਂ ਵਲੋਂ ਮਾਰਚ ਪਾਸਟ ਕੀਤਾ ਜਾਂਦਾ ਹੈ। ਭਾਰਤ ਦੇ ਰਾਸ਼ਟਰਪਤੀ ਸਲਾਮੀ ਲੈਂਦੇ ਹਨ।

ਭਾਰਤ ਦੇ ਨੀਮ ਫੌਜੀ ਬਲਾਂ, ਬੀ.ਐਸ.ਐਫ., ਐਨ.ਸੀ.ਸੀ., ਹੋਮ ਗਾਰਡਜ਼ ਦੀਆਂ ਟੁਕੜੀਆਂ ਵੀ ਪਰੇਡ ਵਿੱਚ ਹਿੱਸਾ ਲੈਂਦੀਆਂ ਹਨ। ਇਸ ਤੋਂ ਬਾਅਦ ਵੱਖ ਵੱਖ ਸੁਰੱਖਿਆ ਬਲਾਂ ਦੁਆਰਾ ਵਰਤੇ ਜਾਂਦੇ ਵੱਖ-ਵੱਖ ਟੈਂਕਾਂ, ਮਿਜ਼ਾਈਲਾਂ ਅਤੇ ਨਵੀਨਤਮ ਉਪਕਰਣਾਂ ਨੂੰ ਪ੍ਰਦਰਸ਼ਿਤ ਕੀਤਾ ਜਾਂਦਾ ਹੈ। ਫਿਰ 30 ਤੋਂ ਵੱਧ ਵੱਖ ਵੱਖ ਪ੍ਰਦਰਸ਼ਨੀਆਂ ਦਰਸ਼ਕਾਂ ਦੇ ਵਿਚਕਾਰੋਂ ਲੰਘਦੀਆਂ ਹਨ ਜੋ ਭਾਰਤ ਦੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਵੱਖ-ਵੱਖ ਸੱਭਿਆਚਾਰਕ ਪਹਿਲੂਆਂ ਨੂੰ ਦਰਸਾਉਂਦੀਆਂ ਹਨ। ਵੱਖ ਵੱਖ ਥਾਵਾਂ ਤੇ ਹੋਣ ਵਾਲੇ ਸਮਾਗਮਾਂ ਵਿੱਚ ਸਕੂਲੀ ਬੱਚੇ ਅਤੇ ਵਿਦਿਆਰਥੀ ਉਤਸ਼ਾਹ ਨਾਲ ਭਾਗ ਲੈਂਦੇ ਹਨ। ਜਨਤਕ ਦਫ਼ਤਰ ਅਤੇ ਸਕੂਲ ਇਸ ਦਿਨ ਦੀ ਮਹੱਤਤਾ ਨੂੰ ਮਨਾਉਣ ਲਈ ਬੰਦ ਰਹਿੰਦੇ ਹਨ। ਗਣਤੰਤਰ ਦਿਵਸ ਦੇਸ਼ ਦੇ ਸਾਰੇ ਹਿੱਸਿਆਂ ਵਿੱਚ ਮਨਾਇਆ ਜਾਂਦਾ ਹੈ ਸਕੂਲ ਅਤੇ ਕਾਲਜ ਦੇ ਵਿਦਿਆਰਥੀਆਂ ਦੁਆਰਾ ਝੰਡਾ ਲਹਿਰਾਉਣ ਦੀਆਂ ਰਸਮਾਂ ਅਤੇ ਪਰੇਡਾਂ ਨਾਲ ਸ਼ੁਰੂ ਹੁੰਦਾ ਹੈ। ਲੋਕ ਤਿਰੰਗੇ ਵਾਲੀਆਂ ਟੀ-ਸ਼ਰਟਾਂ ਅਤੇ ਬੈਂਡ ਪਹਿਨਦੇ ਹਨ ਅਤੇ ਸਰਕਾਰੀ ਇਮਾਰਤਾਂ ਅਤੇ ਘਰਾਂ ਵਿੱਚ ਰਾਸ਼ਟਰੀ ਝੰਡਾ ਲਹਿਰਾਇਆ ਜਾਂਦਾ ਹੈ। ਇਸ ਦਿਨ ਲੋਕ ਪ੍ਰੇਰਣਾਦਾਇਕ ਕਵਿਤਾਵਾਂ ਅਤੇ ਦੇਸ਼ ਭਗਤੀ ਦੇ ਸੰਦੇਸ਼ ਭੇਜਦੇ ਹਨ। ਇਸ ਸਾਲ ਗਣਤੰਤਰ ਦਿਵਸ ਦੀ ਪਰੇਡ 2024 ਦੀ ਝਾਂਕੀ ਲਈ ਮੁੱਖ ਥੀਮ ''ਭਾਰਤ-ਲੋਕਤੰਤਰ ਦੀ ਜਣਨੀ'' ਰੱਖਿਆ ਗਿਆ ਹੈ। ਇਹ ਸਮਾਰੋਹ ਅਤੇ ਥੀਮ ਸਮੂਹ ਭਾਰਤੀਆਂ ਨੂੰ ਗਣਤੰਤਰ ਦਿਵਸ ਦੇ ਮੌਕੇ ਤੇ ਵੱਖ ਵੱਖ ਪ੍ਰਤੀਯੋਗਤਾਵਾਂ ਵਿੱਚ ਭਾਗ ਲੈਣ ਅਤੇ ਭਾਰਤ ਦੇ ਗਣਤੰਤਰ ਅਤੇ ਜਮੂਹਰੀ ਕਦਰਾਂ - ਕੀਮਤਾਂ ਨੂੰ ਮਜ਼ਬੂਤ ਕਰਨ ਲਈ ਅਪਣਾ ਬਣਦਾ ਯੋਗਦਾਨ ਪਾਉਣ ਦਾ ਸੱਦਾ ਦਿੰਦਾ ਹੈ।

# ਹੁਣ ਜਰਖੜ ਖੇਡਾਂ 10 ਅਤੇ 11 ਫਰਵਰੀ ਨੂੰ, ਲੋਕ ਗਾਇਕ ਹਰਜੀਤ ਹਰਮਨ ਦਾ ਲੱਗੇਗਾ ਖੁੱਲਾ ਅਖਾੜਾ

**ਲੁਧਿਆਣਾ 24 ਜਨਵਰੀ (ਵਿਵੇਕ ਭਾਟੀਆ)** ਪੰਜਾਬ ਦੀਆਂ 36ਵੀਆਂ ਮਾਡਰਨ ਪੇਂਡੂ ਮਿੰਨੀ ਓਲੰਪਿਕ ਜਰਖੜ ਖੇਡਾਂ ਜੋ ਸਰਦੀ ਦੇ ਕਰੋਪ ਅਤੇ ਸਕੂਲੀ ਬੱਚਿਆਂ ਦੀਆਂ ਛੁੱਟੀਆਂ ਵਧਣ ਕਾਰਨ 2 ਹਫਤੇ ਲਈ ਮੁਲਤਵੀ ਕਰ ਦਿੱਤੀਆਂ ਗਈਆਂ ਸਨ। ਹੁਣ ਇਹ ਖੇਡਾਂ 10 ਅਤੇ 11 ਫਰਵਰੀ ਨੂੰ ਹੋਣਗੀਆਂ।

ਜਰਖੜ ਖੇਡਾਂ ਸਬੰਧੀ ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰਸਟ ਜਰਖੜ ਦੀ ਜਰੂਰੀ ਮੀਟਿੰਗ ਚੇਅਰਮੈਨ ਨਰਿੰਦਰ ਪਾਲ ਸਿੰਘ ਸਿੱਧੂ ਦੀ ਪ੍ਰਧਾਨਗੀ ਹੇਠ ਹੋਈ, ਮੀਟਿੰਗ ਦੇ ਕਾਰਵਾਈ ਬਾਰੇ ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਅਤੇ ਪ੍ਰਧਾਨ ਐਡਵੋਕੇਟ ਹਰਕਮਲ ਸਿੰਘ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਏਵਨ ਸਾਈਕਲ ਕੰਪਨੀ ਵੱਲੋਂ ਜਰਖੜ ਖੇਡ ਸਟੇਡੀਅਮ ਨੂੰ ਪੂਰੀ ਰੰਗ ਰੋਗਨ ਕਰਕੇ ਸਜਾਇਆ ਗਿਆ ਹੈ।ਇਹਨਾਂ ਖੇਡਾਂ ਵਿੱਚ ਨਾਇਬ ਸਿੰਘ ਗਰੇਵਾਲ ਜੋਧਾ ਓਪਨ ਕਬੱਡੀ ਕੱਪ,ਹਾਕੀ ਸੀਨੀਅਰ (ਮੁੰਡੇ ਕੁੜੀਆਂ) ਹਾਕੀ ਸਬ ਜੂਨੀਅਰ ਮੁੰਡੇ ,ਵਾਲੀਬਾਲ , ਗੱਦੇ ਵਾਲੀਆਂ ਕੁਸ਼ਤੀਆਂ , ਪ੍ਰਾਇਮਰੀ ਸਕੂਲਾਂ ਦੇ ਬੱਚਿਆਂ ਦੀਆਂ ਖੇਡਾਂ ਫੁੱਟਬਾਲ , ਕਬੱਡੀ ਤੋ ਇਲਾਵਾ ਸੀਨੀਅਰ ਸੈਕੰਡਰੀ ਸਕੂਲਾਂ ਦੇ



ਬੱਚਿਆਂ ਦੀਆਂ ਖੇਡਾਂ ਰੱਸਾਕਸੀ ,ਕਬੱਡੀ ਨੈਸ਼ਨਲ ਸਟਾਈਲ ,ਵਾਲੀਬਾਲ ਆਦਿ ਹੋਰ ਖੇਡਾਂ ਦੇ ਮੁਕਾਬਲੇ ਹੋਣਗੇ । ਉਨ੍ਹਾਂ ਦੱਸਿਆ ਕਿ ਹਾਕੀ ਦੇ ਮੁਕਾਬਲੇ 9 ਫਰਵਰੀ ਨੂੰ ਹੋਣਗੇ ਜਦਕਿ ਟੂਰਨਾਮੈਂਟ ਦਾ ਉਦਘਾਟਨ 10 ਫਰਵਰੀ ਨੂੰ ਹੋਵੇਗਾ ਅਤੇ ਫਾਈਨਲ ਮੁਕਾਬਲੇ 11 ਫਰਵਰੀ ਨੂੰ ਹੋਣਗੇ ਇਸ ਮੌਕੇ ਦੁਪਹਿਰੇ 2 ਵਜੇ ਲੋਕ ਗਾਇਕ ਹਰਜੀਤ ਹਰਮਨ ਦਾ ਖੁੱਲਾ ਅਖਾੜਾ ਲੱਗੇਗਾ। ਕਬੱਡੀ ਦੇ ਮੈਚ ਸ਼ਾਮ 5 ਵਜੇ ਤੋਂ ਪਹਿਲਾਂ ਹੀ ਸਮਾਪਤ ਕਰ ਦਿੱਤੇ ਜਾਣਗੇ। ਜੇਤੂ ਖਿਡਾਰੀਆਂ ਨੂੰ ਏਵਨ ਸਾਈਕਲ ਕੰਪਨੀ ਵੱਲੋਂ 60 ਸਾਈਕਲ ਦਿੱਤੇ ਜਾਣਗੇ।

ਅੱਜ ਦੀ ਮੀਟਿੰਗ ਵਿੱਚ ਇੰਸਪੈਕਟਰ ਬਲਬੀਰ ਸਿੰਘ ਹੀਰ,ਸਰਪੰਚ ਬਲਵਿੰਦਰ ਸਿੰਘ ਮਹਿਮੂਦਪੁਰਾ ਪਹਿਲਵਾਨ ਹਰਮੇਲ ਸਿੰਘ ਕਾਲਾ, ਸ਼ਿੰਗਾਰਾ ਸਿੰਘ ਜਰਖੜ, ਪਰਮਜੀਤ ਸਿੰਘ ਨੀਟੂ, ਦੁਪਿੰਦਰ ਸਿੰਘ ਡਿੰਪੀ, ਸਾਹਿਬਜੀਤ ਸਿੰਘ ਜਰਖੜ, ਗੁਰਸਤਿੰਦਰ ਸਿੰਘ ਪਰਗਟ, ਪਰਮਜੀਤ ਸਿੰਘ ਪੰਮਾ ਗਰੇਵਾਲ, ਗੁਰਤੇਜ ਸਿੰਘ ਬਾਕਸਿੰਗ ਕੋਚ, ਜਸਮੇਲ ਸਿੰਘ ਨੋਕਵਾਲ, ਤੇਜਿੰਦਰ ਸਿੰਘ ਜਰਖੜ, ਸੰਦੀਪ ਸਿੰਘ ਜਰਖੜ ਆਦਿ ਹੋਰ ਪ੍ਰਬੰਧਕ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।



### ਜਨਮ ਦਿਨ 'ਤੇ ਵਿਸ਼ੇਸ਼

# ਸੰਘਰਸ਼ੀਲ ਜ਼ਿੰਦਗੀ ਦਾ ਨਾਂ ਸੀ ਨੇਤਾ ਜੀ ਸੁਭਾਸ਼ ਚੰਦਰ ਬੋਸ

ਸੁਭਾਸ਼ ਚੰਦਰ ਬੋਸ ਦਾ ਜਨਮ 23 ਜਨਵਰੀ 1897 ਨੂੰ ਬੰਗਾਲ ਸੂਬੇ ਦੇ ਕਟਕ ਸ਼ਹਿਰ ਵਿੱਚ ਹੋਇਆ। ਉਨ੍ਹਾਂ ਦੇ ਪਿਤਾ ਦਾ ਨਾਂ ਸ੍ਰੀ ਜਾਨਕੀ ਨਾਥ ਬੋਸ ਤੇ ਮਾਤਾ ਦਾ ਨਾਂ ਸ੍ਰੀ ਮਤੀ ਪ੍ਰਭਾਵਤੀ ਦੱਤ ਬੋਸ ਸੀ। ਇਹ ਪਰਿਵਾਰ ਵਕੀਲਾਂ ਦਾ ਪਰਿਵਾਰ ਸੀ। ਉਹ 14 ਬੱਚਿਆਂ ਵਿੱਚੋਂ ਨੌਵੇਂ ਸਥਾਨ 'ਤੇ ਸੀ। ਜਨਵਰੀ 1902 ਵਿੱਚ ਉਸ ਨੂੰ ਪ੍ਰੋਟੈਸਟੇਂਨਟ ਯੂਰਪੀਅਨ ਸਕੂਲ (ਜਿਸ ਨੂੰ ਅੱਜ ਕੱਲ੍ਹ ਸਟੀਵਰਟ ਹਾਈ ਸਕੂਲ ਕਿਹਾ ਜਾਂਦਾ ਹੈ) ਕਟਕ ਵਿੱਚ ਦਾਖ਼ਲ ਕਰਵਾਇਆ ਗਿਆ। ਇਸ ਸਕੂਲ ਵਿੱਚ ਉਹ 1909 ਤੀਕ ਪੜ੍ਹੇ। ਫਿਰ ਉਨ੍ਹਾਂ ਨੂੰ ਰੇਵਨਸ਼ਾਅ ਕਾਲਜੀਏਟ ਸਕੂਲ ਵਿੱਚ ਦਾਖ਼ਲ ਕਰਵਾਇਆ ਗਿਆ। 1913 ਵਿੱਚ ਮੈਟਰਿਕ ਵਿੱਚ ਉਨ੍ਹਾਂ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਉਚੇਰੀ ਸਿੱਖਿਆ ਲਈ ਉਨ੍ਹਾਂ ਪ੍ਰੈਜੀਡੈਂਸੀ ਕਾਲਜ ਵਿੱਚ ਦਾਖਲਾ ਲਿਆ। ਜਦ ਉਹ 16 ਸਾਲ ਦੇ ਸਨ ਤਾਂ ਉਹ ਸਵਾਮੀ ਵਿਵੇਕਾਨੰਦ ਅਤੇ ਰਾਮਾਕ੍ਰਿਸ਼ਨ ਦੀਆਂ ਸਿੱਖਿਆਵਾਂ ਤੋਂ ਬਹੁਤ ਪ੍ਰਭਾਵਿਤ ਹੋਏ।

ਉਨ੍ਹਾਂ ਦਿਨਾਂ ਵਿੱਚ ਕਲਕੱਤਾ ਵਿੱਚ ਬਰਤਾਨੀਆ ਦੇ ਲੋਕ ਭਾਰਤੀਆਂ ਵਿਰੁੱਧ ਬਹੁਤ ਮਾੜੀ ਸ਼ਬਦਾਵਲੀ ਵਰਤਦੇ ਸਨ ਤੇ ਉਨ੍ਹਾਂ ਨੂੰ ਬੇਇੱਜ਼ਤ ਕਰਦੇ ਸਨ। ਇੱਥੇ ਇੱਕ ਔਟੇਨ ਨਾਂ ਦਾ ਅੰਗਰੇਜ਼ ਪ੍ਰੋਫ਼ੈਸਰ ਭਾਰਤੀਆਂ ਬਾਰੇ ਮਾੜੇ ਸ਼ਬਦ ਬੋਲਦਾ ਸੀ। ਇੱਕ ਦਿਨ ਸੁਭਾਸ਼ ਚੰਦਰ ਬੋਸ ਨੇ ਗੁੱਸੇ ਵਿੱਚ ਉਸ ਦੇ ਮੂੰਹ 'ਤੇ ਥੱਪੜ ਮਾਰਿਆ। ਜਿਸ ਦੇ ਸਿੱਟੇ ਵਜੋਂ ਉਸ ਨੂੰ ਕਾਲਜ਼ ਵਿੱਚੋਂ ਕੱਢ ਦਿੱਤਾ ਗਿਆ। ਫਿਰ ਆਪ ਨੇ ਸਕਟਿਸ ਚਰਚ ਕਾਲਜ (ਕਲਕੱਤਾ ਯੂਨੀਵਰਸਿਟੀ) ਵਿੱਚ ਦਾਖ਼ਲਾ ਲਿਆ ਤੇ ਬੀ.ਏ. ਆਨਰਜ਼ ਫਿਲਾਸਫ਼ੀ ਦੀ 1918 ਵਿੱਚ ਪਾਸ ਕੀਤੀ। ਉਹ 1919 ਵਿੱਚ ਉਚੇਰੀ ਸਿੱਖਿਆ ਲਈ ਇੰਗਲੈਂਡ ਚਲੇ ਗਏ। ਉੱਥੇ 8 ਮਹੀਨਿਆਂ ਦੇ ਸਮੇਂ ਵਿੱਚ ਹੀ ਇੰਡੀਅਨ ਸਿਵਲ ਸਰਵਿਸ (ਆਈ.ਸੀ.ਐਸ.) ਦਾ ਇਮਤਿਹਾਨ ਪਾਸ ਕਰ ਲਿਆ। ਆਜ਼ਾਦੀ ਦੇ ਬਾਅਦ ਇਸ ਦਾ ਨਾਂ ਬਦਲ ਕੇ ਇੰਡੀਅਨ ਐਡਮਿਨ ਸਟਰੇਟਿਵ ਸਰਵਿਸਜ਼ (ਆਈ.ਏ.ਐਸ) ਰੱਖਿਆ ਗਿਆ। ਸੁਭਾਸ਼ ਚੰਦਰ ਬੋਸ ਦੇ ਪਰਿਵਾਰ ਦੇ ਬਹੁਤ ਵੱਡੇ ਲੋਕਾਂ ਨਾਲ ਸਬੰਧ ਸਨ। ਇਸ ਗੱਲ ਦਾ ਪਤਾ ਉਸ ਦੇ ਆਈ.ਏ.ਐਸ. ਦੀ ਪ੍ਰੀਖਿਆ ਦੇ ਫਾਰਮ ਤੋਂ ਪਤਾ ਲੱਗਦਾ ਹੈ। ਉਸ ਦੇ ਪ੍ਰੀਖਿਆ ਫਾਰਮ ਵਿੱਚ ਰਾਇਪੁਰ ਦੇ ਲਾਰਡ ਸਿਨਹਾ ਜੋ ਕਿ ਭਾਰਤ ਦਾ ਅੰਡਰ ਸੈਕਟਰੀ ਆਫ਼ ਸਟੇਟ ਸੀ ਅਤੇ ਉਹ ਪਹਿਲਾ ਭਾਰਤੀ ਸੀ ਜਿਸ ਨੇ ਬਤੌਰ ਗਵਰਨਰ ਕਿਸੇ ਰਾਜ ਵਿੱਚ ਕੰਮ ਕੀਤਾ। ਦੂਜੀ ਸ਼ਖ਼ਸੀਅਤ ਮਿਸਟਰ ਭੁਪਿੰਦਰ ਨਾਥ ਬਾਸੂ ਕਲਕੱਤੇ ਦੇ ਅਮੀਰ ਸੋਲਿਸਟਰ ਜੋ ਕਿ ਲੰਡਨ ਦੀ ਕੌਂਸਲ ਆਫ਼ ਇੰਡੀਆ ਦਾ ਮੈਂਬਰ ਸੀ।



**ਡਾ. ਚਰਨਜੀਤ ਸਿੰਘ ਗੁਮਟਾਲਾ**
**91-94175-33060**

ਉਸ ਨੇ ਕੈਮਬ੍ਰਿਜ ਯੂਨੀਵਰਸਿਟੀ ਵਿੱਚ ਦਾਖ਼ਲਾ ਲੈਣਾ ਚਾਹਿਆ ਪਰ ਉਸ ਦੀ ਤਰੀਕ ਲੰਘ ਗਈ ਸੀ। ਉਸ ਨੇ 19 ਨਵੰਬਰ 1919 ਨੂੰ ਇਕ ਕਾਲਜ਼ ਵਿੱਚ ਦਾਖ਼ਲਾ ਲਿਆ। ਉਹ ਆਈ.ਸੀ.ਐਸ. ਵਿੱਚ ਚੌਥੇ ਸਥਾਨ 'ਤੇ ਆਇਆ। ਉਸ ਨੇ ਆਪਣੇ ਵੱਡੇ ਭਰਾ ਸ਼ਰਤ ਚੰਦਰ ਬੋਸ ਨੂੰ ਲਿਖਿਆ ਕਿ ਉਹ ਅੰਗਰੇਜ਼ਾਂ ਦੀ ਨੌਕਰੀ ਨਹੀਂ ਕਰਨਾ ਚਾਹੁੰਦਾ ਤੇ ਭਾਰਤ ਨੂੰ ਆਜ਼ਾਦ ਵੇਖਣਾ ਚਾਹੁੰਦਾ ਹੈ। ਉਸ ਨੇ 23 ਅਪ੍ਰੈਲ 1921 ਨੂੰ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ ਤੇ ਭਾਰਤ ਆ ਗਿਆ।

ਉਸ ਨੇ ਸਵਰਾਜ ਅਖ਼ਬਾਰ ਸ਼ੁਰੂ ਕੀਤੀ ਤੇ ਬੰਗਾਲ ਸੂਬੇ ਦੇ ਕਾਂਗਰਸ ਕਮੇਟੀ ਦਾ ਪ੍ਰਚਾਰ ਕਰਨਾ ਸ਼ੁਰੂ ਕੀਤਾ। ਉਸ ਸਮੇਂ ਬੰਗਾਲ ਵਿੱਚ ਚਿਤਰੰਜਨ ਦਾਸ ਅਗਾਂਹ ਵਧੂ ਕੌਮੀ ਲੀਡਰ ਸੀ ਉਹ ਉਸਦਾ ਉਪਾਸ਼ਕ ਸੀ। 1923 ਵਿੱਚ ਬੋਸ ਆਲ ਇੰਡੀਆ ਯੂਥ ਕਾਂਗਰਸ ਦਾ ਪ੍ਰਧਾਨ ਚੁਣਿਆ ਗਿਆ ਤੇ ਨਾਲ ਹੀ ਬੰਗਾਲ ਸੂਬੇ ਦੀ ਕਾਂਗਰਸ ਦਾ ਸਕੱਤਰ ਚੁਣਿਆ ਗਿਆ। ਉਹ 'ਫਾਰਵਰਡ' ਅਖ਼ਬਾਰ ਦਾ ਸੰਪਾਦਕ ਬਣਿਆ, ਜਿਸ ਦੇ ਬਾਨੀ ਸ੍ਰੀ ਚਿਤਰੰਜਨ ਦਾਸ ਸਨ। ਜਦ 1924 ਈ. ਵਿੱਚ ਸ੍ਰੀ ਚਿਤਰੰਜਨ ਦਾਸ ਕਲਕੱਤਾ ਮਿਊਂਸਿਪਲ ਕਾਰਪੋਰੇਸ਼ਨ ਦੇ ਮੇਅਰ ਚੁਣੇ ਗਏ ਤਾਂ ਬੋਸ ਨੇ ਉਨ੍ਹਾਂ ਨਾਲ ਬਤੌਰ ਸੀ.ਈ.ਓ. ਕੰਮ ਕੀਤਾ। 1925 ਵਿੱਚ ਉਸ ਨੂੰ ਕੌਮੀ ਲੀਡਰਾਂ ਦੇ ਨਾਲ ਉਸ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਤੇ ਮਾਂਡਲੇ ਜੇਲ੍ਹ ਭੇਜ ਦਿੱਤਾ। ਉਸ ਨੂੰ 1927 ਈ. ਵਿੱਚ ਰਿਹਾਅ ਕੀਤਾ ਗਿਆ।

ਉਸ ਨੂੰ ਕਾਂਗਰਸ ਪਾਰਟੀ ਦਾ ਜਨਰਲ ਸਕੱਤਰ ਚੁਣਿਆ ਗਿਆ ਤੇ ਉਸ ਨੇ ਪੰਡਿਤ ਜਵਾਹਰ ਲਾਲ ਨਹਿਰੂ ਨਾਲ ਆਜ਼ਾਦੀ ਲਹਿਰ ਲਈ ਕੰਮ ਕਰਨਾ ਸ਼ੁਰੂ ਕਰ ਦਿੱਤਾ। ਦਸੰਬਰ 1928 ਵਿੱਚ ਉਸ ਨੇ ਇੰਡੀਅਨ ਨੈਸ਼ਨਲ ਕਾਂਗਰਸ ਦੀ ਸਾਲਾਨਾ ਮੀਟਿੰਗ ਕਲਕੱਤੇ ਕਰਵਾਈ। ਉਸ ਦੀ ਯਾਦਗਰੀ ਭੂਮਿਕਾ ਸੀ ਬਤੌਰ ਕਾਂਗਰਸ ਸੇਵਾ ਦਲ ਦਾ ਜੀ ਓ ਸੀ ਅਰਥਾਤ ਜਨਰਲ ਔਫ਼ਿਓਸਰ ਕਮਾਂਡਿੰਗ ਬਣਨਾ ਜਾਂ ਨਜ਼ਰ ਆਉਣਾ। ਨੀਰਦ ਚੌਧਰੀ ਦੇ ਲਫ਼ਜ਼ਾਂ ਵਿੱਚ, ਉਬੋਸ ਨੇ ਇੱਕ ਬਕਾਇਦਾ ਵਰਦੀਧਾਰੀ ਸੇਵਾ ਦਲ ਗਠਨ ਕੀਤਾ ਹੋਇਆ ਸੀ। ਅਫ਼ਸਰਾਂ ਨੂੰ ਮੋਢੇ 'ਤੇ ਲਾਉਣ ਵਾਲੇ ਸਟੀਲ ਦੇ ਬਿੱਲੇ ਦਿੱਤੇ ਹੋਏ ਸਨ। ਉਸ ਦੀ ਆਪਣੀ ਵਰਦੀ ਕਲਕੱਤੇ ਦੇ ਮਸ਼ਹੂਰ ਟੇਲਰ ਹਰਮਨ ਦੁਆਰਾ ਤਿਆਰ ਹੋ ਕੇ ਆਈ ਸੀ। ਇਹ ਟੇਲਰ ਇੱਕ ਵਲੈਤੀ ਕੰਪਨੀ ਦਾ ਸੀ। ਸੁਭਾਸ਼ ਚੰਦਰ ਦੇ ਨਾਮ ਵਾਲੀ ਇੱਕ ਟੈਲੀਗ੍ਰਾਮ ਫੋਰਟ ਵਿਲੀਅਮ ਵਿੱਚ ਮੌਕੀਮ ਇੱਕ ਅੰਗਰੇਜ਼ ਜਰਨੈਲ ਦੇ ਹੱਥ ਲੱਗੀ ਜਿਸ 'ਤੇ ਬੋਸ ਦੇ ਨਾਮ ਦੇ ਪਿੱਛੇ ਜੀ ਓ ਸੀ ਲਿਖਿਆ ਹੋਇਆ ਸੀ। ਇਸ ਨੂੰ ਇੱਕ ਮਜ਼ਾਕ ਜਿਹਾ ਸਮਝ ਕੇ ਅਖ਼ਬਾਰਾਂ ਵਿੱਚ ਕਾਫ਼ੀ ਠੱਠਾ-ਮਖ਼ੌਲ ਪੜ੍ਹਨ ਨੂੰ ਮਿਲਿਆ ਜਿਸ ਦਾ ਬੰਗਾਲੀਆਂ ਨੇ ਬਹੁਤ ਬੁਰਾ ਮਨਾਇਆ।" ਨਾ-ਮਿਲਵਰਤਨ ਲਹਿਰ ਸਮੇਂ ਬੋਸ ਨੂੰ ਕੁਝ ਸਮੇਂ ਬਾਅਦ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜ ਦਿੱਤਾ ਗਿਆ। ਇਸ ਉਪਰੰਤ ਉਹ 1930 ਵਿੱਚ ਕਲਕੱਤੇ ਦਾ ਮੇਅਰ ਚੁਣਿਆ ਗਿਆ।

1930 ਦੇ ਅੱਧ ਵਿਚਕਾਰ ਵਿੱਚ ਉਸ ਨੇ ਯੂਰਪ ਦੀ ਯਾਤਰਾ ਕੀਤੀ। ਉਸ ਨੇ ਕਮਿਊਨਿਸਟ ਤੇ ਫ਼ਾਸ਼ੀਵਾਦ ਵੇਖਿਆ। ਇਸ ਸਮੇਂ ਉਸ ਨੇ ਆਪਣੀ ਕਿਤਾਬ ਦਾ ਇੰਡੀਅਨ ਸਟਰਗ ਦਾ ਪਹਿਲਾ ਭਾਗ ਮੁਕੰਮਲ ਕੀਤਾ। ਜਿਸ ਵਿੱਚ ਉਸ ਨੇ 1920 ਤੋਂ 1934 ਸਮੇਂ ਦੇ ਦੇਸ਼ ਦੀ ਆਜ਼ਾਦੀ ਦਾ ਇਤਿਹਾਸ ਲਿਖਿਆ। ਇਹ ਕਿਤਾਬ 1935 ਵਿੱਚ ਲੰਡਨ ਵਿੱਚ ਛਪੀ ਪਰ ਬਰਤਾਨੀਆ ਸਰਕਾਰ ਨੇ ਇਸ 'ਤੇ ਪਾਬੰਦੀ ਲਾ ਦਿੱਤੀ ਕਿਉਂਕਿ ਉਨ੍ਹਾਂ ਨੂੰ ਖ਼ਦਸ਼ਾ ਸੀ ਕਿ ਇਸ ਨਾਲ ਦੇਸ਼ ਵਿੱਚ ਗੜਬੜੀ ਫੈਲੇਗੀ।

1938 ਵਿੱਚ ਉਨ੍ਹਾਂ ਨੇ ਵਿਚਾਰ ਪ੍ਰਗਟ ਕੀਤਾ ਕਿ ਇੰਡੀਅਨ ਨੈਸ਼ਨਲ ਕਾਂਗਰਸ ਨੂੰ ਦੋ ਉਦੇਸ਼ ਸਾਹਮਣੇ ਰੱਖਣੇ ਚਾਹੀਦੇ ਹਨ ਇਕ ਰਾਜਨੀਤਕ ਆਜ਼ਾਦੀ ਕਿਵੇਂ ਪ੍ਰਾਪਤ ਕਰਨੀ ਹੈ ਤੇ ਦੂਜਾ ਸਮਾਜਵਾਦੀ ਹਕੂਮਤ ਕਿਵੇਂ ਬਣਾਉਣੀ ਹੈ। 1938 ਈ. ਵਿੱਚ ਉਹ ਕੌਮੀ ਪੱਧਰ ਦੇ ਨੇਤਾ ਬਣ ਗਏ ਤੇ ਕਾਂਗਰਸ ਦੀ ਪ੍ਰਧਾਨਗੀ ਪ੍ਰਵਾਨ ਕਰਨ ਲਈ ਸਹਿਮਤ ਹੋ ਗਏ। ਉਹ ਸਵਰਾਜ (ਸੈਲਫ਼ ਗਵਰਨਸ) ਲਈ ਖੜ੍ਹੇ ਹੋਏ ਤੇ ਉਨ੍ਹਾਂ ਕਿਹਾ ਕਿ ਇਸ ਕੰਮ ਲਈ ਸਾਨੂੰ ਭਾਵੇਂ ਤਾਕਤ ਦੀ ਵਰਤੋਂ ਕਿਉਂ ਨਾ ਕਰਨੀ ਪਵੇ। ਇਸ ਦਾ ਮਤਲਬ ਬੋਸ ਤੇ ਮਹਾਤਮਾ ਗਾਂਧੀ ਵਿਚਕਾਰ ਟਕਰਾਉ ਸ਼ੁਰੂ ਹੋ ਗਿਆ ਕਿਉਂਕਿ ਗਾਂਧੀ ਬੋਸ ਦੀ ਪ੍ਰਧਾਨਗੀ ਦੇ ਵਿਰੁੱਧ ਸਨ। ਜਿਸ ਦਾ ਨਤੀਜਾ ਇਹ ਨਿਕਲਿਆ ਕਿ ਇੰਡੀਅਨ ਨੈਸ਼ਨਲ ਕਾਂਗਰਸ ਵਿੱਚ ਫੁੱਟ ਪੈ ਗਈ।

ਬੋਸ ਨੇ ਏਕਾ ਕਾਇਮ ਰੱਖਣ ਦਾ ਯਤਨ ਕੀਤਾ ਪਰ ਗਾਂਧੀ ਨੇ ਬੋਸ ਨੂੰ ਆਪਣੀ ਕੈਬਨਿਟ ਬਣਾਉਣ ਲਈ ਕਿਹਾ। ਇਸ ਫੁੱਟ ਨਾਲ ਬੋਸ ਤੇ ਨਹਿਰੂ ਵਿੱਚ ਵੀ ਫੁੱਟ ਪੈ ਗਈ। 1939 ਈ. ਵਿੱਚ ਕਾਂਗਰਸ ਮੀਟਿੰਗ ਵਿੱਚ ਬੋਸ ਸਟਰੈਚਰ 'ਤੇ ਆਇਆ। ਬੋਸ ਗਾਂਧੀ ਦੇ ਉਮੀਦਵਾਰ ਪਤਾਭੀ ਸੀਤਾ ਰਮਈਆ ਦੇ ਮੁਕਾਬਲੇ 'ਤੇ ਪ੍ਰਧਾਨਗੀ ਦੀ ਚੋਣ ਦੁਬਾਰਾ ਜਿੱਤ ਗਿਆ। ਪਰ ਗਾਂਧੀ ਧੜੇ ਵਾਲੇ ਕਾਂਗਰਸ ਵਰਕਿੰਗ ਕਮੇਟੀ ਵਿੱਚ ਚਾਲਬਾਜ਼ੀ ਕਰਕੇ ਉਸ ਨੂੰ ਪ੍ਰਧਾਨਗੀ ਤੋਂ ਅਸਤੀਫ਼ਾ ਦੇਣਾ ਪਿਆ।

22 ਜੂਨ 1939 ਨੂੰ ਬੋਸ ਨੇ ਇੰਡੀਅਨ ਨੈਸ਼ਨਲ ਕਾਂਗਰਸ ਦੇ ਇੱਕ ਧੜੇ ਦੇ ਤੌਰ 'ਤੇ ਆਲ ਇੰਡੀਆ ਫਾਰਵਡ ਬਲਾਕ ਦੀ ਮੀਟਿੰਗ ਕੀਤੀ। ਬੋਸ ਦਾ ਵਿਚਾਰ ਸੀ ਕਿ ਆਜ਼ਾਦ ਇੰਡੀਆ ਨੂੰ ਸਮਾਜਵਾਦੀ ਤਾਨਾਸ਼ਾਹੀ ਜਿਵੇਂ ਕਿ ਤੁਰਕੀ ਦੇ ਕਮਲ ਅਟੇਤੁਕ ਦੀਆਂ ਲੀਹਾਂ 'ਤੇ ਘੱਟੋ ਘੱਟ ਦੋ ਦਹਾਕਿਆਂ ਲਈ ਚਾਹੀਦੀ ਹੈ। ਬੋਸ ਨੂੰ ਬਰਤਾਨੀਆ ਅਧਿਕਾਰੀਆਂ ਨੇ ਅੰਕਰਾ ਵਿੱਚ ਅਟੇਤਰਕ ਮਿਲਣ ਦੀ ਆਗਿਆ ਨਾ ਦਿੱਤੀ। ਬੋਸ ਨੇ ਵੱਖ ਵੱਖ ਪਾਰਟੀਆਂ ਨੂੰ ਮਿਲਣ ਦੀ ਕੋਸ਼ਿਸ਼ ਕੀਤੀ ਪਰ ਲੇਬਰ ਪਾਰਟੀ ਅਤੇ ਲਿਬਰਲ ਪਾਰਟੀ ਨੇ ਮਿਲਣ ਲਈ ਸਹਿਮਤੀ ਦਿੱਤੀ। 1930 ਈ. ਕਨਸਰਵੇਟਿਵ ਪਾਰਟੀ ਨੇ ਭਾਰਤ ਨੂੰ ਡੋਮਿਅਨੀਅਨ ਸਟੇਟਸ ਦੀ ਵਿਰੋਧਤਾ ਕੀਤੀ। ਭਾਰਤ ਨੇ ਆਜ਼ਾਦੀ ਲੇਬਰ ਪਾਰਟੀ ਦੀ 1945-1951 ਦੀ ਸਰਕਾਰ ਸਮੇਂ ਪ੍ਰਾਪਤ ਕੀਤੀ। ਦੂਜੇ ਵਿਸ਼ਵ ਯੁੱਧ ਦੇ ਸ਼ੁਰੂ ਹੋਣ 'ਤੇ ਬੋਸ ਨੇ ਵਾਇਸਰਾਇ ਵੱਲੋਂ ਕਾਂਗਰਸੀ ਲੀਡਰਸ਼ਿਪ ਨੂੰ ਪੁੱਛਣ ਤੋਂ ਬਗ਼ੈਰ ਭਾਰਤ ਦੀ ਤਰਫੋਂ ਲੜਾਈ ਦਾ ਐਲਾਨ ਕਰਨ ਦੇ ਰੋਸ ਵਿੱਚ ਪ੍ਰੋਟੈਸਟ ਕਰਨਾ ਸ਼ੁਰੂ ਕਰ ਦਿੱਤਾ। ਮਹਾਤਮਾ ਗਾਂਧੀ ਨੂੰ ਇਸ ਕੰਮ ਵਿੱਚ ਮਨਾਉਣ ਵਿੱਚ ਉਹ ਅਸਫ਼ਲ ਰਹਿਣ ਪਿੱਛੋਂ ਉਨ੍ਹਾਂ ਕਲਕੱਤੇ ਵੱਡੀ ਪੱਧਰ 'ਤੇ ਮੁਜ਼ਾਹਰੇ ਕਰਨੇ ਸ਼ੁਰੂ ਕੀਤੇ। ਉਸ ਨੂੰ ਜੇਲ੍ਹ ਡੱਕ ਦਿੱਤਾ ਗਿਆ ਪਰ ਸੱਤਾਂ ਦਿਨਾਂ ਦੀ ਭੁੱਖ ਹੜਤਾਲ ਪਿੱਛੋਂ ਰਿਹਾਅ ਕਰ ਦਿੱਤਾ ਗਿਆ। ਬੋਸ ਦੇ ਘਰ 'ਤੇ ਨਜ਼ਰ ਰੱਖਣ ਲਈ ਸੀ ਆਈ ਡੀ ਤਾਇਨਾਤ ਕਰ ਦਿੱਤੀ ਗਈ।

17 ਜਨਵਰੀ 1941 ਦੀ ਰਾਤ ਨੂੰ ਬੋਸ ਪਠਾਣ ਦੇ ਭੇਸ ਵਿੱਚ ਆਪਣੇ ਭਤੀਜੇ ਸਿਸਰ ਕੁਮਾਰ ਬੋਸ ਦੇ ਨਾਲ ਮੌਜੂਦਾ ਝਾਰਖੰਡ ਦੇ ਇਸ ਸਮੇਂ ਨੇਤਾ ਜੀ ਸੁਭਾਸ਼ ਚੰਦਰ ਬੋਸ ਗੋਮੋਹ ਰੇਲਵੇ ਤੋਂ ਜਰਮਨੀ ਨੂੰ ਬਰਾਸਤਾ ਅਫ਼ਗਾਨਿਸਤਾਨ ਨੂੰ ਰਵਾਨਾ ਹੋਇ। ਉਹ ਪਹਿਲਾ ਅਬਵੇਹਰ ਦੀ ਸਹਾਇਤਾ ਨਾਲ ਪਿਸ਼ਾਵਰ ਪੁੱਜੇ, ਜਿੱਥੇ ਉਹ ਅਕਬਰ ਸ਼ਾਹ, ਮੁਹੰਮਦ ਸ਼ਾਹ ਅਤੇ ਭਗਤ ਰਾਮ ਤਲਵਾੜ ਨੂੰ ਮਿਲੇ। ਆਗਾ ਖ਼ਾਨ ਦੇ ਸਹਾਇਕਾਂ ਨਾਲ ਉਸ ਨੇ ਅਫ਼ਗਾਨਿਸਤਾਨ ਦਾ ਬਾਰਡਰ ਪਾਰ ਕੀਤਾ। ਉਹ ਇਟੈਲੀਅਨ ਪਾਸਪੋਰਟ 'ਤੇ ਮਾਸਕੋ ਪੁੱਜੇ। ਮਾਸਕੋ ਤੋਂ ਉਹ ਰੋਮ ਪੁੱਜੇ ਤੇ ਉਸ ਤੋਂ ਅੱਗੇ ਉਹ ਜਰਮਨੀ ਪਹੁੰਚ ਗਏ। ਜਰਮਨ ਵਿੱਚ ਜਰਮਨ ਦੀ ਸਹਾਇਤ ਨਾਲ ਆਜ਼ਾਦ ਹਿੰਦ ਰੇਡੀਓ ਚਲਾਇਆ ਗਿਆ। ਬਰਲਿਨ ਵਿੱਚ ਫਰੀ ਇੰਡੀਆ ਸੈਂਟਰ ਕਾਇਮ ਕੀਤਾ ਗਿਆ ਤੇ ਇੰਡੀਅਨ ਲੀਗ ਜਿਸ ਵਿੱਚ 4500 ਫੌਜੀ ਸਨ ਕਾਇਮ ਕੀਤੀ ਗਈ । ਪਰ ਬੋਸ ਨੂੰ ਮਾਯੂਸੀ ਉਸ ਸਮੇਂ ਹੋਈ ਜਦ ਹਿਟਲਰ ਦੇ ਟੈਂਕਾਂ ਨੇ ਸੋਵੀਅਤ ਦੇ ਬਾਰਡਰ ਨੂੰ ਪਾਰ ਕੀਤਾ। ਬੋਸ ਬਰਲਿਨ ਵਿੱਚ 1941 ਤੋਂ 1943 ਤੀਕ ਰਿਹਾ।

ਇਸ ਤੋਂ ਪਹਿਲਾਂ ਉਹ 1934 ਵਿੱਚ ਆਸਟਰੀਆ ਦੀ ਰਾਜਧਾਨੀ ਵਿਏਨਾ ਵਿੱਚ ਇਲਾਜ਼ ਕਰਾਉਣ ਆਏ ਸਨ। ਉੱਥੇ ਉਨ੍ਹਾਂ ਦਾ ਮੇਲ 23 ਸਾਲ ਦੀ ਖ਼ੂਬਸੂਰਤ ਐਮਿਲੀ ਸ਼ੈਂਕਲ ਨਾਲ ਹੋਇਆ। ਉਸ ਸਮੇਂ ਬੋਸ 37 ਸਾਲ ਦੇ ਸਨ। ਇਸ ਲੜਕੀ ਦਾ ਕੰਮ 'ਇੰਡੀਅਨ ਸਟਰੱਗਲ' ਕਿਤਾਬ ਟਾਇਪ ਕਰਨਾ ਸੀ। ਉਸ ਦੀ ਦੋਸਤੀ ਸਮੇਂ ਦੋਵਾਂ ਵਿੱਚ ਖਤਾਂ ਦਾ ਆਦਾਨ ਪ੍ਰਦਾਨ ਹੁੰਦਾ ਰਿਹਾ। 26 ਨਵੰਬਰ 1937 ਨੂੰ ਉਨ੍ਹਾਂ ਦਾ ਵਿਆਹ ਆਸਟਰੀਆ ਦੇ ਬਾਗੀਸਤੀਨ ਵਿੱਚ ਹੋਇਆ। ਇਹ ਵਿਆਹ ਬਿਲਕੁਲ ਗੁਪਤ ਰੱਖਿਆ । ਭਾਵੇਂ ਉਨ੍ਹਾਂ ਦਾ ਸਾਥ 1934 ਤੋਂ 1945 ਵਿਚਾਲੇ 12 ਸਾਲਾਂ ਦਾ ਸੀ, ਪਰ ਉਹ ਇਕੱਠੇ ਤਿੰਨ ਸਾਲ ਤੋਂ ਵੀ ਘੱਟ ਸਮਾਂ ਰਹੇ। ਉਨ੍ਹਾਂ ਦੀ ਪ੍ਰੇਮ ਦੀ ਨਿਸ਼ਾਨੀ ਦੇ ਤੌਰ 'ਤੇ 29 ਨਵੰਬਰ 1942 ਨੂੰ ਧੀ ਦਾ ਜਨਮ ਹੋਇਆ ਜਿਸ ਦਾ ਨਾਂ ਅਨੀਤਾ ਰੱਖਿਆ ਗਿਆ। ਬੋਸ ਆਪਣੀ ਧੀ ਨੂੰ ਵੇਖਣ ਲਈ ਦਸੰਬਰ 1942 ਵਿੱਚ ਵਿਏਨਾ ਪਹੁੰਚਦੇ ਹਨ ਤੇ ਉਸ ਤੋਂ ਬਾਅਦ ਆਪਣੇ ਭਰਾ ਸ਼ਰਤ ਚੰਦਰ ਬੋਸ ਨੂੰ ਬੰਗਾਲੀ ਵਿੱਚ ਲਿਖੇ ਖ਼ਤ ਵਿਚ ਪਤਨੀ ਤੇ ਧੀ ਬਾਰੇ ਜਾਣਕਾਰੀ ਦੇਂਦੇ ਹਨ। ਐਮਿਲੀ ਸੁਭਾਸ਼ ਚੰਦਰ ਬੋਸ ਦੀਆਂ ਯਾਦਾਂ ਦੇ ਸਹਾਰੇ 1996 ਤੱਕ ਜਿੰਦਾ ਰਹੀ। ਉਸ ਨੇ ਇੱਕ ਛੋਟੇ ਜਿਹੇ ਡਾਕਘਰ ਵਿੱਚ ਕੰਮ ਕਰਦੇ ਹੋਇਆ ਬੋਸ ਦੀ ਆਖ਼ਰੀ ਨਿਸ਼ਾਨੀ ਆਪਣੀ ਧੀ ਅਨੀਤਾ ਬੋਸ ਨੂੰ ਪਾਲ ਕੇ ਵੱਡਾ ਕਰਕੇ ਜਰਮਨੀ ਦੀ ਮਸ਼ਹੂਰ ਅਰਥ ਸ਼ਾਸਤਰੀ ਬਣਾਇਆ। ਉਸ ਨੇ ਮੁਸ਼ਕਲ ਸਫ਼ਰ ਸਮੇਂ ਬੋਸ ਪਰਿਵਾਰ ਕੋਲੋਂ ਕਿਸੇ ਵੀ ਤਰ੍ਹਾਂ ਦੀ ਮਦਦ ਲੈਣ ਤੋਂ ਇਨਕਾਰ ਕਰ ਦਿੱਤਾ ਤੇ ਆਪਣੇ ਵਿਆਹ ਤੋਂ ਬੱਚੀ ਬਾਰੇ ਕਿਸੇ ਨੂੰ ਨਹੀਂ ਦੱਸਿਆ।

ਜਾਪਾਨ ਸਰਕਾਰ ਦੀ ਕੋਸ਼ਿਸ਼ ਸੀ ਕੋਈ ਐਸੀ ਫੌਜ ਤਿਆਰ ਕੀਤੀ ਜਾਵੇ ਜੋ ਜਾਪਾਨ ਦੇ ਨਾਲ ਰਲ ਕੇ ਅੰਗਰੇਜ਼ਾਂ ਵਿਰੁੱਧ ਲੜੇ। ਜਪਾਨੀ ਗੁਫ਼ੀਆ ਯੂਨਿਟ ਦਾ ਮੁੱਖੀ ਇੰਡੀਅਨ ਇਡੀਪੈਂਨਡੈਂਸ ਲੀਗ ਦੇ ਬੈਂਕਾਕ ਚੈਪਟਰ ਦੇ ਪ੍ਰਧਾਨ ਪ੍ਰੀਤਮ ਸਿੰਘ ਢਿੱਲੋਂ ਨੂੰ ਮਿਲਿਆ ਤੇ ਉਸ ਦੇ ਰਾਹੀਂ ਬਰਤਾਨਵੀ ਭਾਰਤੀ ਫੌਜ ਦੇ ਕੈਪਟਨ ਮੋਹਨ ਸਿੰਘ ਜਿਸ ਨੂੰ ਕਿ ਦਸੰਬਰ 1941 ਵਿੱਚ ਪੱਛਮੀ ਮਲਾਇਅਨ ਪੈਨੀਨਸੁਲਾ ਤੋਂ ਫੜ੍ਹਿਆ ਸੀ ਨੂੰ ਭਰਤੀ ਕੀਤਾ ਗਿਆ। ਸਿੱਟੇ ਵਜੋਂ ਫਸਟ ਇੰਡੀਅਨ ਨੈਸ਼ਨਲ ਆਰਮੀ ਬਣਾਈ। ਕੈਪਟਨ ਮੋਹਨ ਸਿੰਘ ਤੇ ਜਾਪਾਨ ਦੇ ਗੁਪਤਚਰ ਵਿਭਾਗ ਦੇ ਮੁੱਖੀ ਦੀ ਸਲਾਹ ਨਾਲ ਦਸੰਬਰ 1941 ਦੇ ਦੂਜੇ ਅੱਧ ਵਿੱਚ ਬਣਾਈ ਗਈ ਤੇ ਜਨਵਰੀ 1942 ਦੇ ਪਹਿਲੇ ਹਫ਼ਤੇ ਇਸ ਦਾ ਨਾਂ ਰੱਖਿਆ ਗਿਆ।ਸੁਭਾਸ਼ ਚੰਦਰ ਬੋਸ ਦੇ ਆਉਣ ਨਾਲ ਸਿੰਘਾਪੁਰ ਵਿਚ ਆਰਜੀ ਆਜ਼ਾਦ ਸਰਕਾਰ 21 ਅਕਤੂਬਰ 1943 ਵਿਚ ਬਣਾਈ ਅਤੇ ਬਰਤਾਨੀਆ ਤੇ ਅਮਰੀਕਾ ਵਿਰੁਧ ਲੜਾਈ ਲੜਨ ਦਾ ਐਲਾਨ ਕੀਤਾ।ਇਸ ਆਰਜ਼ੀ ਸਰਕਾਰ ਜਿਸ ਦੀ ਆਪਣੀ ਕਰੰਸੀ, ਡਾਕ ਟਿਕਟ, ਅਦਾਲਤ ਤੇ ਸਿਵਲ ਕੋਡ ਸੀ ਤੇ ਜਿਸ ਨੂੰ 9 ਐਕਸਿਨ ਸਰਕਾਰਾਂ ਜਿਸ ਵਿੱਚ ਜਰਮਨੀ, ਜਾਪਾਨ, ਇਟਲੀ, ਬਰਮਾ ਥਾਈਲੈਂਡ ਆਦਿ ਸ਼ਾਮਲ ਸਨ ਵਲੋਂ ਮਾਨਤਾ ਦਿੱਤੀ ਗਈ।

ਆਜ਼ਾਦ ਹਿੰਦ ਫ਼ੌਜ ਦੇ ਪੁਨਰਗਠਨ ਵਿਚ ਸੁਭਾਸ਼ ਚੰਦਰ ਬੋਸ ਨੇ ਪੰਜਾਬੀਆਂ ਨੂੰ ਅਹਿਮ ਜ਼ਿੰਮੇਵਾਰੀਆਂ ਦਿੱਤੀਆਂ ਸਨ ਜਿਵੇਂ ਲੈਫ਼ਟੀਨੈਂਟ ਕਰਨਲ ਹਬੀਬ-ਉਰ-ਰਹਿਮਾਨ ਨੂੰ ਡਿਪਟੀ ਚੀਫ ਆਫ ਸਟਾਫ ਅਤੇ ਮੇਜਰ ਪੀ.ਕੇ. ਸਹਿਗਲ ਨੂੰ ਮਿਲਟਰੀ ਸਕੱਤਰ ਨਿਯੁਕਤ ਕੀਤਾ। ਯੋਜਨਾ, ਸੈਨਿਕਾਂ ਦੀ ਸਿਖਲਾਈ ਅਤੇ ਖ਼ੁਫ਼ੀਆ ਜਾਣਕਾਰੀ ਵਿਭਾਗ ਦੀ ਜ਼ਿੰਮੇਵਾਰੀ ਪੰਜਾਬੀ ਲੈਫਟੀਨੈਂਟ ਕਰਨਲ ਸ਼ਾਹ ਨਵਾਜ਼ ਖ਼ਾਨ ਨੂੰ ਦਿੱਤੀ ਗਈ । ਸੁਭਾਸ਼ ਚੰਦਰ ਬੋਸ 18 ਅਗਸਤ 1945 ਨੂੰ ਹਵਾਈ ਦੁਆਰਾ ਫਾਰਮੂਸਾ ਪਹੁੰਚੇ। ਉੱਥੇ ਉਨ੍ਹਾਂ ਨੂੰ ਕੁਝ ਸਮਾਂ ਠਹਿਰਨਾ ਪਿਆ। ਉੱਥੇ ਤਾਈਹੂਕ ਅੱਡੇ 'ਤੇ ਹਵਾਈ ਜਹਾਜ਼ ਨੇ ਉਡਾਣ ਭਰਨ ਸਮੇਂ ਜਹਾਜ਼ ਨੂੰ ਅੱਗ ਲਗ ਗਈ ਤੇ ਉਹ ਬੁਰੀ ਤਰ੍ਹਾਂ ਝੁਲਸ ਗਏ ਤੇ ਸਮੇਂ ਬਾਦ ਅਕਾਲ ਚਲਾਣਾ ਕਰ ਗਏ।

## ਪਿਛਲ ਖੁਰੀਏਂ ਨਾ ਤੁਰੀਏ !

ਪੂਜਾ-ਪਾਠ 'ਨਮਾਜ' ਸਭ ਨਿਜੀ ਹੁੰਦੇ
ਕਰੀਏ ਹੋਰਾਂ ਨਾਲ ਕਿਉਂ ਕਲੇਸ ਯਾਰੋ।

ਕਿਸੇ ਇੱਕ ਨੂੰ ਦੇਈਏ ਨਾ ਮਾਣ ਬਹੁਤਾ
ਸਭ ਨੂੰ ਪਿਆਰੇ ਨੇ ਆਪਣੇ ਭੇਸ ਯਾਰੋ।

ਵਧ ਗਏ ਵੈਰ ਵਿਰੋਧ ਹਨ ਉਦੋਂ ਦੇ ਹੀ
ਲੱਗਣ ਲੱਗ ਪਈ ਜਦੋਂ ਦੀ 'ਠੇਸ' ਯਾਰੋ।

ਪਿੱਛੇ ਪੱਲੇ ਵਿੱਚ ਰਹਿਣਾ ਕੀ ਫੇਰ ਸਾਡੇ
ਦਿੱਤੀ ਪਿਆਰ ਦੀ ਪੱਟੀ ਜਦ ਮੇਸ ਯਾਰੋ।

ਛੱਡ ਕੇ ਨਫਰਤਾਂ ਚਾਰ ਦਿਨ ਕੱਟ ਲਈਏ
ਰਹਿਣਾ ਧਰਤੀ 'ਤੇ ਨਹੀਂ ਹਮੇਸ਼ ਯਾਰੋ।

ਫੈਦਾ ਹੋਇਆ ਕੀ ਚੰਦ 'ਤੇ ਪਹੁੰਚਣੇ ਦਾ
ਪਿਛਲ ਖੁਰੀਏਂ ਜੇ ਤੁਰ ਪਿਆ ਦੇਸ ਯਾਰੋ!

**-ਤਰਲੋਚਨ ਸਿੰਘ ਦੁਪਾਲ ਪੁਰ**
**78146-92724**



# ਟੁੱਟਦੇ ਰਿਸ਼ਤਿਆਂ ਵਿੱਚ ਟੁੱਟ ਰਹੇ ਬੱਚੇ



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

ਸਾਡੇ ਦੇਸ਼ ਵਿੱਚ ਰਿਸ਼ਤਿਆਂ ਦਾ ਤਾਣਾ- ਬਾਣਾ ਬੁਰੀ ਤਰ੍ਹਾਂ ਉਲਝਦਾ ਜਾ ਰਿਹਾ ਹੈ। ਮਹਾਨਗਰਾਂ ਅਤੇ ਪਿੰਡਾਂ ਅਤੇ ਕਸਬਿਆਂ ਵਿੱਚ ਰਹਿਣ ਵਾਲੇ ਪੜ੍ਹੇ-ਲਿਖੇ, ਸੁਚੇਤ ਨਾਗਰਿਕਾਂ ਦੇ ਆਪਸੀ ਸਬੰਧਾਂ ਦੀ ਟੁੱਟ-ਭੱਜ ਅਪਰਾਧਿਕ ਘਟਨਾਵਾਂ ਦੇ ਰੂਪ ਵਿੱਚ ਸਾਹਮਣੇ ਆ ਰਹੀ ਹੈ। ਖਾਸ ਤੌਰ 'ਤੇ ਪਤੀ-ਪਤਨੀ ਵਿਚਕਾਰ ਟਕਰਾਅ ਦੀਆਂ ਸਥਿਤੀਆਂ ਸਿੱਧੇ ਜਾਂ ਅਸਿੱਧੇ ਤੌਰ 'ਤੇ ਅਪਰਾਧਿਕ ਘਟਨਾਵਾਂ ਦਾ ਰੂਪ ਲੈ ਲੈਂਦੀਆਂ ਹਨ। ਸਾਡੀ ਸਾਂਝੀ ਜ਼ਿੰਦਗੀ ਵਿੱਚ ਦੂਰੀ ਦੇ ਸਿੱਟੇ ਵਜੋਂ ਕੁਝ ਮਨ ਨੂੰ ਝੰਜੋੜ ਦੇਣ ਵਾਲੀਆਂ ਘਟਨਾਵਾਂ ਨਾ ਮੰਨਣਯੋਗ ਲੱਗਦੀਆਂ ਹਨ। ਇੱਥੋਂ ਤੱਕ ਕਿ ਅਜ਼ੀਜ਼ਾਂ ਦੇ ਨਾਲ ਉਹ ਬਰਬਰਤਾ ਕਰਕੇ ਅਣਮਨੁੱਖੀ ਵਿਹਾਰ ਦੀ ਮਿਸਾਲ ਬਣਦੇ ਹਨ। ਹਾਲ ਹੀ ਵਿੱਚ ਪਤੀ-ਪਤਨੀ ਦੇ ਰਿਸ਼ਤਿਆਂ ਵਿੱਚ ਆਈ ਤਰੇੜ ਅਤੇ ਵਿਛੋੜੇ ਕਾਰਨ ਸਾਹਮਣੇ ਆਈ ਇੱਕ ਘਟਨਾ ਮਨੁੱਖੀ ਵਿਹਾਰ ਵਿੱਚ ਆਈ ਵਿਗਾੜ ਦੀ ਮਿਸਾਲ ਬਣ ਗਈ ਹੈ। ਗੋਆ ਵਿੱਚ ਵਾਪਰੀ ਇਸ ਘਟਨਾ ਵਿੱਚ ਇੱਕ ਮਾਂ ਨੇ ਆਪਣੇ ਚਾਰ ਸਾਲ ਦੇ ਮਾਸੂਮ ਬੱਚੇ ਦੀ ਜਾਨ ਲੈ ਲਈ। ਇਸ ਮਾਮਲੇ ਦਾ ਮੁੱਖ ਕਾਰਨ ਪਤੀ-ਪਤਨੀ ਵਿਚਕਾਰ ਚੱਲ ਰਿਹਾ ਝਗੜਾ ਹੈ। ਪਤਾ ਲੱਗਾ ਹੈ ਕਿ 39 ਸਾਲ ਦੀ ਉਮਰ 'ਚ ਇਸ ਵਹਿਸ਼ੀ ਵਾਰਦਾਤ ਨੂੰ ਅੰਜਾਮ ਦੇਣ ਵਾਲੀ ਔਰਤ ਦਾ ਵਿਆਹ 2010 'ਚ ਹੋਇਆ ਸੀ। ਸਾਲ 2019 'ਚ ਬੇਟੇ ਨੇ ਜਨਮ ਲਿਆ ਅਤੇ ਅਗਲੇ ਹੀ ਸਾਲ ਯਾਨੀ 2020 'ਚ ਪਤੀ-ਪਤਨੀ ਵਿਵਾਦ ਕਾਰਨ ਵੱਖ ਹੋ ਗਏ।ਉਨ੍ਹਾਂ ਵਿਚਕਾਰ ਤਲਾਕ ਹੋ ਗਿਆ। ਅਦਾਲਤ ਨੇ ਹੁਕਮ ਦਿੱਤਾ ਕਿ ਪਿਤਾ ਹਫ਼ਤੇ ਵਿੱਚ ਇੱਕ ਵਾਰ ਆਪਣੇ ਬੱਚੇ ਨੂੰ ਮਿਲ ਸਕਦਾ ਹੈ। ਇਸ ਗੱਲ ਨੂੰ ਲੈ ਕੇ ਮਾਂ ਤਣਾਅਪੂਰਨ ਹੋ ਗਈ। ਅਦਾਲਤ ਦੇ ਹੁਕਮਾਂ ਅਨੁਸਾਰ ਉਹ ਆਪਣੇ ਬੇਟੇ ਨੂੰ ਹਰ ਐਤਵਾਰ ਆਪਣੇ ਪਿਤਾ ਨੂੰ ਮਿਲਣ ਨਹੀਂ ਦੇਣਾ ਚਾਹੁੰਦੀ ਸੀ। ਅਜਿਹੇ 'ਚ ਮਾਪਿਆਂ ਦੇ ਰਿਸ਼ਤੇ 'ਚ ਉਲਝਣਾਂ ਅਤੇ ਭਾਵਨਾਤਮਕ ਭਰੋਸੇ ਦੀ ਕਮੀ ਨੇ ਬੱਚੇ ਦੀ ਜਾਨ ਲੈ ਲਈ। ਹਾਲਾਂਕਿ, ਆਰਥਿਕ ਤੌਰ 'ਤੇ ਸੁਤੰਤਰ ਅਤੇ ਉੱਚ ਪੜ੍ਹੇ-ਲਿਖੇ ਮਾਂ ਦੀ ਬੁੱਧੀ ਗੁਆਉਣ ਦਾ ਇਹ ਇਕੱਲਾ ਮਾਮਲਾ ਨਹੀਂ ਹੈ। ਪਤੀ-ਪਤਨੀ ਦੇ ਰਿਸ਼ਤੇ ਦੀਆਂ ਗੰਢਾਂ ਹਰ ਰੋਜ਼ ਕਿਸੇ ਨਾ ਕਿਸੇ ਬੱਚੇ ਦਾ ਦਮ ਘੁੱਟਦੀਆਂ ਹਨ। ਗਰੀਬੀ ਦੇਦੁਸ਼ਟ ਚੱਕਰ ਵਿੱਚ ਫਸੇ ਪਰਿਵਾਰਾਂ ਤੋਂ ਲੈ ਕੇ ਵਿਸ਼ੇਸ਼ ਅਧਿਕਾਰ ਪ੍ਰਾਪਤ ਲੋਕਾਂ ਤੱਕ ਮਾਪਿਆਂ ਦਾ ਹੰਕਾਰ ਨਵੀਂ ਪੀੜ੍ਹੀ ਦੇ ਭਵਿੱਖ ਨੂੰ ਹਨੇਰੇ ਵੱਲ ਧੱਕ ਰਿਹਾ ਹੈ। ਇਹ ਮੰਦਭਾਗਾ ਹੈ ਕਿ ਮਾਂ-ਬਾਪ ਦੀ ਭੂਮਿਕਾ ਨਿਭਾਉਣ ਵਾਲੇ ਦੋਵੇਂ ਵਿਅਕਤੀ ਇਹ ਨਹੀਂ ਸਮਝਦੇ ਕਿ ਉਨ੍ਹਾਂ ਦਾ ਆਪਸੀ ਕਲੇਸ਼ ਬੱਚਿਆਂ ਦੇ ਮਾਨਸਿਕ ਜੀਵਨ ਨੂੰ ਵੀ ਠੇਸ ਪਹੁੰਚਾਉਂਦਾ ਹੈ। ਵਿਆਹੁਤਾ ਰਿਸ਼ਤਿਆਂ ਦੀ ਵਿਗੜਦੀ ਸਥਿਤੀ ਵਿੱਚ ਬੱਚਿਆਂ ਦਾ ਜੀਵਨ ਵੀ ਮੁਸ਼ਕਲ ਹੋ ਜਾਂਦਾ ਹੈ। ਜਿਹੜੇ ਬੱਚੇ ਭਵਿੱਖ ਦੇ ਅਰਥ ਵੀ ਨਹੀਂ ਸਮਝਦੇ, ਉਹ ਆਪਣੇ ਆਉਣ ਵਾਲੇ ਜੀਵਨ ਨੂੰ ਲੈ ਕੇ ਅਸੁਰੱਖਿਆ ਵਿੱਚ ਘਿਰ ਜਾਂਦੇ ਹਨ। ਇਕੱਲਤਾ ਦਾ ਡੰਕਾ ਉਨ੍ਹਾਂ ਨੂੰ ਆਉਂਦਾ ਹੈ। ਕਿਸੇ ਦੇ ਮਾਪਿਆਂ ਵਿਚਕਾਰ ਇਲਜ਼ਾਮ ਅਤੇ ਜਵਾਬੀ ਦੋਸ਼ਖੇਡਾਂ ਦੇਖ ਕੇ ਉਹ ਸਮਾਜਿਕ ਜੀਵਨ ਤੋਂ ਵੀ ਕੱਟ ਜਾਂਦੇ ਹਨ। ਲੰਬੇ ਸਮੇਂ ਤੱਕ ਚੱਲ ਰਹੇ ਵਿਆਹੁਤਾ ਝਗੜਿਆਂ ਦਾ ਨਾ ਸਿਰਫ਼ ਬੱਚਿਆਂ ਦੇ ਭਾਵਨਾਤਮਕ ਅਤੇ ਸੰਵੇਦੀ ਜੀਵਨ 'ਤੇ ਮਾੜਾ ਪ੍ਰਭਾਵ ਪੈਂਦਾ ਹੈ, ਸਗੋਂ ਉਨ੍ਹਾਂ ਦੇ ਵਿਹਾਰਕ ਜੀਵਨ 'ਤੇ ਵੀ ਮਾੜਾ ਅਸਰ ਪੈਂਦਾ ਹੈ। ਜਿਹੜੇ ਬੱਚੇ ਆਪਣੇ ਮਾਤਾ-ਪਿਤਾ ਵਿਚਕਾਰ ਝਗੜੇ ਦੇ ਗਵਾਹ ਹੁੰਦੇ ਹਨ, ਉਹ ਆਪਣੇ ਆਮ ਰੁਟੀਨ ਅਤੇ ਮਹੱਤਵਪੂਰਨ ਰੋਜ਼ਾਨਾ ਦੀਆਂ ਗਤੀਵਿਧੀਆਂ ਵਿੱਚ ਪਰੇਸ਼ਾਨ ਹੋਣਾ ਸ਼ੁਰੂ ਕਰ ਦਿੰਦੇ ਹਨ। ਵਿਡੰਬਨਾ ਇਹ ਹੈ ਕਿ ਜਿਸ ਉਮਰ ਵਿਚ ਬੱਚਿਆਂ ਨੂੰ ਸਰੀਰਕ ਅਤੇ ਮਾਨਸਿਕ ਦੇਖਭਾਲ ਦੀ ਸਭ ਤੋਂ ਵੱਧ ਲੋੜ ਹੁੰਦੀ ਹੈ, ਉਹ ਇਕੱਲੇ ਰਹਿ ਜਾਂਦੇ ਹਨ। ਬੱਚੇ ਖੁਦ ਵੀ ਅਪਰਾਧਿਕ ਦੁਨੀਆਂ ਦਾ ਹਿੱਸਾ ਬਣ ਜਾਂਦੇ ਹਨ। ਵਿਆਹੁਤਾ ਵੱਖ ਹੋਣ ਦੇ ਜ਼ਿਆਦਾਤਰ ਮਾਮਲੇਇਹ ਦੇਖਿਆ ਜਾਂਦਾ ਹੈ ਕਿ ਬੱਚਿਆਂ ਦੀ ਸੁਰੱਖਿਆ ਹਉਮੈ ਅਤੇ ਅਸੁਰੱਖਿਆ ਦੀ ਲੜਾਈ ਰਹਿੰਦੀ ਹੈ। ਮਾਂ-ਬਾਪ ਦੇ ਵਿਗੜਦੇ ਰਿਸ਼ਤੇ ਕਾਰਨ ਬੱਚੇ ਵੀ ਦੁਖੀ ਹੁੰਦੇ ਹਨ। ਅਜਿਹੇ ਮਾਮਲਿਆਂ ਦੇ ਮੱਦੇਨਜ਼ਰ ਕੁਝ ਸਮਾਂ ਪਹਿਲਾਂ ਸੁਪਰੀਮ ਕੋਰਟ ਨੇ ਤਲਾਕ ਦੇ ਮਾਮਲੇ 'ਚ ਹਰ ਮਾਂ-ਬਾਪ ਦੀ ਚੇਤਨਾ ਜਗਾਉਣ ਵਾਲੀ ਟਿੱਪਣੀ ਕੀਤੀ ਸੀ। ਅਦਾਲਤ ਨੇ ਕਿਹਾ ਸੀ ਕਿ ਹਿਰਾਸਤ ਦੀ ਲੜਾਈ ਵਿਚ ਬੱਚਿਆਂ ਨੂੰ ਹਮੇਸ਼ਾ ਨੁਕਸਾਨ ਹੁੰਦਾ ਹੈ। ਬੱਚੇ ਨਾ ਸਿਰਫ਼ ਇਸ ਦੀ ਭਾਰੀ ਕੀਮਤ ਚੁਕਾਉਂਦੇ ਹਨ, ਸਗੋਂ ਇਸ ਸਮੇਂ ਦੌਰਾਨ ਆਪਣੇ ਮਾਪਿਆਂ ਦੇ ਪਿਆਰ ਅਤੇ ਪਿਆਰ ਤੋਂ ਵੀ ਵਾਂਝੇ ਰਹਿ ਜਾਂਦੇ ਹਨ। ਅਦਾਲਤ ਨੇ ਇਹ ਵੀ ਕਿਹਾ ਕਿ ਬੱਚੇ ਬਿਨਾਂ ਗਲਤੀ ਦੇ ਕੰਮ ਕਰਦੇ ਹਨ।ਉਹ ਇਹ ਦਰਦ ਸਹਿੰਦੇ ਹਨ। ਚਿੰਤਾ ਦੀ ਗੱਲ ਹੈ ਕਿ ਕਈ ਮਾਮਲਿਆਂ ਵਿੱਚ ਪਤੀ-ਪਤਨੀ ਵਿਚਕਾਰ ਤਲਾਕ ਦੀ ਲੜਾਈ ਸਾਲਾਂ ਬੱਧੀ ਚਲਦੀ ਰਹਿੰਦੀ ਹੈ। ਸੁਪਰੀਮ ਕੋਰਟ ਨੇ ਕਿਹਾ ਹੈ ਕਿ ਜੇਕਰ ਕੋਈ ਵਿਆਹੁਤਾ ਝਗੜਾ ਵਿਚੋਲਗੀ ਨਾਲ ਹੱਲ ਨਹੀਂ ਹੁੰਦਾ ਹੈ, ਤਾਂ ਅਦਾਲਤਾਂ ਨੂੰ ਅਜਿਹੇ ਮਾਮਲਿਆਂ ਨੂੰ ਜਲਦੀ ਤੋਂ ਜਲਦੀ ਹੱਲ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਬੱਚੇ ਨੂੰ ਹਰ ਦਿਨ ਦੀ ਇਸ ਪ੍ਰਕਿਰਿਆ ਲਈ ਇੱਕ ਉੱਚ ਕੀਮਤ ਚੁਕਾਉਣੀ ਪੈ ਰਹੀ ਹੈ। ਇਹ ਸਮਝਣਾ ਔਖਾ ਨਹੀਂ ਹੈ ਕਿ ਤਲਾਕ ਦੀ ਪ੍ਰਕਿਰਿਆ ਦੌਰਾਨ ਵੀ ਮਾਤਾ-ਪਿਤਾ ਵਿਚਕਾਰ ਕੁੜੱਤਣ, ਸ਼ਿਕਾਇਤਾਂ ਅਤੇ ਇਲਜ਼ਾਮ ਬੱਚਿਆਂ ਨੂੰ ਉਨ੍ਹਾਂ ਦੇ ਭਵਿੱਖ ਨੂੰ ਲੈ ਕੇ ਡਰਦੇ ਹਨ ਅਤੇਦਹਿਸ਼ਤਜ਼ਦਾ ਕਰਦਾ ਹੈ। ਇਸ ਦੇ ਨਾਲ ਹੀ ਤਲਾਕ ਤੋਂ ਬਾਅਦ ਬੱਚਿਆਂ ਦੀ ਦੇਖਭਾਲ, ਪਾਲਣ-ਪੋਸ਼ਣ ਅਤੇ ਜ਼ਿੰਮੇਵਾਰੀ ਵਿਵਾਦ ਦਾ ਵਿਸ਼ਾ ਬਣ ਜਾਂਦੀ ਹੈ। ਤਲਾਕ ਦੀਆਂ ਸਥਿਤੀਆਂ ਵਿੱਚ ਵੀ ਨਿਆਂਇਕ ਨਿਯਮਾਂ ਦੀ ਪਾਲਣਾ। ਇਸ ਦੇ ਨਾਲ ਹੀ ਮਨੁੱਖੀ ਸੁਭਾਅ ਦੀ ਭਾਵਨਾ ਦਾ ਹੋਣਾ ਵੀ ਜ਼ਰੂਰੀ ਹੈ। ਖਾਸ ਕਰਕੇ ਉਹਨਾਂ ਲਈ ਜੋ ਮਾਪੇ ਵੀ ਹਨ। ਇਹ ਠੀਕ ਹੈ ਕਿ ਪਤੀ-ਪਤਨੀ ਦੇ ਆਪਸੀ ਮਤਭੇਦਾਂ ਕਾਰਨ ਜੇਕਰ ਸਥਿਤੀ ਅਸਹਿ ਹੋ ਜਾਂਦੀ ਹੈ ਤਾਂ ਵਿਛੋੜੇ ਦਾ ਇੱਕੋ ਇੱਕ ਵਿਕਲਪ ਬਚਦਾ ਹੈ, ਪਰ ਰਿਸ਼ਤਿਆਂ ਦੇ ਟੁੱਟਣ ਦੇ ਇਸ ਮੁੱਦੇ 'ਤੇ ਵੀ ਸੰਵੇਦਨਸ਼ੀਲਤਾ, ਜਾਗਰੂਕਤਾ ਅਤੇ ਸਮਝਦਾਰੀ ਦੀ ਲੋੜ ਹੈ। ਵਿਛੋੜੇ ਦੇ ਸਮੇਂ ਵੀ ਦੋਵੇਂ ਧਿਰਾਂ ਪ੍ਰਪੱਕ ਸੋਚ ਨਾਲ ਪਾਲਣ-ਪੋਸ਼ਣ ਸਾਂਝੇ ਕਰਦੀਆਂ ਹਨ।ਸਾਹਮਣੇ ਖੜੇ ਹੋਣਾ ਜ਼ਰੂਰੀ ਹੈ। ਜੋ ਬੱਚੇ ਆਪਣੇ ਵਿਆਹੁਤਾ, ਜੀਵ-ਵਿਗਿਆਨਕ ਮਾਤਾ-ਪਿਤਾ ਦੇ ਨਾਲ ਰਹਿੰਦੇ ਹਨ, ਉਨ੍ਹਾਂ ਦਾ ਸਰੀਰਕ, ਭਾਵਨਾਤਮਕ ਅਤੇ ਵਿਦਿਅਕ ਵਿਕਾਸ ਲਗਾਤਾਰ ਬਿਹਤਰ ਹੁੰਦਾ ਹੈ, ਵੱਖ ਹੋਣ ਤੋਂ ਬਾਅਦ ਵੀ, ਬੱਚਿਆਂ ਦੀ ਸਿਹਤ ਅਤੇ ਤੰਦਰੁਸਤੀ 'ਤੇ ਪਰਿਵਾਰਕ ਢਾਂਚੇ ਦੇ ਪ੍ਰਭਾਵ ਦਾ ਮੁਲਾਂਕਣ ਕਰਨ ਵਾਲੀ ਲਗਭਗ ਤਿੰਨ ਦਹਾਕਿਆਂ ਦੀ ਖੋਜ ਦੇ ਅਨੁਸਾਰ, ਸ਼ਾਂਤ ਅਵਸਥਾ ਦੀ ਘਾਟ ਕਾਰਨ। ਦਿਮਾਗ ਅਤੇ ਸਥਿਰਤਾ ਦੇ ਕਾਰਨ ਕਈ ਵਾਰ ਇੱਕ ਦੂਜੇ ਦੀ ਜਾਨ ਲੈਣ ਦੇ ਮਾਮਲੇ ਸਾਹਮਣੇ ਆਉਂਦੇ ਹਨ ਅਤੇ ਕਈ ਵਾਰ ਬੱਚਿਆਂ ਦੀ ਜਾਨ ਖਤਰੇ ਵਿੱਚ ਪੈ ਜਾਂਦੀ ਹੈ। ਗੋਆ ਕਾਂਡ ਨੂੰ ਅੰਜਾਮ ਦੇਣ ਵਾਲੀ ਮਾਂ ਵਿਦੇਸ਼ ਵਿੱਚ ਸਿੱਖਿਆ ਪ੍ਰਾਪਤ ਕਰ ਚੁੱਕੀ ਹੈ। 2021 ਵਿੱਚ 'ਆਰਟੀਫੀਸ਼ੀਅਲ ਇੰਟੈਲੀਜੈਂਸ'ਉਸ ਨੂੰ 'ਨੈਤਿਕਤਾ' ਦੀਆਂ ਸੌ ਪ੍ਰਤਿਭਾਸ਼ਾਲੀ ਔਰਤਾਂ ਦੀ ਸੂਚੀ ਵਿਚ ਸ਼ਾਮਲ ਕੀਤਾ ਗਿਆ ਹੈ। ਉਹ ਅੱਜ ਦੀ ਚੇਤੰਨ ਔਰਤ ਹੈ। ਅਸਲ ਵਿੱਚ ਅਜਿਹੇ ਮਾਮਲੇ ਵੀ ਮਨੁੱਖੀ ਮਾਨਸਿਕਤਾ ਵਿੱਚ ਉਲਝਣ ਦਾ ਨਤੀਜਾ ਹਨ। ਕਦੇ ਇੱਕ ਪਲ ਲਈ ਗੁੱਸੇ ਵਿੱਚ ਆ ਕੇ ਅਤੇ ਕਦੇ ਭਵਿੱਖ ਦੇ ਡਰ ਕਾਰਨ ਲੋਕ ਅਜਿਹੀਆਂ ਦਰਦਨਾਕ ਘਟਨਾਵਾਂ ਨੂੰ ਅੰਜਾਮ ਦੇਣ ਤੋਂ ਪਿੱਛੇ ਨਹੀਂ ਹਟਦੇ। ਬਿਨਾਂ ਸ਼ੱਕ, ਸਮਾਜਿਕ ਅਤੇ ਪਰਿਵਾਰਕ ਰਿਸ਼ਤਿਆਂ ਦੀਆਂ ਪੇਚੀਦਗੀਆਂ ਅਜਿਹੇ ਅਪਰਾਧਾਂ ਲਈ ਜ਼ਮੀਨ ਤਿਆਰ ਕਰਦੀਆਂ ਹਨ। ਇਸ ਮਾਮਲੇ ਵਿਚ ਵੀ ਇਕ ਹੁਸ਼ਿਆਰ, ਪੜ੍ਹੀ-ਲਿਖੀ ਅਤੇ ਆਰਥਿਕ ਤੌਰ 'ਤੇ ਆਜ਼ਾਦ ਔਰਤ ਨੇ ਆਪਣੇ ਮਾਸੂਮ ਬੱਚੇ ਦੀ ਬਲੀ ਦਿੱਤੀ। ਦੀ ਜਾਨ ਲੈ ਲੈਣ ਦੇ ਮੂਡ ਵਿਚ ਡੂੰਘੇ ਡੂੰਘੇਇਸ ਨੂੰ ਸਮਝਣ ਦੀ ਲੋੜ ਹੈ। ਜੇਕਰ ਵਿਛੋੜੇ ਤੋਂ ਬਾਅਦ ਵੀ ਬੱਚੇ ਦੇ ਸਬੰਧ ਵਿੱਚ ਮਾਤਾ-ਪਿਤਾ ਵਿਚਕਾਰ ਸਹੀ ਸੰਚਾਰ ਜਾਰੀ ਰਿਹਾ ਹੁੰਦਾ, ਤਾਂ ਇਹ ਸਥਿਤੀ ਪੈਦਾ ਨਹੀਂ ਹੋਣੀ ਸੀ। ਦੋਹਾਂ ਵਿਚਕਾਰ ਸਿੱਧੀ ਗੱਲਬਾਤ ਅਤੇ ਸੁਭਾਵਿਕ ਮੇਲ-ਮਿਲਾਪ ਕਾਰਨ ਔਰਤ ਦੇ ਮਨ ਵਿਚ ਅਸੁਰੱਖਿਆ ਦੀ ਭਾਵਨਾ ਪੈਦਾ ਨਹੀਂ ਹੁੰਦੀ। ਇਹ ਤੱਥ ਕਿ ਇਸ ਅਪਰਾਧਿਕ ਘਟਨਾ ਦੀ ਜੜ੍ਹ ਬੱਚੇ ਦੇ ਉਸ ਦੇ ਪਿਤਾ ਨੂੰ ਮਿਲਣ ਦੇ ਖਦਸ਼ੇ ਵਿੱਚ ਹੈ, ਤਲਾਕ ਦੇ ਦੌਰ ਵਿੱਚੋਂ ਲੰਘ ਰਹੇ ਹਰੇਕ ਮਾਤਾ-ਪਿਤਾ ਨੂੰ ਅਜਿਹੇ ਪਹਿਲੂਆਂ ਨੂੰ ਗੰਭੀਰਤਾ ਨਾਲ ਸਮਝਣ ਦੀ ਲੋੜ ਨੂੰ ਰੇਖਾਂਕਿਤ ਕਰਦਾ ਹੈ। ਬਦਲਦੇ ਸਮਾਜਿਕ ਮਾਹੌਲ ਵਿੱਚ ਮਨ ਤੋਂ ਜੀਵਨ ਤੱਕ ਬਦਲਣ ਵਾਲਾ ਹਰ ਪਹਿਲੂ ਹਾਂ-ਪੱਖੀ ਨਹੀਂ ਹੈ। ਨਵੇਂ ਸਵਾਲ, ਖਾਸ ਕਰਕੇ ਘਰ-ਪਰਿਵਾਰ ਦੇ ਮੋਰਚੇ 'ਤੇ, ਨਵੇਂਸਮੱਸਿਆਵਾਂ ਸਾਡੇ ਸਾਹਮਣੇ ਚੁਣੌਤੀਆਂ ਬਣ ਕੇ ਖੜ੍ਹੀਆਂ ਹਨ। ਸਾਡੇ ਦੇਸ਼ ਵਿੱਚ ਤਲਾਕ ਦੇ ਮਾਮਲੇ ਦੁਨੀਆ ਦੇ ਕਈ ਦੇਸ਼ਾਂ ਦੇ ਮੁਕਾਬਲੇ ਬਹੁਤ ਘੱਟ ਹਨ। ਇਸ ਦੇ ਬਾਵਜੂਦ ਵਿਆਹੁਤਾ ਜੀਵਨ ਨਾਲ ਜੁੜੀਆਂ ਪੇਚੀਦਗੀਆਂ ਅਪਰਾਧਾਂ ਦੇ ਅੰਕੜਿਆਂ ਵਿੱਚ ਤੇਜ਼ੀ ਨਾਲ ਵਾਧਾ ਕਰ ਰਹੀਆਂ ਹਨ। ‘ਵਰਲਡ ਆਫ ਡਾਟਾ ਸਟੈਟਿਸਟਿਕਸ’ ਦੇ ਅੰਕੜੇ ਦੱਸਦੇ ਹਨ ਕਿ ਅੱਜ ਵੀ ਭਾਰਤ ਵਿੱਚ ਤਲਾਕ ਦੇ ਮਾਮਲੇ ਸਿਰਫ਼ ਇੱਕ ਫੀਸਦੀ ਹਨ। ਅਸਲ ਸਮੱਸਿਆ ਇਹ ਹੈ ਕਿ ਤਲਾਕ ਤੋਂ ਬਾਅਦ ਵੀ ਅਦਾਲਤੀ ਫੈਸਲੇ ਨੂੰ ਮੰਨਣ ਅਤੇ ਇੱਜ਼ਤ ਨਾਲ ਜੀਵਨ ਬਤੀਤ ਕਰਨ ਦੀ ਸਮਝ ਨਹੀਂ ਹੈ। ਰਿਸ਼ਤਿਆਂ ਦੇ ਉਤਰਾਅ-ਚੜ੍ਹਾਅ ਦੇ ਦੌਰਾਨ ਵੀ ਸਹਿਣਸ਼ੀਲਤਾ ਅਤੇ ਵਿਚਾਰਸ਼ੀਲਤਾ ਦੀ ਸਕਾਰਾਤਮਕਤਾ ਜ਼ਰੂਰੀ ਹੈ।

# ਕਿਸੇ ਵਿਸ਼ੇ ਨੂੰ ਲਿਖ ਕੇ ਯਾਦ ਕਰਨਾ

ਅੱਜ ਦੇ ਸਮੇਂ ਵਿਚ ਲਗਭਗ ਹਰ ਕਿਸੇ ਨੂੰ ਇਹ ਸਮੱਸਿਆ ਝੱਲਣੀ ਪੈਂਦੀ ਹੈ ਕਿ ਕੋਈ ਵੀ ਵਿਸ਼ਾ ਚੰਗੀ ਤਰ੍ਹਾਂ ਕਿਵੇਂ ਯਾਦ ਰੱਖਣਾ ਹੈ, ਅਕਸਰ ਵਿਦਿਆਰਥੀ ਇਸ ਗੱਲ ਨੂੰ ਲੈ ਕੇ ਬਹੁਤ ਚਿੰਤਤ ਰਹਿੰਦੇ ਹਨ, ਕਿਉਂਕਿ ਅਸੀਂ ਬਹੁਤ ਪੜ੍ਹਦੇ ਹਾਂ, ਪਰ ਪ੍ਰੀਖਿਆ ਦੇ ਸਮੇਂ ਸਾਨੂੰ ਕੁਝ ਵੀ ਯਾਦ ਨਹੀਂ ਰਹਿੰਦਾ, ਕੁਝ ਵਿਦਿਆਰਥੀ ਘੱਟ ਹੁੰਦੇ ਹਨ । ਇਸ ਸਮੱਸਿਆ ਤੋਂ ਪ੍ਰੇਸ਼ਾਨ ਹੋ ਕੇ ਉਨ੍ਹਾਂ ਦਾ ਯਾਦ ਰੱਖਣ ਦਾ ਤਰੀਕਾ ਹੀ ਵੱਖਰਾ ਹੈ, ਉਹ ਯਾਦ ਰੱਖਣ ਲਈ ਵਿਗਿਆਨਕ ਢੰਗ ਦੀ ਵਰਤੋਂ ਕਰਦੇ ਹਨ, ਜਿਸ ਕਾਰਨ ਉਹ ਕਿਸੇ ਵੀ ਵਿਸ਼ੇ ਨੂੰ ਲੰਬੇ ਸਮੇਂ ਤੱਕ ਯਾਦ ਰੱਖ ਸਕਦੇ ਹਨ। ਉਸ ਨੂੰ ਯਾਦ ਕਰਦੇ ਸਮੇਂ ਤੁਸੀਂ ਉਸ ਚੀਜ਼ ਵਿੱਚ ਕਿੰਨੀ ਦਿਲਚਸਪੀ ਮਹਿਸੂਸ ਕਰਦੇ ਹੋ? ਭਾਵ, ਜੇਕਰ ਤੁਸੀਂ ਵਿਸ਼ੇ ਨੂੰ ਪੜ੍ਹ ਕੇ ਆਨੰਦ ਮਾਣ ਰਹੇ ਹੋ, ਤਾਂ ਉਹ ਵਿਸ਼ਾ ਬਹੁਤ ਜਲਦੀ ਖਤਮ ਹੋ ਜਾਵੇਗਾ ਅਤੇ ਲੰਬੇ ਸਮੇਂ ਲਈ ਯਾਦ ਰਹੇਗਾ।

**ਲਿਖ ਕੇ ਯਾਦ ਕਰਨਾ :-** ਤੁਸੀਂ ਆਪਣੇ ਅਧਿਆਪਕਾਂ ਤੋਂ ਸੁਣਿਆ ਹੋਵੇਗਾ ਕਿ ਜਦੋਂ ਤੁਹਾਨੂੰ ਯਾਦ ਨਾ ਹੋਵੇ ਤਾਂ ਲਿਖ ਕੇ ਯਾਦ ਕਰੋ। ਲਿਖਣ ਨਾਲ ਤੁਸੀਂ ਕਿਸੇ ਵੀ ਚੀਜ਼ 'ਤੇ ਪੂਰੀ ਤਰ੍ਹਾਂ ਇਕਾਗਰ ਹੋ ਜਾਂਦੇ ਹੋ, ਜਿਸ ਕਾਰਨ ਅਸੀਂ ਉਹ ਚੀਜ਼ ਜਲਦੀ ਯਾਦ ਕਰ ਲੈਂਦੇ ਹਾਂ। ਸੋਚਣ ਦੀ ਸ਼ਕਤੀ ਬਹੁਤ ਵਰਤੀ ਜਾਂਦੀ ਹੈ, ਅਤੇ ਸਾਡੀ ਸੋਚਣ ਦੀ ਸਮਰੱਥਾ ਵਧਦੀ ਹੈ, ਇਸ ਤਰ੍ਹਾਂ ਅਸੀਂ ਉਸ ਵਿਸ਼ੇ ਨੂੰ ਲੰਬੇ ਸਮੇਂ ਤੱਕ ਯਾਦ ਰੱਖਦੇ ਹਾਂ, ਲਿਖ ਕੇ ਅਸੀਂ ਆਪਣੇ ਵਿਸ਼ੇ ਬਾਰੇ ਹੀ ਸੋਚਦੇ ਹਾਂ ਅਤੇ ਸਾਡਾ ਧਿਆਨ ਕਿਸੇ ਹੋਰ ਪਾਸੇ ਨਹੀਂ ਜਾਂਦਾ, ਸਗੋਂ ਪੜ੍ਹਦੇ ਸਮੇਂ ਸਾਡਾ ਮਨ ਕਿਸੇ ਹੋਰ ਚੀਜ਼ ਬਾਰੇ ਸੋਚਣ ਲੱਗ ਪੈਂਦਾ ਹੈ, ਇਹ ਕਿਰਿਆ ਇੰਨੀ ਜਲਦੀ ਹੋ ਜਾਂਦੀ ਹੈ ਕਿ ਸਾਨੂੰ ਇਸ ਦਾ ਅਹਿਸਾਸ ਹੀ ਨਹੀਂ ਹੁੰਦਾ, ਜਦੋਂ ਕਿ ਲਿਖਤੀ ਰੂਪ ਵਿੱਚ ਸਾਨੂੰ ਕੁਝ ਸੋਚਣਾ ਹੀ ਪੈਂਦਾ ਹੈ, ਇਸ ਕਰਕੇ। ਜਿਸ ਬਾਰੇ ਅਸੀਂ ਉਸ ਸਮੇਂ ਕਿਸੇ ਹੋਰ ਚੀਜ਼ ਬਾਰੇ ਸੋਚਣ ਦੇ ਯੋਗ ਨਹੀਂ ਹੁੰਦੇ ਅਤੇ ਇਸ ਤਰ੍ਹਾਂ ਸਾਡੀ ਇਕਾਗਰਤਾ ਉਸ ਵਿਸ਼ੇ 'ਤੇ ਬਣੀ ਰਹਿੰਦੀ ਹੈ। **- ਵਿਜੈ ਗਰਗ**

# ਰੁੱਤ ਇਮਤਿਹਾਨ ਦੀ ਆਈ

ਅਕਸਰ ਦੇਖਿਆ ਜਾਂਦਾ ਹੈ ਕਿ ਜਦੋਂ ਇਮਤਿਹਾਨ ਸ਼ੁਰੂ ਹੋਣ ਵਾਲੇ ਹੁੰਦੇ ਹਨ ਤਾਂ ਵਿਦਿਆਰਥੀਆਂ ਨੂੰ ਸਿਲੇਬਸ ਪੂਰਾ ਤਿਆਰ ਕਰਨ 'ਚ ਬਹੁਤ ਸਮੱਸਿਆ ਆਉਂਦੀ ਹੈ। ਇਹ ਸਮੱਸਿਆ ਖ਼ਾਸ ਕਰਕੇ ਉਨ੍ਹਾਂ ਬੱਚਿਆਂ ਨੂੰ ਆਉਂਦੀ ਹੈ, ਜਿਹੜੇ ਸਾਰਾ ਸਾਲ ਕੁਝ ਨਹੀ ਪੜ੍ਹਦੇ। ਫਿਰ ਉਹ ਇੰਟਰਨੈੱਟ ਤੋਂ ਅਜਿਹੇ ਸਵਾਲਾਂ ਦੇ ਉੱਤਰ ਲੱਭਦੇ ਹਨ ਕਿ ਇਕ ਜਾਂ ਦੋ ਮਹੀਨਿਆਂ 'ਚ ਪੇਪਰਾਂ ਦੀ ਤਿਆਰੀ ਕਿਵੇਂ ਕਰੀਏ। ਕਈ ਬੱਚੇ ਤਾਂ ਅਜਿਹੇ ਹੁੰਦੇ ਹਨ, ਜੋ ਉਸ ਸਮੇਂ ਪੜ੍ਹਾਈ ਸ਼ੁਰੂ ਕਰਦੇ ਹਨ ਜਦੋਂ ਉਨ੍ਹਾਂ ਨੂੰ । ਲੱਗਣ ਲਗਦਾ ਹੈ ਕਿ ਹੁਣ ਤਾਂ ਪੜ੍ਹਨ ਤੋਂ ਬਿਨਾਂ ਕੋਈ ਚਾਰਾ ਨਹੀਂ। ਇਹ ਗੱਲ ਬਿਲਕੁਲ ਗ਼ਲਤ ਹੈ ਕਿਉਂਕਿ ਇੰਨਾ ਜ਼ਿਆਦਾ ਸਿਲੇਬਸ ਹੋਣ



ਕਰਕੇ ਇਸ ਨੂੰ ਕੁਝ ਦਿਨਾਂ ਵਿਚ ਪੂਰਾ ਨਹੀਂ ਕੀਤਾ ਜਾ ਸਕਦਾ। ਇਸ ਲਈ ਸਾਰਾ ਸਾਲ ਜੋ ਵੀ ਕਲਾਸ 'ਚ ਕਰਵਾਇਆ ਜਾਂਦਾ ਹੈ, ਉਸ ਦੀ ਤਿਆਰੀ ਕਰਦੇ ਰਹਿਣਾ ਚਾਹੀਦਾ ਹੈ ਤਾਂ ਜੋ ਪੇਪਰਾਂ 'ਚ ਕੋਈ ਪਰੇਸ਼ਾਨੀ ਨਾ ਆਵੇ।

ਕਦੇ ਇਹ ਨਾ ਸੋਚੋ ਕਿ ਪੇਪਰਾਂ ਦੇ ਨੇੜੇ ਪੜ੍ਹ ਲਵਾਂਗੇ। ਵੈਸੇ ਨਵਾਂ ਸਾਲ ਵਿਦਿਆਰਥੀਆਂ ਲਈ ਇਕ ਅਲਾਰਮ ਦੀ ਤਰ੍ਹਾਂ ਕੰਮ ਕਰਦਾ ਹੈ ਕਿ ਬੱਚਿਓ ਜਾਗ ਜਾਓ, ਹੁਣ ਤੁਹਾਡੇ ਇਮਤਿਹਾਨ ਨੇੜੇ ਆ ਗਏ ਹਨ। ਜਾਣਦੇ ਹਾਂ ਉਨ੍ਹਾਂ ਤਰੀਕਿਆਂ ਬਾਰੇ, ਜਿਨ੍ਹਾਂ ਨਾਲ ਤੁਸੀਂ ਘੱਟ ਸਮੇਂ ਵਿਚ ਜ਼ਿਆਦਾ ਪੜ੍ਹਾਈ ਕਰ ਸਕਦੇ ਹੋ।

**ਸਮਾਂ ਸਾਰਨੀ ਬਣਾ ਕੇ ਪੜ੍ਹੋ :** ਸਭ ਤੋਂ ਮਹੱਤਵਪੂਰਨ ਗੱਲ ਜੋ ਧਿਆਨ 'ਚ ਰੱਖਣ ਵਾਲੀ ਹੁੰਦੀ ਹੈ, ਉਹ ਹੈ ਸਮਾਂ ਸਾਰਨੀ। ਸਮਾਂ ਸਾਰਨੀ ਸੌਖਾ ਰਸਤਾ ਹੈ, ਜੋ ਤੁਹਾਨੂੰ ਪੜ੍ਹਨ ਲਈ ਸਮੇਂ ਦੀ ਸਹੀ ਵਰਤੋਂ ਕਰਨ 'ਚ ਸਹਾਇਤਾ ਕਰਦਾ ਹੈ। ਇੱਥੇ ਇਹ ਜ਼ਰੂਰੀ ਹੈ ਕਿ ਹਰ ਵਿਦਿਆਰਥੀ ਨੂੰ ਆਪਣੀ ਨਿੱਜੀ ਸਮਾਂ ਸਰਾਨੀ ਬਣਾ ਲੈਣੀ ਚਾਹੀਦੀ ਹੈ। ਹੋ ਸਕੇ ਤਾਂ ਇਸ ਨੂੰ ਆਪਣੇ ਕਮਰੇ ਵਿਚ ਦੀਵਾਰ ਉਤੇ ਚਿਪਕਾ ਲੈਣਾ ਚਾਹੀਦਾ ਹੈ। ਸਮਾਂ ਸਾਰਨੀ ਅਜਿਹੀ ਹੋਵੇ, ਜਿਸ 'ਚ ਤੁਹਾਡੀਆਂ ਨਿੱਜੀ ਜ਼ਿੰਮੇਵਾਰੀਆ ਨੂੰ ਵੀ ਜਗ੍ਹਾ ਮਿਲ ਸਕੇ ਤੇ ਤੁਹਾਨੂੰ ਇਸ ਅਨੁਸਾਰ ਕੰਮ ਕਰਨ ਵਿਚ ਕੋਈ ਪਰੇਸ਼ਾਨੀ ਨਾ ਆਵੇ। ਜੋ ਕੁਝ ਵੀ ਤੁਸੀ ਰੋਜ਼ਾਨਾ ਜ਼ਿੰਦਗੀ ਵਿਚ ਕਰਦੇ ਹੋ। ਉਸ ਨੂੰ ਧਿਆਨ ਵਿਚ ਰੱਖ ਕੇ ਸਮਾਂ ਸਾਰਨੀ ਤਿਆਰ ਕਰੋ।

**ਸਵੇਰ ਦਾ ਸਮਾਂ ਹੈ ਉਚਿਤ :** ਵੱਖ-ਵੱਖ ਵਿਸ਼ਿਆਂ ਨਾਲ ਸਬੰਧਤ ਜੋ ਵੀ ਸਮੱਗਰੀ ਤੁਹਾਡੇ ਕੋਲ ਮੁਹੱਈਆ ਹੈ, ਉਸ ਨੂੰ ਇਕ ਥਾਂ ’ਤੇ ਇਕੱਠੀ ਕਰ ਕੇ ਰੱਖ ਲਉਂ। ਇਸ ਤੋਂ ਬਾਅਦ ਤੁਸੀਂ ਅਜਿਹੇ ਸਮੇਂ ਦੀ ਚੋਣ ਕਰਨੀ ਹੈ, ਜਦੋਂ ਤੁਸੀਂ ਸਿਰਫ਼ ਪੜ੍ਹਾਈ 'ਤੇ ਹੀ ਆਪਣਾ ਧਿਆਨ ਕੇਂਦਰਿਤ ਕਰ ਸਕੋ। ਵੈਸੇ ਤਾਂ ਸਵੇਰ ਦਾ ਸਮਾਂ ਪੜ੍ਹਨ ਲਈ ਸਭ ਤੋਂ ਉਚਿਤ ਹੈ ਕਿਉਂਕਿ ਉਸ ਸਮੇਂ ਪੜ੍ਹਿਆ ਹੋਇਆ ਜਲਦੀ ਯਾਦ ਹੋ ਜਾਂਦਾ ਹੈ ਪਰ ਜੋ ਵੀ ਸਮਾਂ ਤੁਹਾਨੂੰ ਸਹੀ ਤੇ ਢੁੱਕਵਾਂ ਲਗਦਾ ਹੈ, ਉਸੇ ਨੂੰ ਪਹਿਲ ਦਿਉ।

**ਸੋਸ਼ਲ ਮੀਡੀਆ ਤੋਂ ਬਣਾ ਕੇ ਰੱਖੋ ਦੂਰੀ :** ਕੁਝ ਵਿਦਿਆਰਥੀ ਅਜਿਹੇ ਹੁੰਦੇ ਹਨ, ਜਿਨ੍ਹਾਂ ਦਾ ਪੜ੍ਹਾਈ ਵਿਚ ਜ਼ਰਾ ਵੀ ਮਨ ਨਹੀਂ ਲਗਦਾ। ਅੱਜ-ਕੱਲ੍ਹ ਦੇ ਸਮੇਂ ਵਿਚ ਇਸ ਦਾ ਕਾਰਨ ਸੋਸ਼ਲ ਵੈੱਬਸਾਈਟਾਂ, ਮੋਬਾਈਲ 'ਤੇ ਵੀਡੀਓਜ਼ ਦੇਖਣਾ, ਆਨਲਾਈਨ ਗੇਮਾਂ ਆਦਿ ਵੀ ਹੋ ਸਕਦੀਆਂ ਹਨ। ਇਸ ਲਈ ਪੜ੍ਹਾਈ ਲਈ ਅਨੁਕੂਲ ਵਾਤਾਵਰਨ ਬਣਾਉਣਾ ਜ਼ਰੂਰੀ ਹੈ। ਅਜਿਹੇ ’ਚ ਜ਼ਰੂਰੀ ਹੈ ਕਿ ਕੁਝ ਸਮੇਂ ਲਈ ਇਨ੍ਹਾਂ ਸੋਸ਼ਲ ਸਾਈਟਾਂ ਤੋਂ ਦੂਰੀ ਬਣਾ ਕੇ ਸ਼ਾਂਤਮਈ ਮਾਹੌਲ ਵਿਚ ਪੜ੍ਹਨਾ ਚਾਹੀਦਾ ਹੈ । ਪਰਿਵਾਰ ਵਾਲਿਆਂ ਨੂੰ ਵੀ ਚਾਹੀਦਾ ਹੈ ਕਿ ਜੇ ਬੱਚਾ ਪੜ੍ਹ ਰਿਹਾ ਹੈ ਤਾਂ ਵਾਰ-ਵਾਰ ਉਸ ਦੇ ਕਮਰੇ ਵਿਚ ਨਾ ਜਾਣ।

**ਪੜ੍ਹਨ ਦੌਰਾਨ ਕੁਝ ਮਿੰਟ ਕਰੋ ਆਰਾਮ :** ਪੜ੍ਹਨ ਸਮੇਂ ਵਿਚਾਲੇ ਬ੍ਰੇਕ ਵੀ ਜ਼ਰੂਰੀ ਹੈ ਕਿਉਂਕਿ ਤੁਸੀਂ ਕੋਈ ਰੋਬੋਟ ਨਹੀਂ ਹੋ ਕਿ ਕਈ ਘੰਟੇ ਬਿਨਾਂ ਆਰਾਮ ਤੋਂ ਪੜ੍ਹਦੇ ਰਹੋ। ਮਾਹਿਰਾਂ ਦੀ ਮੰਨੀਏ ਤਾਂ 45 ਮਿੰਟ ਪੜ੍ਹਨ ਤੋਂ ਬਾਅਦ 10- 15 ਮਿੰਟ ਦੀ ਬ੍ਰੇਕ ਜ਼ਰੂਰੀ ਹੈ। ਜੇ ਵਾਰ-ਵਾਰ ਪੜ੍ਹਨ 'ਤੇ ਵੀ ਤੁਹਾਨੂੰ ਕੁਝ ਗੱਲਾਂ ਸਮਝ ਨਹੀਂ ਆ ਰਹੀਆਂ ਤਾਂ ਆਪਣੇ ਅਧਿਆਪਕ ਜਾਂ ਸਹਿਪਾਠੀ ਦੀ ਮਦਦ ਲੈ ਸਕਦੇ ਹੋ। ਪੜ੍ਹਨ ਸਮੇਂ ਇਹ ਨਾ ਸੋਚੋ ਕਿ ਇਹ ਵਿਸ਼ਾ ਬਹੁਤ ਔਖਾ ਹੈ, ਮੈਂ ਇਸ ਨੂੰ ਨਹੀਂ ਪੜ੍ਹ ਸਕਾਂਗਾ ਤਾਂ ਉਸ ਨੂੰ ਛੱਡ ਦਿਉ ਸਗੋਂ ਚੰਗੇ ਨੰਬਰ ਲੈਣ ਲਈ ਮਨ ਲਗਾ ਕੇ ਪੜ੍ਹੋ।

**ਖ਼ੁਦ ਨੂੰ ਕਰੋ ਸਵਾਲ :** ਕੋਈ ਵੀ ਪਾਠ ਰਟਣ ਦੀ ਬਜਾਏ ਉਸ ਨੂੰ ਸਮਝਣ ਦਾ ਯਤਨ ਕਰੋ, ਤਾਂ ਜੋ ਉਹ ਤੁਹਾਡੇ ਦਿਮਾਗ਼ ਵਿੱਚੋਂ ਨਾ ਨਿਕਲੇ। ਕਦੇ ਵੀ ਪੈ ਕੇ ਨਾ ਪੜ੍ਹੋ ਕਿਉਂਕਿ ਇਸ ਤਰ੍ਹਾਂ ਤੁਸੀਂ ਪੜ੍ਹੋਗੇ ਘੱਟ ਤੇ ਸੌਂਵੋਗੇ " ਜ਼ਿਆਦਾ। ਅਖ਼ੀਰਲੇ ਦਿਨਾਂ ਵਿਚ ਨਵਾਂ ਪੜ੍ਹਨ ਦੀ ਬਜਾਏ ਦੁਹਰਾਈ 'ਤੇ ਧਿਆਨ ਦਿਉ। ਜੇ ਕੋਈ ਮਹੱਤਵਪੂਰਨ ਜਾਣਕਾਰੀ ਮਿਲਦੀ ਹੈ ਤਾਂ ਉਸ ਨੂੰ ਆਪਣੀ ਕਾਪੀ ਵਿਚ ਲਿਖ ਕੇ ਅੰਡਰਲਾਈਨ ਕਰੋ । ਵੱਖ- ਵੱਖ ਮਾਡਲ ਟੈਸਟ ਪੇਪਰਾਂ ਨੂੰ ਹੱਲ ਕਰੋ। ਖ਼ੁਦ ਨੂੰ ਸਵਾਲ ਕਰੋ ਕਿ ਜਿਸ ਟੀਚੇ ਨੂੰ ਤੁਸੀਂ ਪ੍ਰਾਪਤ ਕਰਨਾ ਚਾਹੁੰਦੇ ਹੋ, ਓਨੀ ਮਿਹਨਤ ਤੁਸੀਂ ਕਰ ਰਹੇ ਹੋ। ਜੇ ਨਹੀਂ ਤਾ ਅਜਿਹਾ ਕਿਉਂ?

**ਸਿਹਤ ਦਾ ਰੱਖ ਖ਼ਿਆਲ :** ਪੇਪਰਾਂ ਦੌਰਾਨ ਆਪਣੀ ਸਿਹਤ ਦਾ ਵੀ ਖ਼ਾਸ ਖਿਆਲ ਰੱਖ। ਕਿਸੇ ਤਰ੍ਹਾਂ ਦੇ ਤਣਾਅ ਤੋਂ ਦੂਰ ਰਹੋ। 7-8 ਘੰਟੇ ਦੀ ਨੀਂਦ ਬਹੁਤ ਜ਼ਰੂਰੀ ਹੈ ਕਿਉਂਕਿ ਥੱਕੇ ਹੋਏ ਸਰੀਰ ਨਾਲ ਪੜ੍ਹਾਈ ਵਿਚ ਵੀ ਮਨ ਨਹੀਂ ਲਗਦਾ। ਇਮਤਿਹਾਨ ਵਿਚ ਔਖੇ ਪ੍ਰਸ਼ਨਾਂ ਉਤੇ ਸਮਾਂ ਖ਼ਰਾਬ ਨਾ ਕਰੋ। ਜੋ ਪ੍ਰੇਸ਼ਨ ਤੁਹਾਨੂੰ ਚੰਗੀ ਤਰ੍ਹਾਂ ਆਉਂਦੇ ਹਨ, ਉਨ੍ਹਾਂ ਨੂੰ ਪਹਿਲਾਂ ਕਰੋ। ਮਾਨਸਿਕ ਤੌਰ 'ਤੇ ਵੀ ਖ਼ੁਦ ਨੂੰ ਤਿਆਰ ਰੱਖੋ ਕਿ ਜੇ ਪੇਪਰ ਵਿਚ ਕੁਝ ਸਿਲੇਬਸ ਤੋਂ ਬਾਹਰੋਂ ਆ ਜਾਵੇ ਜਾਂ ਫਿਰ ਪੜ੍ਹਿਆ ਹੋਇਆ ਯਾਦ ਨਾ ਆਵੇ ਤਾਂ ਤੁਸੀਂ ਘਬਰਾਉਣ ਦੀ ਬਜਾਏ ਕਿਸ ਤਰ੍ਹਾਂ ਹੱਲ ਕਰਨਾ ਹੈ।

**ਔਖੇ ਵਿਸ਼ੇ ਨੂੰ ਦਿਉ ਵੱਧ ਸਮਾਂ :** ਸਕੂਲ 'ਚ ਤਾਂ ਹਰ ਵਿਸ਼ੇ ਲਈ ਬਰਾਬਰ ਸਮਾਂ ਮਿਲਦਾ ਹੈ, ਚਾਹੇ ਤੁਹਾਨੂੰ ਸੌਖਾ ਲੱਗੇ ਜਾਂ ਔਖਾ ਪਰ ਘਰ 'ਚ ਤੁਸੀ ਉਸ ਵਿਸ਼ੇ ਨੂੰ ਵੱਧ ਸਮਾਂ ਦੇ ਸਕਦੇ ਹੋ, ਜਿਸ 'ਚ ਤੁਹਾਨੂੰ ਲਗਦਾ ਹੈ ਕਿ ਇਸ ਵਿਚ ਤੁਹਾਨੂੰ ਜ਼ਿਆਦਾ ਮਿਹਨਤ ਦੀ ਜ਼ਰੂਰਤ ਹੈ। ਕਈ ਵਾਰ ਵੇਖਣ 'ਚ ਆਉਂਦਾ ਹੈ, ਜਦੋਂ ਇਮਤਿਹਾਨ ਨਜ਼ਦੀਕ ਆ ਰਹੇ ਹੁੰਦੇ ਹਨ ਤਾਂ ਕਈ ਬੱਚੇ ਖਾਣਾ-ਪੀਣਾ ਵੀ ਛੱਡ ਦਿੰਦੇ ਹਨ। ਉਨ੍ਹਾਂ ਨੂੰ ਅਜਿਹਾ ਬਿਲਕੁਲ ਨਹੀਂ ਕਰਨਾ ਚਾਹੀਦਾ ਕਿਉਂਕਿ ਅਜਿਹਾ ਕਰਨ ਨਾਲ ਤੁਹਡੀ ਸਿਹਤ ਖ਼ਰਾਬ ਹੋ ਸਕਦੀ ਹੈ। ਜੇ ਤੁਸੀਂ ਬਿਮਾਰ ਪੈ ਜਾਓਗੇ ਤਾਂ ਫਿਰ ਇਮਤਿਹਾਨਾਂ ਦੀ ਤਿਆਰੀ ਵੀ ਚੰਗੀ ਤਰ੍ਹਾਂ ਨਹੀਂ ਕਰ ਸਕੋਗੇ।

**ਪ੍ਰੀਖਿਆਵਾਂ ਤੋਂ ਨਾ ਘਬਰਾ :** ਸਾਨੂੰ ਹਮੇਸ਼ਾ ਪ੍ਰੀਖਿਆ ਦਾ ਉਦੇਸ਼ ਸਮਝਣਾ ਚਾਹੀਦਾ ਹੈ। ਇਹ ਸਿਰਫ਼ ਇਕ ਮਾਪਦੰਡ ਹੁੰਦਾ ਹੈ, ਜਿਸ ਨਾਲ ਅਸੀਂ ਆਪਣੀ ਤਿਆਰੀ ਦੀ ਪਰਖ ਕਰ ਸਕਦੇ ਹਾਂ। ਇਹ ਕੋਈ ਜ਼ਿੰਦਗੀ ਦੀ ਆਖ਼ਰੀ ਪ੍ਰੀਖਿਆ ਨਹੀਂ ਹੁੰਦੀ। ਇਮਤਿਹਾਨਾਂ ਤੋਂ ਘਬਰਾਉਣਾ ਨਹੀਂ ਚਾਹੀਦਾ।

ਜੇਕਰ ਧਿਆਨ ਨਾਲ ਪੜ੍ਹੋਗੇ ਤਾਂ ਤੁਸੀਂ ਕਦੇ ਫੇਲ੍ਹ ਨਹੀਂ ਹੋ ਸਕਦੇ ਤੇ ਘੱਟ ਸਮੇਂ ਵਿਚ ਵੀ ਵਧੀਆ ਸਿਲੇਬਸ ਦੀ ਤਿਆਰੀ ਕਰ ਕੇ ਚੰਗੇ ਨੰਬਰ ਲੈ ਕੇ ਪਾਸ ਹੋ ਸਕਦੇ ਹੋ। ਹਮੇਸ਼ਾ ਇਕ ਗੱਲ ਯਾਦ ਰੱਖਿਓ ਕਿ ਜਿੰਨਾ ਔਖਾ ਸੰਘਰਸ਼ ਹੋਵੇਗਾ, ਓਨੀ ਹੀ ਸ਼ਾਨਦਾਰ ਉਸ ਦੀ ਜਿੱਤ ਹੋਵੇਗੀ। **- ਵਿਜੈ ਗਰਗ**

# ਬਾਬਾ ਦੀਪ ਸਿੰਘ ਜੀ ਸ਼ਹੀਦ (1682-1757)



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਸਿੱਖ ਧਰਮ ਇਕ ਸਮਾਜ ਸੁਧਾਰ ਲਹਿਰ ਹੈ। ਮਾਨਵਵਾਦੀ ਸੋਚ ਹੈ ਕਿ ਸਿੱਖ ਧਰਮ ਤੇ ਚਲਦਿਆਂ ਆਪਣੀ ਸਵੈ-ਰੱਖਿਆ ਅਤੇ ਸਵੈਮਾਣ ਵਾਲਾ ਜੀਵਨ ਜਿਊਣ ਲਈ ਤਿਆਰ ਹੋਣ। ਸਿਆਸੀ ਤਾਕਤ ਜਨ ਸਧਾਰਨ ਨੂੰ ਹਾਸਲ ਹੋਵੇ। ਇਸ ਲਈ ਦ੍ਰਿੜ੍ਹ ਨਿਸਚੈ ਵਾਲੀ ਅਗਵਾਈ ਦੀ ਜ਼ਰੂਰਤ ਸੀ। ਗੁਰੂ ਨਾਨਕ ਦੇਵ ਸਾਹਿਬ ਜੀ ਨੇ ਗ੍ਰਿਹਸਥ ਨੂੰ ਰੂਹਾਨੀ ਵਿਸਥਾਰ ਮੰਨਿਆ। ਸਮਾਜ ਨੂੰ ਝੂਠੇ-ਕਰਮਕਾਂਡਾਂ ਵਿਚੋਂ ਕੱਢ ਕੇ ਸਾਵੀਂ-ਪੱਧਰੀ ਜੀਵਨ ਜਾਚ ਸਿਖਾਈ। ਸਿੱਖ ਗੁਰੂ ਸਾਹਿਬਾਨ ਨੇ ਨਾਬਰਾਬਰੀ ਵਾਲੇ ਸਮਾਜ ਦੀ ਧਾਰਮਿਕ, ਸਮਾਜਿਕ ਤੇ ਸਿਆਸੀ ਦਸ਼ਾ ਨੂੰ ਬਦਲਿਆ। ਉਹਨਾਂ ਨੇ ਬੇਗਰਜ਼ ਸੇਵਾ ਤੇ ਜ਼ੋਰ ਦਿੱਤਾ। ਸਮੇਂ ਦੀਆਂ ਮੁਗਲ ਹਕੂਮਤਾਂ ਨੇ ਸਿੱਖੀ ਨੂੰ ਖਤਮ ਕਰਨ ਲਈ ਹਰ ਅਣ-ਮਨੁੱਖੀ ਹੀਲਾ ਵਰਤਿਆ। ਮੁਗਲ ਹਾਕਮਾਂ ਦੀ ਜਬਰੀ ਧਰਮ ਪ੍ਰੀਵਰਤਨ ਦੀ ਖ਼ੂਨੀ ਨੀਤੀ ਨੇ ਸਮਾਜਿਕ ਇਖਲਾਕ ਨੂੰ ਭਾਰੀ ਸੱਟ ਮਾਰੀ।

ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਮਾਨਵੀ ਬਰਾਬਰੀ ਲਈ ਖਾਲਸਾ ਪੰਥ ਸਾਜ਼ ਕੇ ਮੁਗਲ ਸਾਮਰਾਜ ਦੇ ਧਾਰਮਿਕ ਅਤੇ ਸਿਆਸੀ ਅੱਤਿਆਚਾਰ ਵਿਰੁੱਧ ਸੰਘਰਸ਼ ਕੀਤਾ। ਇਸ ਸਿਆਸੀ ਉਥਲ-ਪੁਥਲ ਵਿਚ ਗੁਰੂ ਸਾਹਿਬ ਜੀ ਨੂੰ ਆਨੰਦਪੁਰ ਛੱਡਣਾ ਪਿਆ। ਉਪਰੰਤ ਚਮਕੌਰ ਅਤੇ ਮੁਕਤਸਰ ਦੇ ਜੰਗ ਹੋਏ। ਗੁਰੂ ਸਾਹਿਬ ਜੀ ਤੋਂ ਬਾਅਦ ਡੇਢ ਸਾਲ ਵਿਚ ਹੀ ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਸਰਹਿੰਦ ਫਤਿਹ ਕਰ ਲਿਆ। ਜੂਨ 9, 1716 ਨੂੰ ਬਾਬਾ ਜੀ ਦੀ ਸ਼ਹੀਦੀ ਤੋਂ ਬਾਅਦ ਸਿੰਘਾਂ ਤੇ ਜ਼ੁਲਮ ਹੋਰ ਵੀ ਵੱਧ ਗਿਆ। ਪਰ ਖ਼ਾਲਸੇ ਨੇ ਗੁਰੂ ਗ੍ਰੰਥ ਸਾਹਿਬ ਜੀ ਨੇ ਨਿਸਚੈ ਰੱਖਿਆ। ਦ੍ਰਿੜ੍ਹ ਇਰਾਦੇ ਅਤੇ ਬਹਾਦਰੀ ਨਾਲ ਸਿੱਖ ਸੰਘ ਸੰਗਠਿਤ ਕਰ ਲਿਆ। ਮਹਾਰਾਜਾ ਰਣਜੀਤ ਸਿੰਘ ਜੀ ਨੇ 12 ਮਿਸਲਾਂ ਨੂੰ ਇਕੱਠਾ ਕਰਕੇ ਵਿਸ਼ਾਲ ਖਾਲਸਾ ਰਾਜ ਸਥਾਪਤ ਕਰ ਲਿਆ।

ਮਿਸਲ ਸ਼ਹੀਦਾਂ ਦੇ ਬਾਨੀ ਬਾਬਾ ਦੀਪ ਸਿੰਘ ਜੀ ਸਨ। ਇਸ ਮਿਸਲ ਦੇ ਕੋਲ ਸ਼ਾਹਜਾਦਪੁਰ, ਕੇਸਮੀ, ਰਨਖੰਡੀ, ਬੜਥਾ, ਜਮਾਈ-ਸਹਾਰਨਪੁਰ ਦੇ ਇਲਾਕੇ ਸਨ। ਆਪ ਜੀ ਦਾ ਜਨਮ 26 ਜਨਵਰੀ, 1682 ਈ: ਪਿੰਡ ਪਹੂਵਿੰਡ ਜ਼ਿਲ੍ਹਾ ਤਰਨ-ਤਾਰਨ ਦੇ ਸਧਾਰਨ ਪਰਿਵਾਰ ਭਾਈ ਭਗਤੂ ਅਤੇ ਮਾਤਾ ਜਿਊਣੀ ਦੇ ਘਰ ਹੋਇਆ। ਆਪ ਜੀ ਦਾ ਨਾਂ ਦੀਪਾ ਰੱਖਿਆ ਗਿਆ। ਜਦੋਂ 18 ਸਾਲ ਦੇ ਸਨ ਤਾਂ ਉਹ ਆਪਣੇ ਮਾਤਾ ਪਿਤਾ ਨਾਲ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਦਰਸ਼ਨਾਂ ਲਈ ਆਨੰਦਪੁਰ ਗਏ ਸਨ। ਕੁਝ ਦਿਨਾਂ ਬਾਅਦ ਉਹਨਾਂ ਦੇ ਮਾਪੇ ਤਾਂ ਪਿੰਡ ਪਰਤ ਗਏ, ਪਰ ਗੁਰੂ ਸਾਹਿਬ ਜੀ ਨੇ ਦੀਪੇ ਨੂੰ ਆਪਣੇ ਕੋਲ ਹੀ ਰੱਖ ਲਿਆ। ਨੌਜਵਾਨ ਦੀਪੇ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਲਈ ਤੇ ਨਾਂ ਦੀਪ ਸਿੰਘ ਹੋ ਗਿਆ।

ਉਹਨਾਂ ਨੇ ਸ਼ਾਸਤਰ ਅਤੇ ਸ਼ਸਤਰ ਵਿਦਿਆ ਵਿਚ ਮਾਨਤਾ ਪ੍ਰਾਪਤ ਕਰ ਲਈ। ਤਦ 22 ਸਾਲ ਦੀ ਉਮਰ ਵਿਚ ਵਿਦਵਾਨ ਭਾਈ ਮਨੀ ਸਿੰਘ ਜੀ ਪਾਸੋਂ ਗੁਰਬਾਣੀ ਦਾ ਗਿਆਨ ਪ੍ਰਾਪਤ ਕੀਤਾ। ਆਪ ਇਕ ਅਭਿਆਸੀ ਸੰਤ ਸਿਪਾਹੀ ਸਨ। ਗਠੀਲਾ ਸਰੀਰ, ਮਜ਼ਬੂਤ ਇਰਾਦਾ, ਸੂਰਮੇ ਜਿਹਾ ਜਲਾਲ ਅਤੇ ਨਿਪੁੰਨ ਯੋਧੇ, ਵਿਦਵਾਨ, ਲਿਖਾਰੀ ਅਤੇ ਕੀਰਤਨੀਏ ਬਣ ਗਏ ਸਨ। ਕੁਝ ਸਮੇਂ ਲਈ ਪਿੰਡ ਪਰਤ ਗਏ ਸਨ। ਉਥੇ ਉਹਨਾਂ ਆਪਣੇ ਇਲਾਕੇ ਵਿਚ ਸਿੱਖ ਧਰਮ ਦਾ ਬੜਾ ਪ੍ਰਚਾਰ ਕੀਤਾ। ਸੰਗਤਾਂ ਵਿਚ ਆਪ ਜੀ ਦਾ ਬੜਾ ਪ੍ਰਭਾਵ ਬਣ ਗਿਆ ਸੀ।

ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਗੁਰ-ਪਿਤਾ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਗ੍ਰੰਥ ਸਾਹਿਬ ਜੀ ਵਿਚ ਦਰਜ ਕੀਤੀ ਤਾਂ ਬਾਬਾ ਜੀ ਨੇ ਭਾਈ ਮਨੀ ਸਿੰਘ ਜੀ ਨਾਲ ਸਹਿਯੋਗ ਕੀਤਾ। ਆਪ ਜੀ ਨੇ ਗ੍ਰੰਥ ਸਾਹਿਬ ਜੀ ਦੇ ਚਾਰ ਉਤਾਰੇ ਚਾਰ ਤਖਤਾਂ ਨੂੰ ਭੇਜੇ ਸਨ। ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੂੰ ਦੱਖਣ ਵਲ ਵਧਣਾ ਸੀ, ਤਾਂ ਦਮਦਮਾ ਸਾਹਿਬ ਦੀ ਜ਼ਿੰਮੇਵਾਰੀ ਬਾਬਾ ਜੀ ਨੂੰ ਸੌਂਪ ਦਿੱਤੀ ਸੀ।



ਜੰਗੀ ਜੀਵਨ ਵਿਚ ਬਾਬਾ ਜੀ ਨੇ ਬਾਬਾ ਬੰਦਾ ਸਿੰਘ ਜੀ ਬਹਾਦਰ ਨਾਲ ਜੰਗਾਂ ਵਿਚ ਹਿੱਸਾ ਲਿਆ ਅਤੇ ਭਰਪੂਰ ਸਾਥ ਦਿੱਤਾ। ਬਾਬਾ ਜੀ ਦੀ ਬਹਾਦਰੀ ਤੋਂ ਦੁਸ਼ਮਣ ਡਰ ਕੇ ਦੌੜ ਜਾਂਦੇ ਸਨ। ਆਪ ਜੀ ਦਾ ਜਥਾ 'ਸ਼ਹੀਦੀ ਜਥਾ' ਵਜੋਂ ਮਸ਼ਹੂਰ ਹੋਇਆ। ਸੰਨ 1738 ਵਿਚ ਜਕਰੀਆ ਖਾਨ ਨੇ ਅੰਮ੍ਰਿਤਸਰ ਦੇ ਸਾਰੇ ਰਸਤੇ ਬੰਦ ਕਰ ਦਿੱਤੇ। ਸਿੰਘ ਮਾਲਵੇ ਵੱਲ ਵੱਧ ਗਏ। ਇਸ ਤੋਂ ਬਾਅਦ ਹੋਈਆਂ ਝੜੱਪਾਂ ਵਿਚ ਲਖਪਤ ਰਾਏ ਦਾ ਭਤੀਜਾ ਦੂਨੀ ਚੰਦ ਮਾਰਿਆ ਗਿਆ। ਭਾਈ ਮਨੀ ਸਿੰਘ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ। ਅਗਸਤ 11, 1740 ਨੂੰ ਭਾਈ ਸੁੱਖਾ ਸਿੰਘ, ਭਾਈ ਮਹਿਤਾਬ ਸਿੰਘ ਨੇ ਮੱਸੇ ਰੰਗੜ ਜੋ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਬੇਅਦਬੀ ਦਾ ਦੋਸ਼ੀ ਸੀ, ਨੂੰ ਸਬਕ ਸਿਖਾਉਣ ਲਈ ਬੀਕਾਨੇਰ ਤੋਂ ਤੁਰੇ ਤਾਂ ਉਹ ਰਸਤੇ ਵਿਚ ਬਾਬਾ ਜੀ ਕੋਲ ਦਮਦਮਾ ਸਾਹਿਬ ਠਹਿਰੇ ਤੇ ਮੱਸੇ ਰੰਗੜ ਦਾ ਸਿਰ ਨੇਜ਼ੇ ਤੇ ਟੰਗ ਕੇ ਵਾਪਸੀ ਤੇ ਵੀ ਦਮਦਮਾ ਸਾਹਿਬ ਠਹਿਰੇ ਸਨ।

ਅਹਿਮਦ ਸ਼ਾਹ ਅਬਦਾਲੀ ਨੇ 1755-56 ਵਿਚ ਚੌਥੀ ਵਾਰ ਭਾਰਤ ਤੇ ਹਮਲਾ ਕੀਤਾ। ਉਸਦੇ ਸੈਨਿਕ ਸੋਨਾ ਚਾਂਦੀ ਤੇ ਹੋਰ ਕੀਮਤੀ ਸਮਾਨ ਅਤੇ ਹਜ਼ਾਰਾਂ ਔਰਤਾਂ ਵੀ ਲੈ ਤੁਰੇ। ਬਾਬਾ ਜੀ ਦਾ ਜਥਾ ਮਾਰਕੰਡਾ ਨਦੀ ਤੇ ਤਾਇਨਾਤ ਸੀ। ਸਿੰਘਾਂ ਨੇ ਅਬਦਾਲੀ ਦੇ ਸਿਪਾਹੀਆਂ 'ਤੇ ਹਮਲਾ ਕਰ ਦਿੱਤਾ। ਸਾਰਾ ਸਮਾਨ ਲੁੱਟ ਲਿਆ ਤੇ ਔਰਤਾਂ ਨੂੰ ਸੁਰ-ਖਿਅਤ ਉਹਨਾਂ ਦੇ ਘਰਾਂ ਤੱਕ ਪਹੁੰਚਾਇਆ।

ਅਬਦਾਲੀ ਨੇ 1757 ਵਿਚ ਜਹਾਨ ਖਾਂ ਨੂੰ ਅੰਮ੍ਰਿਤਸਰ ਦਾ ਹਾਕਮ ਨਿਯੁਕਤ ਕੀਤਾ।ਉਸਨੇ ਮਈ 1757 ਵਿਚ ਅੰਮ੍ਰਿਤਸਰ ਨੂੰ ਲੁੱਟਿਆ। ਅੰਮ੍ਰਿਤਸਰ ਦੇ ਮੁਖੀ ਜਮਾਲ ਖਾਂ ਨੇ ਦਰਬਾਰ ਸਾਹਿਬ ਦੀ ਬੇਅਦਬੀ ਅਤੇ ਪਵਿੱਤਰ ਸਰੋਵਰ ਨੂੰ ਵੀ ਪੂਰ ਦਿੱਤਾ। ਉਸਨੇ ਰਾਮ-ਰੌਣੀ ਦੇ ਕਿਲੇ ਨੂੰ ਵੀ ਢਾਹ ਦਿੱਤਾ। ਇਸ ਬੇਪੱਤੀ ਦੀ ਖ਼ਬਰ ਬਾਬਾ ਜੀ ਨੂੰ ਜਥੇਦਾਰ ਭਾਗ ਸਿੰਘ ਜੀ ਤੋਂ ਤਲਵੰਡੀ ਸਾਬੋ ਮਿਲੀ ਤਾਂ ਬਾਬਾ ਜੀ ਨੇ ਰੋਹ ਵਿਚ ਆ ਕੇ ਪਵਿੱਤਰਤਾ ਭੰਗ ਕਰਨ ਵਾਲਿਆਂ ਨਾਲ ਟੱਕਰ ਲੈਣ ਦਾ ਐਲਾਨ ਕਰ ਦਿੱਤਾ। ਉਹਨਾਂ ਸਿੰਘਾਂ ਨੂੰ ਕਿਹਾ ਚਲੋ ਹੁਣ ਬੰਦੀ ਛੋੜ ਦਿਵਸ ਅੰਮ੍ਰਿਤਸਰ ਹੀ ਮਨਾਇਆ ਜਾਵੇਗਾ। ਅਣਗਿਣਤ ਸਿੰਘ ਬਾਬਾ ਜੀ ਦੀ ਅਗਵਾਈ ਹੇਠ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਰੱਖਿਆ ਲਈ ਇਕੱਠੇ ਹੋ ਗਏ। ਉਹ ਜਥਾ ਅੰਮ੍ਰਿਤਸਰ ਵੱਲ ਵੱਧ ਗਿਆ। ਰਸਤੇ ਵਿਚ ਜਦੋਂ ਤਰਨਤਾਰਨ ਵਿਚ ਜੋ ਮਰ ਮਿਟਣ ਤੇ ਸ਼ਹੀਦ ਹੋਣ ਲਈ ਤਿਆਰ ਹਨ, ਉਹ ਹੀ ਸਾਡੇ ਨਾਲ ਤੁਰਨ। ਸਾਰੇ ਸਿੰਘ ਬਾਬਾ ਜੀ ਨਾਲ ਤੁਰ ਪਏ।

ਜਹਾਨ ਖਾਂ ਨੇ ਵੀ 20 ਹਜ਼ਾਰ ਦੀ ਫੌਜ ਨੇ ਕੇ ਤਰਨਤਾਰਨ ਵੱਲ ਵਧਣਾ ਸ਼ੁਰੂ ਕਰ ਦਿੱਤਾ। ਅੰਮ੍ਰਿਤਸਰ ਤੋਂ ਪੰਜ ਮੀਲ ਦੂਰ ਪਿੰਡ ਗੋਹਲਵਾੜ ਜਾ ਕੇ ਬਾਬਾ ਜੀ ਨੇ ਦੁਸ਼ਮਣ ਦੀ ਫੌਜ ਨੂੰ ਲਲਕਾਰਿਆ, ਜਿੱਥੇ ਗੁਰਦੁਆਰਾ 'ਲਲਕਾਰ ਸਾਹਿਬ' ਸਥਿਤ ਹੈ। ਜਹਾਨ ਖਾਂ ਨੇ ਵੀ ਅਤਾਈ ਖਾਨ ਨੂੰ ਹਮਲਾ ਕਰਨ ਦਾ ਹੁਕਮ ਦੇ ਦਿੱਤਾ। ਜਹਾਨ ਖਾਨ ਆਪ ਵੀ ਘੋੜ ਸਵਾਰ ਫੌਜ ਨੇ ਕੇ ਗੋਹਲਵਾਲ ਪਹੁੰਚ ਗਿਆ। ਸਿੰਘਾਂ ਅਤੇ ਅਫਗਾਨਾਂ ਵਿਚ ਲਹੂ ਡੋਲਵੀਂ ਜੰਗ ਹੋਈ। ਅਫਗਾਨ ਫੌਜ ਸਿੰਘਾਂ ਦਾ ਸਾਹਮਣਾ ਨਾ ਕਰ ਸਕੀ। ਗਹਿਗੱਚ ਜੰਗ ਹੋਈ। ਸਿੰਘ ਇਕ ਇਕ ਕਰਕੇ ਸ਼ਹੀਦ ਹੋਣ ਲੱਗੇ। ਜੰਗ ਹੁਣ ਚਰਮ ਸੀਮਾ ਤੇ ਆ ਕੇ ਹੋਰ ਵੀ ਭਿਅੰਕਰ ਹੋ ਗਈ। ਦੂਰ-ਦੂਰ ਤੱਕ ਲਾਸ਼ਾਂ ਦੇ ਢੇਰ ਸਨ। ਇਸ ਸਮੇਂ ਤੱਕ ਯਾਕੂਬ ਖਾਂ ਅਤੇ ਸਾਬਕ ਅਲੀ ਖਾਂ ਵੀ ਮੁਕਾਬਲੇ 'ਤੇ ਆ ਗਏ। ਸਿੰਘ ਇੰਨੀ ਬਹਾਦਰੀ ਨਾਲ ਲੜੇ ਕਿ ਦੁਸ਼ਮਣ ਦੀਆਂ ਫੌਜਾਂ ਚਾਰੇ ਪਾਸਿਆਂ ਤੋਂ ਭੱਜਣ ਲੱਗੀਆਂ। ਸਿੰਘ ਅੰਮ੍ਰਿਤਸਰ ਵੱਲ ਵਧਦੇ ਗਏ। ਬਾਬਾ ਜੀ ਆਪਣਾ 18 ਸੇਰ ਦਾ ਖੰਡਾ (ਦੋਧਾਰੀ ਤਲਵਾਰ) ਖੜਖੜਾਉਂਦੇ ਰਾਮਸਰ ਕੋਲ ਪਹੁੰਚ ਗਏ। ਉਹ ਵੈਰੀਆਂ ਨੂੰ ਮੁਕਾਉਂਦੇ ਜਾ ਰਹੇ ਸਨ।

ਯਾਕੂਬ ਖਾਂ ਅਤੇ ਬਾਬਾ ਜੀ ਵਿਚਕਾਰ ਫਸਵੀਂ ਟੱਕਰ ਹੋਈ। ਬਾਬਾ ਜੀ ਦੇ ਵਾਰ ਨਾਲ ਯਾਕੂਬ ਖਾਂ ਢੇਰੀ ਹੋ ਗਿਆ। ਤਦ ਅਸਮਾਨ ਖਾਂ ਜੰਗ ਦੇ ਮੈਦਾਨ ਵਿਚ ਆ ਗਿਆ। ਬਾਬਾ ਜੀ ਦੀ ਉਸ ਨਾਲ ਆਹਮੋ-ਸਾਹਮਣੇ ਦੀ ਟੱਕਰ ਹੋ ਗਈ। ਇਕ ਸਾਂਝੇ ਵਾਰ ਵਿਚ ਅਸਮਾਨ ਖਾਂਮਾਰਿਆ ਗਿਆ। ਬਾਬਾ ਜੀ ਦੀ ਗਰਦਨ 'ਤੇ ਡੂੰਘਾ ਘੱਟ ਲੱਗਾ। ਉਹਨਾਂ ਦੀ ਗਰਦਨ ਲਗਭਗ ਵੱਖ ਹੋਣ 'ਤੇ ਸੀ। ਬਾਬਾ ਜੀ ਨੇ ਖੱਬੇ ਹੱਥ ਦੀ ਟੇਕ ਨਾਲ ਸੀਸ ਨੂੰ ਸੰਭਾਲਿਆ ਅਤੇ ਸੱਜੇ ਹੱਥ ਨਾਲ ਖੰਡਾ ਖੜਕਾਉਂਦੇ ਲੜਦੇ ਗਏ। ਦੁਸ਼ਮਣਾਂ ਦੇ ਆਹੂ ਲਾਹੁੰਦੇ ਗਏ। ਸੱਚਖੰਡ ਹਰਿਮੰਦਰ ਸਾਹਿਬ ਜੀ ਦੀ ਪ੍ਰਕਰਮਾ ਤੱਕ ਜਾ ਪਹੁੰਚੇ। ਬਾਬਾ ਜੀ 15 ਨਵੰਬਰ 1757 ਨੂੰ ਸੱਚਖੰਡ ਹਰਿਮੰਦਰ ਸਾਹਿਬ ਜੀ ਦੀ ਪ੍ਰਕਰਮਾ ਵਿਚ ਸ਼ਹੀਦੀ ਪਾ ਗਏ।

ਬਾਬਾ ਜੀ ਇਕ ਸੰਜਮੀ ਯੋਧੇ ਸਨ। ਦੁਸ਼ਮਣ ਉਹਨਾਂ ਦੀ ਬਹਾਦਰੀ ਤੋਂ ਥਰ ਥਰ ਕੰਬਦੇ ਸਨ। ਉਹਨਾਂ ਨੂੰ ਆਪਣੀ ਬਹਾਦਰੀ ਦਾ ਹੰਕਾਰ ਨਹੀਂ ਸੀ। ਉਹ ਆਪਣੇ ਸਾਥੀ ਸਿੰਘਾਂ ਨਾਲ ਹਰਿਮੰਦਰ ਸਾਹਿਬ ਜੀ ਦੀ ਮਰਿਆਦਾ ਨੂੰ ਬਹਾਲ ਰੱਖਣ ਲਈ ਸ਼ਹੀਦ ਹੋਏ। ਉਹ ਬਹਾਦਰ ਅਤੇ ਦਲੇਰ ਸ਼ਹੀਦ ਵਜੋਂ ਯਾਦ ਕੀਤੇ ਜਾਂਦੇ ਹਨ।

ਉਹਨਾਂ ਨੇ ਕੌਮ ਨੂੰ ਜ਼ੁਲਮ ਦੇ ਵਿਰੁੱਧ ਲੜਦੇ ਰਹਿਣ ਲਈ ਉਤਸ਼ਾਹਿਤ ਕੀਤਾ। ਉਹਨਾਂ ਦੀ ਯਾਦ ਵਿਚ ਹਰਿਮੰਦਰ ਸਾਹਿਬ ਜੀ ਦੀ ਪ੍ਰਕਰਮਾ ਵਾਲੀ ਛੱਤ ਤੇ ਜਿੱਥੇ ਉਹਨਾਂ ਨੇ ਆਪਣਾ ਸੀਸ ਭੇਂਟ ਕੀਤਾ ਗੁਰਦੁਆਰਾ ਹੈ। ਦੂਜਾ ਸ਼ਹੀਦਗੰਜ ਬਾਬਾ ਦੀਪ ਸਿੰਘ ਸ਼ਹੀਦ ਗੁਰਦੁਆਰਾ ਰਾਮਸਰ ਦੇ ਨੇੜੇ ਜਿੱਥੇ ਦੇਹ ਸਸਕਾਰ ਹੋਇਆ ਸੁਸ਼ੋਭਿਤ ਹੈ। ਬਾਬਾ ਜੀ ਦਾ ਦੋਧਾਰੀ ਖੰਡਾ ਅਕਾਲ ਤਖਤ ਸਾਹਿਬ ਜੀ ਦੇ ਸ਼ਸਤਰਾਂ ਵਿਚ ਸੰਭਾਲਿਆ ਪਿਆ ਹੈ। ਹਰ ਰੋਜ਼ ਸ਼ਾਮ ਨੂੰ ਸ਼ਸਤਰਾਂ ਦੇ ਦਰਸ਼ਨ ਬੜੀ ਸ਼ਰਧਾ ਭਾਵਨਾ ਨਾਲ ਸੰਗਤਾਂ ਨੂੰ ਕਰਵਾਏ ਜਾਂਦੇ ਹਨ।

ਅੰਤਿਕਾ: ਹੇ ਭਾਈ ਜੇ ਤੈਨੂੰ ਪ੍ਰਭੂ ਪ੍ਰੇਮ ਦੀ ਖੇਡ ਖੇਡਣ ਦਾ ਸ਼ੌਂਕ ਹੈ, ਤਾਂ ਆਪਣਾ ਸਿਰ ਤਲੀ ਉਤੇ ਰੱਖ ਕੇ ਮੇਰੀ ਗਲੀ ਵਿਚ ਆ। ਲੋਕ-ਲਾਜ਼ ਨੂੰ ਛੱਡ ਕੇ, ਹਉਮੈ ਦੂਰ ਕਰਕੇ ਆ।

ਪ੍ਰਭੂ ਪ੍ਰੀਤ ਦੇ ਇਸ ਰਸਤੇ ਉਤੇ ਤਦੋਂ ਹੀ ਪੈਰ ਧਰਿਆ ਜਾ ਸਕਦਾ ਹੈ, ਜਦੋਂ ਸਿਰ ਭੇਂਟ ਕੀਤਾ ਜਾਵੇ। ਪਰ ਕੋਈ ਝਿਜਕ ਨਾ ਕੀਤੀ ਜਾਵੇ। ਜਦੋਂ ਬਿਨਾਂ ਝਿਜਕ ਦੇ ਲੋਕ ਲਾਜ਼ ਅਤੇ ਹਉਮੈ ਛੱਡੀ ਜਾਵੇ। - ਅੰਗ 1412

# ਲਹਿੰਦੇ ਪੰਜਾਬ ਦੇ ਬਲੋਗਸ..

ਹਰਪ੍ਰੀਤ ਸਿੰਘ ਜਵੰਦਾ

ਓਧਰ ਦਾ ਮਾਹੌਲ ਅਜੇ ਵੀ ਏਧਰ ਦੇ ਤੀਹ ਪੈਂਤੀ ਸਾਲ ਪਹਿਲੋਂ ਦੇ ਪਿੰਡਾਂ ਦੇ ਰਹਿਣ ਸਹਿਣ ਵਰਗਾ।।ਓਧਰ ਲੋਕ ਅਜੇ ਵੀ ਓਥੋਂ ਉੱਠ ਗਏ ਸਿਖਾਂ ਨੂੰ ਯਾਦ ਕਰਦੇ ਰਹਿੰਦੇ..!

ਇੱਕ ਬਾਬਾ ਜੀ ਅਖ਼ੇ ਓਦੋਂ ਨਿੱਕਾ ਹੁੰਦਾ ਸਾਂ.. ਕੇਰਾਂ ਮਾਂ ਛੱਪੜ ਵੱਲ ਕੱਪੜੇ ਧੋਣ ਚੱਲੀ.. ਮੈਂ ਮਗਰ ਥਾਪੀ ਤੇ ਦਾਬੜਾ ਚੁੱਕ ਤੁਰਿਆ ਜਾਵਾਂ.. ਮੇਰੇ ਮਗਰ ਮੇਰੀ ਵੱਡੀ ਭਰਜਾਈ.. ਲੰਮਾਂ ਸਾਰਾ ਲਮਕਵਾਂ ਘੁੰਡ.. ਅੱਗੋਂ ਸਰਦਾਰ ਗੁਰਦੀਪ ਸਿੰਘ ਆਪਣੀ ਹਵੇਲੀ ਵਿਚੋਂ ਨਿੱਕਲ ਆਇਆ.. ਪਰ ਸਾਨੂੰ ਵੇਖ ਪਿਛਲੇ ਪੈਰੀ ਵਾਪਿਸ ਮੁੜ ਗਿਆ.. ਅੰਮੀਂ ਖਲੋ ਗਈ.. ਪਿਛਾਂਹ ਭਓਂ ਕੇ ਆਖਣ ਲੱਗੀ ਓਏ ਵੇਖਿਆ ਜੇ ਸਾਡੇ ਪਿੰਡ ਦੇ ਸਰਦਾਰ ਕਿੰਨੇ ਚੰਗੇ ਨੇ.. ਜਦੋਂ ਵੇਖਿਆ ਅੱਗਿਓਂ ਬੀਬੀ ਨੂਰਾਂ ਦੀ ਨੂੰਹ ਤੁਰੀ ਆਉਂਦੀ। ਓਸੇ ਵੇਲੇ ਪਿਛਾਂਹ ਪਰਤ ਗਿਆ.. ਨਾਲੇ ਗੱਚ ਭਰ ਆਇਆ..!

ਇੱਕ ਦੱਸਣ ਲੱਗਾ ਅਸੀਂ ਕੰਮੀ ਕਮੀਣ.. ਸਰਦਾਰਾਂ ਦੇ ਘਰਾਂ ਵਿਚ ਗੋਹਾ ਕੂੜਾ ਕਰਦੇ ਹੁੰਦੇ ਸਾਂ.. ਪਰ ਮਜਾਲ ਸਾਡੀ ਕਿਸੇ ਧੀ ਧਿਆਣੀ ਵੱਲ ਨਜਰ ਚੁੱਕ ਵੀ ਵੇਖਿਆ ਹੋਵੇ। ਕੇਰਾਂ ਸਰਦਾਰ ਕੋਲ ਆਇਆ.. ਅਖ਼ੇ ਰਸ਼ੀਦਿਆ ਤੇਰੀ ਧੀ ਮੁਟਿਆਰ ਹੋ ਗਈ। ਇਸਨੂੰ ਵਿਆਹ ਦੇ.. ਅੱਗਿਓਂ ਹੱਥ ਜੋੜ ਦਿੱਤੇ। ਸਰਦਾਰਾ ਕੋਲ ਤੇ ਕੁਝ ਵੀ ਹੈਨੀ.. ਵਿਆਹਾਂ ਕਿੱਦਾਂ?

ਭੜੋਲੇ ਵੱਲ ਉਂਗਲ ਕਰ ਦਿੱਤੀ.. ਜਿੰਨੇ ਦਾਣੇ ਚਾਹੀਦੇ ਨੇ ਕੱਢ ਲੈ.. ਨਾਲੇ ਜਿਹੜੀ ਮਰਜੀ ਝੋਟੀ ਖੋਲ ਲੈ.. ਵਿਆਹ ਤੀਕਰ ਲਵੇਰਾ ਚੁੰਘੀ ਜਾਵੀਂ ਤੇ ਮਗਰੋਂ ਦਾਜ ਨਾਲ ਤੋਰ ਦੇਵੀਂ.. ਪਰ ਵਿਆਹ ਤੋਂ ਪਹਿਲੋਂ ਹੀ ਉਜਾੜੇ ਪੈ ਗਏ.. ਸਾਰਾ ਕੁਝ ਇਥੇ ਛੱਡ ਗਿਆ.. ਅਸਾਂ ਕਿੰਨਾ ਚਿਰ ਅਮਾਨਤ ਸਾਂਭੀ ਰੱਖੀ!

ਓਧਰ ਅਜਾਦੀ ਤੇ ਦੂਰ ਦੀ ਗੱਲ.. ਕੋਈ ਵੰਡ ਲਫਜ ਵੀ ਨਹੀਂ ਸੀ ਵਰਤਦਾ.. ਸਭ ਉਜਾੜਾ ਆਖਦੇ!

ਲਾਹੌਰੋਂ ਕਸੂਰ ਬਾਨਵੇਂ ਕਿਲੋਮੀਟਰ ਦੂਰ ਬੁੱਲੇ ਸ਼ਾਹ ਦੀ ਮਜਾਰ.. ਓਸੇ ਹਾਈਵੇ ਤੇ ਤਕਰੀਬਨ ਚਾਲੀ ਕਿਲੋਮੀਟਰ ਦੂਰ ਪਿੰਡ ਲਲਿਆਣੀ ਦਾ ਅੱਡਾ.. ਦਾਣੇ ਭੁੰਨਦੀ ਬੇਬੇ.. ਲੱਪ ਦਾਣਿਆਂ ਦੀ ਦੇ ਕੇ ਪੈਸੇ ਨਾ ਲਵੇ.. ਆਖੇ ਚੜ੍ਹਦੇ ਤੋਂ ਆਏ ਓ.. ਮੈਨੂੰ ਪੀੜਾਂ ਦਾ ਪਰਾਗਾ ਭੁੰਨਦੀ ਸ਼ਿਵ ਦੇ ਗੀਤਾਂ ਵਾਲੀ ਮਾਈ ਵਰਗੀ ਪ੍ਰਤੀਤ ਹੋਈ ਜਾਵੇ..!

ਲੱਲਿਆਨੀ ਪਿੰਡ.. ਆਖਰੀ ਲੜਾਈ ਮਗਰੋਂ ਜਦੋਂ ਅੰਗਰੇਜ ਪੰਜਾਬ ਤੇ ਕਾਬਜ ਹੋਏ ਤਾਂ ਸਰਕਾਰ-ਏ-ਖਾਲਸਾ ਦੀ ਆਖਰੀ ਟੁਕੜੀ ਨੇ ਇਥੇ ਹੀ ਹਥਿਆਰ ਸੁੱਟੇ ਸਨ..!

ਇਥੇ ਅੱਗੇ ਐਨ ਬਾਡਰ ਤੇ ਪਿੰਡ ਕਾਦੀਵਿੰਡ.. ਭਾਈ ਸੋਹਣ ਸਿੰਘ ਸ਼ੀਤਲ ਦਾ ਪਿੰਡ.. ਉਸਦਾ ਨਿੱਕਾ ਜਿਹਾ ਕਮਰਾ.. ਓਥੇ ਹੁਣ ਡੰਗਰ ਬੱਝਦੇ.. ਤੂਤਾਂ ਵਾਲਾ ਖੂਹ.. ਦੁਖੀਏ ਮਾਂ ਪੁੱਤ.. ਹੋਰ ਵੀ ਕਿੰਨਾ ਕੁਝ ਇਥੇ ਹੀ ਸਿਰਜਿਆ ਹੋਵੇਗਾ.. !

ਪਿੰਡੋਂ ਬਾਹਰਵਾਰ ਚੋਥੀ ਪਾਤਸ਼ਾਹੀ ਦਾ ਗੁਰੂਦੁਆਰਾ.. ਜਿਸਦੀ ਪੈਲੀ ਵਿੱਚ ਬਣਿਆ ਉਸ ਨੇ ਢਾਹਿਆ ਨਹੀਂ.. ਲਗਾਤਾਰ ਸਾਫ ਸਫਾਈ ਕਰਦਾ.. ਸਾਰਾ ਟੱਬਰ ਸਾਂਭ ਸੰਭਾਲ ਕਰਦਾ!

ਬਾਬੇ ਬੁੱਲੇ ਸ਼ਾਹ ਦੀ ਮਜਾਰ ਤੇ ਕਾਫੀ ਗਾਉਂਦਾ ਇੱਕ ਕਵਾਲ ਟੋਲਾ.. ਓਹੀ ਮਾਹੌਲ.. ਓਹੀ ਆਲਾ ਦਵਾਲਾ.. ਛੱਜੂ ਦਾ ਚੁਬਾਰਾ.. ਹੀਰ ਰਾਂਝੇ ਦੀ ਕਬਰ.. ਸਭ ਕੁਝ ਵੇਖਿਆ!

ਟੋਭਾ ਟੇਕ ਸਿੰਘ ਵਾਲਾ ਸਆਦਤ ਹਸਨ ਮੰਟੋ.. ਅੱਜ ਦੇ ਦਿਨ ਯਾਨੀ 18 ਜਨਵਰੀ ਉਨੀਂ ਸੌ ਚੁਰੰਞਾ ਨੂੰ ਫੌਤ ਹੋਇਆ ਸੀ.. ਟੋਬਾ ਟੇਕ ਸਿੰਘ ਟੇਸ਼ਨ ਅਜੇ ਵੀ ਓਸੇ ਹਾਲਤ ਵਿਚ.. ਕੋਲ ਛੱਪੜ ਹੁਣ ਭਾਵੇਂ ਸੁੱਕ ਗਿਆ ਪਰ ਮਿੱਟੀ ਦੇ ਭਾਂਡੇ ਗਲਾਸ ਗਲਾਸ ਓਸੇ ਤਰਾਂ ਰੱਖੇ.. ਬੜਾ ਮਾਨ ਸਤਿਕਾਰ ਦਿੰਦੇ.. ਗੁਲਾਬ ਦੀਆਂ ਪੱਤੀਆਂ ਸਾਰੇ ਰਾਹ ਖਿਲਾਰੀ ਜਾਂਦੇ.. ਕਿਸੇ ਧੀ ਧਿਆਣੀ ਨੂੰ ਪਿਆਰ ਦੇਣਾ ਹੋਵੇ ਤਾਂ ਸਿਰ ਤੇ ਹੱਥ ਫੇਰ ਕੇ.. ਪਿੱਠ ਤੇ ਹੱਥ ਕੋਈ ਨਹੀਂ ਰੱਖਦਾ..!

ਅਮਰੀਕਾ ਤੋਂ ਆਈ ਇੱਕ ਮੁਟਿਆਰ.. ਦੋ ਮਹੀਨੇ ਪਹਿਲੋਂ ਦੋ ਬਜ਼ੁਰਗਾਂ ਨਾਲ ਗੱਲ ਹੋਈ.. ਉਸਦੇ ਪਿਤਾ ਜੀ ਦੇ ਹਾਣੀ ਸਨ.. ਅੱਜ ਮਿਲਣ ਆਈ ਤਾਂ ਇੱਕ ਮੁੱਕ ਗਿਆ ਸੀ.. ਦੂਜਾ ਵੀ ਮਰਨ ਕੰਢੇ.. ਆਖਣ ਲੱਗੀ ਬਾਬਾ ਜੀ ਫੇਰ ਆਵਾਂਗੀ.. ਅਗਲੇ ਸਾਲ..

ਅੱਖੀਆਂ ਵਿਚ ਪਾਣੀ ਭਰ ਲਿਆ.. ਓਦੋਂ ਤੀਕਰ ਤੇ ਮੈਂ ਮੁੱਕ ਜਾਣਾ.. ਐਤਕੀ ਸਿਆਲ ਮਸੀਂ ਕੱਢਣਾ.. ਕਈਆਂ ਨੂੰ ਕਿੰਨਾ ਸਪਸ਼ਟ ਇਹਸਾਸ ਹੁੰਦਾ.. ਕਦੋਂ ਜਾਣਾ.. ਕਦੋ ਅੱਲਾ ਹਾਫ਼ਿਜ ਆਖਣਾ!

ਕਈ ਵੇਰ ਸੋਚਦਾ ਕੈਸੀ ਨਿਰਦਈ ਰੂਹ ਹੋਵੇਗੀ ਜਿਸਨੇ ਇਹ ਲਕੀਰ ਮਾਰੀ ਹੋਵੇਗੀ.. ਪਰ ਫੇਰ ਸੋਚਦਾ ਉਸ ਨੇ ਵੀ ਤੇ ਹੁਕਮ ਹੀ ਮੰਨਿਆ ਹੋਣਾ.. ਉਤਲਿਆਂ ਦਾ.. ਰੈਡ ਕਲਿੱਫ ਨਾਮ ਦਾ ਗੋਰਾ ਸੀ.. ਵਲੈਤੋਂ ਉਚੇਚਾ ਵੰਡ ਵਾਲੀ ਲਕੀਰ ਖਿੱਚਣ ਆਇਆ ਸੀ.. ਪੈਸੇ ਵਲੈਤ ਪਰਤ ਮਿਲਣੇ ਸਨ.. ਪੂਰੇ ਪੰਝੀ ਹਜਾਰ ਪੌਂਡ.. ਪਰ ਦੱਸਦੇ ਆਖਰੀ ਮੌਕੇ ਨਾਂਹ ਕਰ ਗਿਆ ਸੀ.. ਨਹੀਂ ਚਾਹੀਦੇ.. ਜਰੂਰ ਵਾਹੀ ਲਕੀਰ ਦੇ ਦੋਵੇਂ ਪਾਸੇ ਖਿੱਲਰੀਆਂ ਲੱਖਾਂ ਲਾਸ਼ਾਂ ਦੀ ਮੁਸ਼ਕ ਸੁੰਘ ਲਈ ਹੋਣੀ.. ਲਾਸ਼ਾਂ ਦੀ ਮੁਸ਼ਕ ਸੁੰਘ ਕਈਆਂ ਦੀ ਭੁੱਖ ਮਰ ਜਾਂਦੀ ਤੇ ਕਈਆਂ ਦਾ ਲਾਲਚ..

ਪਰ ਚੜ੍ਹਦੇ ਵੱਲ ਤੇ ਇੱਕ ਦੌਰ ਐਸਾ ਵੀ ਆਇਆ ਸੀ.. ਲਾਸ਼ ਵੇਖ ਗੋਡੇ ਗੋਡੇ ਚਾਅ ਚੜ ਜਾਇਆ ਕਰਦਾ ਸੀ.. ਪ੍ਰੋਮੋਸ਼ਨ ਤਰੱਕੀਆਂ ਸ਼ਾਬਾਸ਼ੀਆਂ ਦਾ ਚਾਅ!

# ਪੰਜਾਬੀ ਫਿਲਮ ਚਰਚਾ

– ਅੰਮ੍ਰਿਤ ਪਵਾਰ



ਅੰਮ੍ਰਿਤ ਪਵਾਰ

### ਗੁਗਲੀ ਗਿੱਲ– ਪਰੀ ਫਿਰ ਮੋਹ ਲਵੇਗੀ ਪਾਲੀਵੁੱਡ

ਅੱਖੀਆਂ ਦੇ ਡੋਰੇ ਦੇਖਣ ਵਾਲੇ ਨੂੰ ਖਿੱਚ ਲੈਂਦੇ ਨੇ ਤੇ ਲਮਕੜੇ ਜਿਹੇ ਉਸਦੇ ਮੂੰਹੋਂ ਇਹੀ ਬੋਲ ਸੁਣਨ ਨੂੰ ਮਿਲਦੇ ਨੇ ਕਿ ਰੱਬ ਦੀ ਬਣਾਈ ਧਰਤੀ ਏ ਤੇ ਗੱਲ ਗੁਗਲੀ ਗਿੱਲ ਦੀ ਹੀ ਹੋ ਰਹੀ ਹੈ। ਉੱਚੀ- ਲੰਮੀ ਗੁਗਲੀ ਗਿੱਲ 2024 'ਚ ਪਰਦੇ ਤੇ ਆ ਕਿ ਪਾਲੀਵੁੱਡ ਨੂੰ ਆਪਣਾ ਦਿਵਾਨਾ ਬਣਾਉਣ ਜਾ ਰਹੀ ਹੈ। ਦੇਵੀ ਸ਼ਰਮਾ ਦੀ ਪਾਰਖੂ ਅੱਖ ਨੇ ਗੁਗਲੀ ਗਿੱਲ ਨੂੰ ਉਜੱਟੀ ਪੰਦਰਾਂ ਮੁਰੱਬਿਆਂ ਵਾਲੀ” ਦੀ ਨਾਇਕਾ ਬਣਾ ਕਿ ਜਲਦੀ ਦਰਸ਼ਕਾਂ ਨੂੰ ਦਿਖਾਉਣਾ ਹੈ। ਰੰਗ ਦੀ ਚਿੱਟੀ ਤੇ ਅਵਾਜ ਦੀ ਮਿੱਠੀ ਗੁਗਲੀ "ਜਗੀਰਾ”, ਉਰੱਬ ਦੀਆਂ ਰੱਖਾਂ” ਫ਼ਿਲਮਾਂ ਕਰ ਰਹੀ ਹੈ।

### ਖ਼ੁਸ਼ਬੋ ਸ਼ਰਬਾ ਏ ਸਾਡੀ ਏਕਤਾ ਕਪੂਰ

ਚੁਸਤ, ਤੇਜ ਤਰਾਰ ਤੇ ਦਿਮਤਗ ਗਜਬ ਦਾ ਤਾਂ ਹੀ ਖ਼ੁਸ਼ਬੋ ਸ਼ਰਮਾ ਦੇਖਦੇ-ਦੇਖਦੇ ਹੀ ਕਾਮਯਾਬ ਫ਼ਿਲਮ ਲੇਖਿਕਾ ਬਣ ਉੱਤਰੀ ਹੈ ਤੇ ਹੁਣ ਤਾਂ ਨਿਰਦੇਸ਼ਕਾ ਬਣ ਵੀ ਆਪਣੀ ਪ੍ਰਤਿਭਾ ਨਿਖਾਰ ਰਹੀ ਹੈ।

ਉਘੇ ਕੈਮਰਾਮੂਨ ਤੇ ਨਿਰਦੇਸ਼ਕ ਦੇਵੀ ਸ਼ਰਮਾ ਨੇ ਖ਼ੁਸ਼ਬੋ ਦੀ ਪ੍ਰਤਿਭਾ ਨੂੰ ਪਹਿਚਾਣ ਕਿ ਅਜਾਦ ਤੌਰ ਤੇ ਉਦੁੱਲਾ ਵੈਲੀ” ਤੇ ਹੁਣ ਉਜੱਟੀ ਪੰਦਰਾਂ ਮੁਰੱਬਿਆ ਵਾਲੀ” ਲਈ ਖ਼ੁਸ਼ਬੂ ਨੇ ਫੈਸਲੇ- ਮਸ਼ਵਰੇ ਤੇ ਸਲਾਹ ਲਾਗੂ ਕੀਤੀ ਹੈ। ਖ਼ੂਸ਼ਬੂ ਨੇ ਵੀ ਲਘੂ ਤੇ ਟੀਚਰ ਫ਼ਿਲਮਾਂ ਕਰ ਕਿ ਪਾਲੀਵੁੱਡ ਦੀ ਕਾਮਯਾਬ ਲੇਖਿਕਾ ਹੋਣ ਦਾ ਮਾਣ ਹਾਸਿਲ ਕਰ ਲਿਆ ਹੈ।

### ਸੁਸਾਨ ਹੇਵਾਰਡ ਖੇਤਰੀ ਸਿਨੇਮਾ ਦੀ ਹਕਦਾਰ ਸੀ

ਹਾਲੀਵੁੱਡ ਅਭਿਨੇਤਰੀ ਸੁਸਾਨ ਹੈਵਾਰਡ ਨਾਲ ਪੰਜਾਬੀ ਮੂਲ ਦੇ ਅਮਰੀਕਨ ਅਭਿਨੇਤਾ ਇੰਦਰ ਕੁਮਾਰ ਨੇ ਕੰਮ ਕੀਤਾ ਹੈ। "ਆਰੈਂਜ ਇਜ ਦਾ ਨਿਊ ਬਲੈਕ” ਵਾਲੀ ਸੁਸਾਨ ਕੇ ਇੰਦਰ ਨੂੰ ਕਿਹਾ ਸੀ ਕਿ ਆਪਣੀ ਮਾਂ ਬੋਲੀ ਦੇ ਸਿਨੇਮਾ ਨਾਲ ਪਿਆਰ ਕਰੋ, "ਹੈਲੋ ਟੁਮਾਰੋ” ਸੁਸਾਨ ਦੀ ਸੀਰੀਜ ਇਸ ਸਮੇਂ ਆ ਰਹੀ ਹੈ। ਉਪਾਵਰਜ” ਦੇ ਸੈੱਟ ਤੇ ਇੰਦਰ ਕੁਮਾਰ ਨੇ ਸੁਸਾਨ ਹੈਵਾਰਡ ਨੂੰ ਯਕੀਨ ਦਿਵਾਇਆ ਸੀ ਕਿ ਖੇਤਰੀ ਫ਼ਿਓਮਪ;ਲਮਾਂ ਲਈ ਉਹ ਜਰੂਰ ਸਮਾਂ ਕੱਢੇਗਾ।

### ਜੋੜੀਆਂ ਜੱਗ ਥੋੜੀਆਂ

"ਸ਼ੰਗਰਸ਼”, "ਨੇਕੀ ਵਾਂ”, "ਜਾਗੋ ਪੰਜਾਬ” ਟੈਲੀ ਫ਼ਿਲਮਾਂ ਦੇ ਲੇਖਕ ਤੇ ਨਿਰਮਾਤਾ ਮਲਕੀਤ ਸਿੰਘ ਨੇ ਹੁਣ ਵੈਬ ਸੀਰੀਜ “ਜੋੜੀਆਂ ਜੱਗ ਥੋੜੀਆਂ” ਬਨਤਉਣ ਦੀ ਯੋਜਨਾ ਬਣਾਈ ਹੈ। ਇਸ ਸਰਿਜ 'ਚ ਗਾਇਕ ਸੱਭਿਆਚਾਰਕ ਹਸਤੀਆਂ, ਕਲਾਕਰ ਤੇ ਡਾਕਟਰ ਆਦਿ ਜੋੜੀਆਂ ਦੀ ਕਾਮਯਾਬੀ ਦੀ ਕਹਾਣੀ ਹੋਇਆ ਕਰੇਗੀ। ਮਲਕੀਤ ਦਿਉਲ ਦੀ ਧਰਮਪਤੀ ਇਸ ਵੈਬ ਸੀਰੀਜ ਦੀ ਕਹਾਣੀ ਲਿਖੇਗੀ ਤੇ ਸੂਤਰਧਾਰ ਵੀ ਹੋਵੇਗੀ। ਮਲਕੀਤ ਦਿਉਲ ਦਾ ਮਕਸਦ ਇਸ ਵੈਬ ਸੀਰੀਜ ਨਾਲ ਸਮਾਜ ਦੇ ਟੁੱਟ ਰਹੇ ਰਿਸ਼ਤਿਆਂ ਨੂੰ ਜੋੜਨਾ ਹੈ।









### ਸਰਬਜੀਤ ਫੁੱਲ– ਖੁਸ਼ਬੋ ਫ਼ਿਲਮੀ ਗਾਇਕੀ ਦੀ

ਜਿਸ ਗਾਇਕ ਨੇ ਸਾਬਰ ਕੋਟੀ ਦੀ ਸੰਗੀਤ ਸੰਗਤ ਕੀਤੀ ਹੋਏ ਤੇ ਘੰਟਿਆਂ ਬੱਧੀ ਸਾਬਰਕੋਟੀ ਨਾਲ ਵਿਆਜ ਤੇ ਸੰਗੀਤ ਦੇ ਗੁਰ ਜਾਣ ਲਏ ਹੋਣ ਉਹ ਗਾਇਕ ਸਰਬਜੀਤ ਫੁੱਲ ਗਾਇਕੀ 'ਚ ਨਵੇਂ ਮੁਕਾਮ ਪ੍ਰਾਪਤ ਕਰਸਾ ਹੈ। ਭੁਪਿੰਦਰ ਬਮਰਾਹ ਤੇ ਬੀ.ਐਮ.ਪੀ. ਫ਼ਿਲਮਜ ਨੇ ਸਰਬਜੀਤ ਫੁੱਲ ਦੀ ਅਵਾਜ ਫ਼ਿਲਮੀ ਅਵਾਜ ਬਣਾਈ ਹੈ।

"ਜਿੰਦਰਾ”, "ਸੌਂਹ ਮਿੱਟੀ ਦੀ”, "ਜੱਟ ਡੋਲੀ ਨਾ”, ਮਤਲਬ ਕਿ ਪੰਜਾਬੀ ਫ਼ਿਲਮਾਂ ਦਾ ਹਰਮਨ ਪਿਆਰਾ ਗਾਇਕ ਸਰਬਜੀਤ ਫੁੱਲ ਬਣਦਾ ਜਾ ਰਿਹਾ ਹੈ। ਭਵਿੱਖ ਲਈ ਸ਼ੁਭਨਾਵਾਂ।





### ਕਰਮ ਕੌਰ ਦੇ ਨਾਲ ਗਾਏ ਪੰਮਾ ਮੱਲ੍ਹੀ

ਇਸ ਸਮੇਂ ਦੋਗਾਣਾ ਗਾਇਕੀ ਦਾ ਰਾਜਾ ਹੈ ਗਾਇਕ ਪੰਮਾ ਮੱਲ੍ਹੀ ਜਿਸ ਨਾਲ ਗੁਰਲੇਜ ਅਖਤਰ ਤੋਂ ਨੂਰ ਤੱਕ ਗਾਇਕ-ਵਾਂ ਗਾ ਕਿ ਖੁਸ਼ ਹਨ ਪਰ ਉਦਰ ਪੰਮਾ ਮੱਲ੍ਹੀ ਦੇ ਸੰਗੀਤ ਪ੍ਰਬੰਧਕ ਲੇਹਲ ਦੀ ਫੀਅਟ ਤੇ ਸਾਥ ਹੋਵੇ ਤਾਂ ਦੋਗਾਣਾ ਬਹੁਤ ਜਚੇਗਾ ਕਿਉਂਕਿ ਕਰਮ ਕੌਰ ਦੀ ਅਦਾਕਾਰੀ ਤੇ ਅੰਦਾਜ ਬਿਲਕੁਲ ਪੰਮਾ ਮੱਲ੍ਹੀ ਦੀ ਗਾਇਕੀ ਨਾਲ ਮੇਲ ਖਾਂਦੇ ਹਨ । ਪੰਮਾ ਮੱਲ੍ਹੀ ਦਾ ਫਿਲਹਾਲ ਨਵਾਂ "ਬਲਡ ਪ੍ਰੈਸ਼ਰ” ਆਉਣ ਨੂੰ ਤਿਆਰ ਹੈ।




KB USED AUTO SALES



8655 B Monterey Street Gilroy, CA 95020

Kashmiri Bhatia, Dealer/Broker 408-848-2365

50% OFF WARRANTY with Qualifying Car Purchase

IN HOUSE FINANCING AVALIABLE www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

K&K AUTO REPAIR and Car Wash

63 Muckelemi St San Juan Bautista 95045

Kashmiri Bhatia (Owner) 831-623-4702

20% OFF LABOUR on your next qualifying service

Car Care You Can Trust